Punjabi Parwaz

# ਪੰਜਾਬੀ ਪਰਵਾਜ਼

ਅੰਕ 72ਵਾਂ (ਸ਼ਿਕਾਗੋ): 14 ਫਰਵਰੀ ਤੋਂ 27 ਫਰਵਰੀ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਲੀਡਰਸ਼ਿਪ ਲਈ ਤਲਾਸ਼ ਵਿੱਚ ਭਟਕਦਾ ਪੰਜਾਬ

***ਅਸਲੀ ਵਾਰਸ ਜੇਲ੍ਹਾਂ ਵਿੱਚ; *ਕੇਂਦਰ ਸਰਕਾਰ ਦੇ ਦਲਾਲ ਸਰਗਰਮ**

**ਪੰਜਾਬੀ ਪਰਵਾਜ਼ ਬਿਊਰੋ**

ਸਿਆਸੀ ਦ੍ਰਿਸ਼ਟੀ ਤੋਂ ਪੰਜਾਬ ਇਨ੍ਹਾਂ ਦਿਨਾਂ ਵਿੱਚ ਬੇਹੱਦ ਬਿਖੜੇ ਪੈਂਡੇ ਤੈਅ ਕਰ ਰਿਹਾ ਹੈ। ਜਿਨ੍ਹਾਂ ਨੂੰ ਲੋਕ ਪਸੰਦ ਕਰਦੇ ਹਨ, ਉਨ੍ਹਾਂ ਨੂੰ ਨਾ ਤੇ ਰਾਜ ਸਰਕਾਰ ਉਠਣ ਦੇ ਰਹੀ ਹੈ ਅਤੇ ਨਾ ਹੀ ਕੇਂਦਰ ਸਰਕਾਰ ਦੀ ਉਨ੍ਹਾਂ ਵੱਲ ਮਿਹਰ ਦੀ ਨਜ਼ਰ ਹੈ; ਪਰ ਜਿਨ੍ਹਾਂ ਨੂੰ ਕੇਂਦਰ ਤੇ ਰਾਜ ਸਰਕਾਰਾਂ ਅਤੇ ਸਮੁੱਚੀ ਇੰਡੀਅਨ ਸਟੇਟ ਰਾਜ ਦੇ ਲੋਕਾਂ 'ਤੇ ਮੜ੍ਹਨ ਦਾ ਯਤਨ ਕਰ ਰਹੇ ਹਨ, ਉਹ ਪੰਜਾਬ ਦੇ ਲੋਕਾਂ ਦੇ ਨੱਕ 'ਤੇ ਨਹੀਂ ਚੜ੍ਹਦੇ। ਜਾਂ ਇਉਂ ਕਹਿ ਲਉ ਜਿਹੜੀਆਂ ਪ੍ਰਮੁੱਖ ਰਾਜਨੀਤਿਕ ਧਿਰਾਂ ਪੰਜਾਬ ਵਿੱਚ ਸੱਤਾ ਲਈ ਭਿੜ ਰਹੀਆਂ ਹਨ, ਉਨ੍ਹਾਂ ਨੂੰ ਪੰਜਾਬ ਦੇ ਲੋਕ ਚਿਰੋਕਣੇ ਪਰਤਿਆ ਚੁੱਕੇ ਹਨ।

ਸਿਰਫ ਇੱਥੇ ਹੀ ਬੱਸ ਨਹੀਂ, ਵਾਰਸ ਪੰਜਾਬ ਦੇ ਅਕਾਲੀ ਦਲ ਤੋਂ ਸਿਵਾਏ ਬਾਕੀ ਸਾਰੀਆਂ ਪਾਰਟੀਆਂ ਆਪਣੇ ਅੰਦਰ ਵੀ ਪਾਟੋਧਾੜ ਦਾ ਸ਼ਿਕਾਰ ਹਨ ਅਤੇ ਆਪਸੀ ਏਕਤਾ ਰੱਖਣ ਲਈ ਵੀ ਸੰਘਰਸ਼ ਕਰ ਰਹੀਆਂ ਹਨ। ਇੱਥੋਂ ਤੱਕ ਕਿ ਪੰਜਾਬ ਵਿੱਚ ਸੱਤਾ ਦਾ ਅਨੰਦ ਮਾਣ ਰਹੀ ਪਾਰਟੀ 'ਆਪ' ਦਾ ਅੰਦਰੂਨ ਵੀ ਤੰਦਰੁਸਤ ਨਹੀਂ ਹੈ। ਸਾਲ ਕੁ ਪਹਿਲਾਂ ਅਮਨ ਅਰੋੜਾ ਗੱਜ ਵੱਜ ਕੇ ਪੰਜਾਬ 'ਆਪ' ਦੇ ਪ੍ਰਧਾਨ ਬਣਾਏ ਗਏ। ਮਲਵਈ ਹਿੰਦੂ ਚਿਹਰਾ ਅਮਨ ਅਰੋੜ ਵੀ ਪਾਰਟੀ ਵਿੱਚ ਸਰਗਰਮ ਨਜ਼ਰ ਨਹੀਂ ਆ ਰਹੇ। ਉਨ੍ਹਾਂ ਨੂੰ ਭਾਵੇਂ ਪ੍ਰਧਾਨ ਬਣਨ ਤੋਂ ਬਾਅਦ ਕੈਬਨਿਟ ਮਨਿਸਟਰ ਵੀ ਬਣਾ ਦਿੱਤਾ ਗਿਆ ਸੀ ਅਤੇ ਕਈ ਮਹੱਤਵਪੂਰਨ ਪੋਰਟਫੋਲੀਓ ਵੀ ਦਿੱਤੇ ਗਏ ਸਨ; ਪਰ ਇਹ ਮਹਿਕਮੇ ਬਾਅਦ ਵਿੱਚ ਉਨ੍ਹਾਂ ਤੋਂ ਲੈ ਲਏ ਗਏ। ਯਾਦ ਰਹੇ, ਪੰਜਾਬ 'ਆਪ' ਦੇ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਅਮਨ ਅਰੋੜਾ ਨੇ ਇੱਕ ਸ਼ੁਕਰਾਨਾ ਯਾਤਰਾ ਵੀ ਕੀਤਾ ਸੀ, ਆਪਣੇ ਅਹੁਦੇ ਲਈ ਪੰਜਾਬ ਦੇ ਮੁੱਖ ਮੰਤਰੀ ਤੇ ਦਿੱਲੀ ਵਾਲਿਆਂ ਦਾ ਧੰਨਵਾਦ ਵੀ ਕੀਤਾ ਸੀ; ਪਰ ਹੁਣ ਲਗਦਾ ਹੈ ਕਿ ਅਮਨ ਅਰੋੜ ਤੋਂ ਵੀ ਦਿੱਲੀ ਵਾਲੀ 'ਆਪ' ਲੀਡਰਸ਼ਿੱਪ ਦਾ ਮਨ ਭਰ ਗਿਆ ਹੈ ਅਤੇ ਉਹ ਕਿਸੇ ਨਵੇਂ ਚਿਹਰੇ ਦੀ ਤਾਲਾਸ਼ ਵਿੱਚ ਹਨ। ਇਹ ਨਵਾਂ ਚਿਹਰਾ ਪੰਜਾਬ ਦੀ ਦਲਿੱਤ ਆਬਾਦੀ ਵਿੱਚੋਂ ਵੀ ਹੋ ਸਕਦਾ ਹੈ, ਜਿਸ ਦੀ ਪੰਜਾਬ ਵਿੱਚ ਆਬਾਦੀ ਤਕਰੀਬਨ 32 ਫੀਸਦੀ ਹੈ। ਇਹ ਅਨੁਪਾਤ ਦੇਸ਼ ਦੇ ਬਾਕੀ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। ਜੇ ਪਿਛਲੀ ਵਿਧਾਨ ਸਭਾ ਦੇ ਤਜਰਬੇ ਨੂੰ ਛੱਡ ਦਿੱਤਾ ਜਾਵੇ, ਜਿਸ ਵਿੱਚ 'ਆਪ' ਨੇ ਹੂੰਝਾ-ਫੇਰੂ ਜਿੱਤ ਹਾਸਲ ਕੀਤੀ ਸੀ, ਤਾਂ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਮੋਟੇ ਤੌਰ 'ਤੇ ਪੰਜਾਬ ਵਿੱਚ ਤਿੰਨ ਸਮਾਜਿਕ ਤਬਕੇ ਹਨ, ਜਿਨ੍ਹਾਂ ਦਾ ਵੋਟਿੰਗ ਬਿਹੇਵੀਅਰ ਇੱਕ ਦੂਜੇ ਨਾਲੋਂ ਵੱਖਰਾ ਹੁੰਦਾ ਹੈ। ਕਿਸੇ ਵੱਡੀ ਜਜ਼ਬਾਤੀ ਪਾਰਟੀ ਲਹਿਰ ਵਿੱਚ ਹੀ ਇਹ ਬਿਹੇਵੀਅਰ ਭੰਗ ਹੁੰਦਾ ਹੈ। ਆਮ ਹਾਲਤਾਂ ਵਿੱਚ ਇਨ੍ਹਾਂ ਤਬਕਿਆਂ ਦੀ ਬਹੁਗਿਣਤੀ ਇੱਕੋ ਪਾਸੇ ਹੀ ਵੋਟ ਪਾਉਂਦੀ ਹੈ।

ਜਿਸ ਤਰ੍ਹਾਂ ਦੇ ਅੱਜ ਪੰਜਾਬ ਵਿੱਚ ਸਿਆਸੀ ਹਾਲਾਤ ਚੱਲ ਰਹੇ ਹਨ, ਉਨ੍ਹਾਂ ਨੂੰ ਵੇਖ ਕੇ ਨਹੀਂ ਲਗਦਾ ਕਿ ਪੰਜਾਬ ਵਿੱਚ ਕਿਸੇ ਪਾਰਟੀ ਦੀ ਵੱਡੀ ਜਜ਼ਬਾਤੀ ਲਹਿਰ ਬਣ ਸਕਦੀ

⇒ ਬਾਕੀ ਸਫਾ 5 ਉਤੇ ਪੜ੍ਹੋ

## ਵਿਸ਼ਵ ਪੱਧਰੇ ਟਕਰਾਵਾਂ ਪਿੱਛੇ ਕੰਮ ਕਰਦੀ ਨਵੀਂ ਹਕੀਕਤ

**ਜਸਵੀਰ ਸਿੰਘ ਸ਼ੀਰੀ**

ਦੁਨੀਆ ਅੱਜ ਕਿਸੇ ਵੱਡੇ ਤਰਥੱਲ ਵੱਲ ਵਧ ਰਹੀ ਹੈ। ਵੇਖਣ ਨੂੰ ਇਹ ਆਰਥਿਕ ਸੋਮਿਆਂ ਅਤੇ ਸੰਸਾਰ ਰਾਜਨੀਤਿਕ ਚੌਧਰ ਦਾ ਹੀ ਮਸਲਾ ਦਿਸਦਾ ਹੈ, ਪਰ ਜਿਸ ਪਾਸੇ ਹਾਲਾਤ ਧੱਕੇ ਜਾ ਰਹੇ ਹਨ, ਜਿੰਨੀਆਂ ਵਿਸਤ੍ਰਿਤ ਸ਼ਕਤੀਆਂ ਇਸ ਉਥਲ-ਪੁਥਲ ਪਿੱਛੇ ਕੰਮ ਕਰ ਰਹੀਆਂ ਹਨ, ਉਨ੍ਹਾਂ ਦੀ ਪਛਾਣ ਕਰੇ ਬਿਨਾ ਉਹ ਲੋਕ ਅਤੇ ਕੌਮਾਂ/ਸੱਭਿਆਚਾਰ ਆਪਣੀ ਪਹਿਚਾਣ ਤੇ ਰਾਜਨੀਤਿਕ ਸਥਾਪਨਾ ਨੂੰ ਪੱਕੇ ਪੈਰੀਂ ਨਹੀਂ ਕਰ ਸਕਦੇ।

**ਸਿੱਖ ਆਪਣੇ ਆਪ ਨੂੰ ਇੱਕ ਸੱਭਿਅਤਾ ਦੇ ਤੌਰ 'ਤੇ ਪੇਸ਼ ਕਰਨ ਦੀ ਤਿਆਰੀ ਕਰਨਗੇ?**

ਜਦੋਂ ਅਮਰੀਕਾ ਅਤੇ ਇਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਿਆਸਤ ਮੁੱਖ ਤੌਰ 'ਤੇ ਦੁਨੀਆ ਦੇ ਆਰਥਕ ਸੋਮਿਆਂ 'ਤੇ ਕਾਬਜ਼ ਹੋਣ ਦੀ ਕਰੁਚੀ ਵਿਖਾਈ ਦੇ ਰਹੀ ਹੈ ਤਾਂ ਇਸ ਦੇ ਵਿਰੋਧ ਵਿੱਚ ਉਠ ਰਹੀਆਂ ਕੁਝ ਆਵਾਜ਼ਾਂ ਕਦੀ ਕਦੀ ਵਧੇਰੇ ਪਾਵਨ ਅਤੇ ਸੱਭਿਆਚਾਰਕ/ਸੱਭਿਆਤਮਕ ਵਿਖਾਈ ਦੇ ਰਹੀਆਂ ਹਨ। ਵਿਸ਼ੇਸ਼ ਕਰਕੇ ਇਰਾਨ ਅਤੇ ਚੀਨ ਨਾਲ ਝਗੜੇ ਦਾ ਜਵਾਬ ਟਰੰਪ ਨੂੰ ਆਪਣੀ ਹੋਂਦ ਦੇ ਸੱਭਿਆਤਮਕ ਸੰਦਰਭਾਂ ਵਿੱਚੋਂ ਮਿਲ ਰਿਹਾ ਹੈ। ਜੇ ਜ਼ਿਆਦਾ ਸਹੀ ਅਤੇ ਉਘੜਵੇਂ ਰੂਪ ਵਿੱਚ ਵੇਖਣਾ ਹੋਵੇ ਤਾਂ ਇਰਾਨ ਦਾ ਅਮਰੀਕੀ ਸੰਭਾਵਤ ਹਮਲੇ ਵਿਰੁੱਧ ਜਵਾਬ ਮੂਲ ਰੂਪ ਵਿੱਚ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਹੋਂਦ ਹਸਤੀ ਨੂੰ ਖਤਰੇ ਦੇ ਨੁਕਤੇ ਤੋਂ ਮਿਲ ਰਿਹਾ ਹੈ। ਉਂਝ ਅਜਿਹੇ ਝਗੜੇ ਸਾਰੀ ਦੁਨੀਆ ਵਿੱਚ ਉੱਠ ਰਹੇ ਹਨ ਅਤੇ ਆਪਣਾ ਨਿਵੇਕਲਾ ਰੰਗ ਰੂਪ ਅਖਤਿਆਰ ਕਰ ਰਹੇ ਹਨ।

ਇਸੇ ਪਰਿਪੇਖ ਵਿੱਚ ਅਸੀਂ ਜੇ ਪੰਜਾਬ/ਸਿੱਖ ਮਸਲੇ ਨੂੰ ਵੇਖੀਏ ਤਾਂ ਇਸ ਦੀ ਨਿਰੀ ਆਰਥਿਕ-ਸਿਆਸੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਦੇ ਸੱਭਿਆਚਾਰਕ ਅਤੇ ਸਿਵੇਲਾਈਜੇਸ਼ਨਲ ਪੱਖ ਵੀ ਹਨ, ਜਿਹੜੇ ਇਸ ਦੀ ਸਮੁੱਚੀ (ਹੋਲਿਸਟਿਕ) ਹੋਂਦ ਦਾ ਸਵਾਲ ਬਣ ਜਾਂਦੇ ਹਨ। ਸੱਭਿਆਤਮਕ ਸਵਾਲਾਂ ਵਿੱਚ ਮਨੁੱਖ ਦੇ ਆਰਥਕ ਸਮਾਜਕ ਸਵਾਲਾਂ ਦੇ ਨਾਲ ਨਾਲ ਉਸ ਦੇ ਅਧਿਆਤਮਕ ਜਾਂ ਕਹਿ ਲਓ ਮਿਸਟੀਕਲ ਸਵਾਲਾਂ ਨੂੰ ਵੀ ਸੰਬੋਧਨ ਹੋਇਆ ਜਾਂਦਾ। ਪੰਜਾਬ ਵਿੱਚ ਕੰਮ ਕਰਦੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ ਪੰਜਾਬ ਸਮੱਸਿਆ ਦੇ ਸਿਰਫ ਆਰਥਿਕ ਪੱਖ ਨੂੰ ਪੇਸ਼ ਕਰਦੀਆਂ ਹਨ, ਜਿਹੜਾ ਇਸ ਮਸਲੇ ਦਾ ਇੱਕ ਜੁਜ਼ ਮਾਤਰ ਹੈ। ਸ਼ਾਇਦ ਇਹ ਇਸੇ ਕਰਕੇ ਹੈ ਕਿ ਮਾਮਲੇ ਦੇ ਸਿਆਸੀ ਅਤੇ ਸੱਭਿਆਚਾਰਕ ਪੱਖਾਂ ਨੂੰ ਉਹ ਅਕਸਰ ਵੀ ਅਣਗੌਲਿਆ ਕਰ ਜਾਂਦੀਆਂ ਹਨ। ਮਸਲਨ ਫਲਿਸਤੀਨ ਅਤੇ ਇਜ਼ਰਾਇਲ ਦੇ ਟਕਰਾਅ ਦਾ ਮਸਲਾ ਮੱਧ ਏਸ਼ੀਆ ਵਿੱਚ ਆਰਥਿਕ ਸਿਆਸੀ ਚੌਧਰ ਦਾ ਮਸਲਾ ਹੀ ਨਹੀਂ ਹੈ, ਸਗੋਂ ਇੱਥੇ ਦੋਹਾਂ ਧਿਰਾਂ ਵਿਚਾਲੇ ਆਪੋ-ਆਪਣੀ ਸੱਭਿਆਤਮਕ/ਸੱਭਿਆਚਾਰਕ ਹੋਂਦ ਦੇ ਸਵਾਲ ਲਈ ਵੀ ਲੜ ਰਹੀਆਂ ਹਨ। ਸੱਭਿਆਚਾਰਕ ਜਾਂ ਸੱਭਿਆਤਮਕ ਉਸਾਰ ਅਕਸਰ ਹੀ ਕਿਸੇ ਕੌਮ ਜਾਂ ਭਾਈਚਾਰੇ ਦੇ ਰੂਹਾਨੀ ਜਾਂ ਅਧਿਆਤਮਕ ਸਰੋਕਾਰਾਂ ਨਾਲ ਵੀ ਜਾ ਜੁੜਦੇ ਹਨ।

ਇੱਕ ਚਲੰਤ ਦ੍ਰਿਸ਼ਟੀ ਤੋਂ ਵੇਖਿਆਂ ਇਹ ਦਲੀਲਾਂ ਸਹੀ ਹਨ ਕਿ ਸਾਰੇ ਮਨੁੱਖ ਇੱਕ ਹੀ 'ਮਿੱਟੀ' ਦੇ ਬਣੇ ਹਨ, ਪਰ ਇਹ ਇਸ ਤੋਂ ਵੱਡੀ ਸੱਚਾਈ ਇਹ ਹੈ ਕਿ ਕੁਦਰਤ ਨੇ ਹਰ ਮਨੁੱਖ/ਮਨੁੱਖੀ ਭਾਈਚਾਰੇ ਜਾਂ ਕੌਮ ਨੂੰ ਕਿਸੇ ਖਾਸ ਮਕਸਦ ਨੂੰ ਪੂਰਾ ਕਰਨ ਲਈ ਵੱਖੋ-ਵੱਖਰਾ ਸਾਜਿਆ ਹੈ। ਇਹ

⇒ ਬਾਕੀ ਸਫਾ 5 ਉਤੇ ਪੜ੍ਹੋ









## ਐਪਸਟੀਨ ਫ਼ਾਈਲਾਂ

# ਸੱਤਾ, ਸੈਕਸ, ਅਪਰਾਧ, ਸਾਜ਼ਿਸ਼ਾਂ ਅਤੇ ਦੁਨੀਆਵੀ ਸਿਆਸਤ ਦਾ ਖ਼ੌਫ਼ਨਾਕ ਜਾਲ਼

***ਛੇ ਸਾਲ ਪਿੱਛੋਂ ਵੀ ਜੇਫ਼ਰੀ ਐਪਸਟੀਨ ਕਿਉਂ ਹਿਲਾ ਰਿਹਾ ਹੈ ਵ੍ਹਾਈਟ ਹਾਊਸ ਤੋਂ ਦੁਨੀਆ ਭਰ ਦੀ ਸਿਆਸਤ?**

ਪੰਜਾਬੀ ਪਰਵਾਜ਼ ਬਿਊਰੋ

ਅਮਰੀਕੀ ਯੌਨ ਅਪਰਾਧੀ ਅਤੇ ਮਨੁੱਖੀ ਤਸਕਰੀ ਦੇ ਦੋਸ਼ੀ ਜੇਫ਼ਰੀ ਐਪਸਟੀਨ ਦੀ ਮੌਤ ਨੂੰ ਛੇ ਸਾਲ ਹੋ ਚੁੱਕੇ ਹਨ, ਪਰ ਉਸਦਾ ਨਾਮ, ਉਸਦਾ ਪਰਛਾਵਾਂ ਅਤੇ ਉਸ ਨਾਲ ਜੁੜੀਆਂ ਫ਼ਾਈਲਾਂ ਅਜੇ ਵੀ ਦੁਨੀਆ ਭਰ ਦੀ ਸਿਆਸਤ ਤੇ ਸੱਤਾ ਦੇ ਸਭ ਤੋਂ ਉੱਚੇ ਕੇਂਦਰਾਂ ਵਿੱਚ ਭੂਚਾਲ ਪੈਦਾ ਕਰ ਰਹੀਆਂ ਹਨ। ਹਾਲ ਹੀ ਵਿੱਚ ਅਮਰੀਕੀ ਨਿਆਂ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ 'ਐਪਸਟੀਨ ਫ਼ਾਈਲਾਂ' ਨੇ ਇੱਕ ਵਾਰ ਫਿਰ ਇਹ ਸਵਾਲ ਕੇਂਦਰ ਵਿੱਚ ਲੈ ਆਂਦਾ ਹੈ ਕਿ ਕੀ ਇਹ ਮਾਮਲਾ ਸਿਰਫ਼ ਇੱਕ ਅਪਰਾਧੀ ਤੱਕ ਸੀਮਤ ਸੀ ਜਾਂ ਫਿਰ ਇਸ ਦੇ ਪਿੱਛੇ ਸੱਤਾ, ਪੈਸੇ ਅਤੇ ਸਿਆਸਤ ਦਾ ਕੋਈ ਕੌਮਾਂਤਰੀ ਜਾਲ਼ ਕੰਮ ਕਰ ਰਿਹਾ ਸੀ!

ਐਪਸਟੀਨ ਕੋਈ ਆਮ ਅਪਰਾਧੀ ਨਹੀਂ ਸੀ। ਉਹ ਅਰਬਪਤੀ ਸੀ, ਅਮਰੀਕੀ ਅਤੇ ਯੂਰਪੀ ਐਲੀਟ ਦਾ ਹਿੱਸਾ ਸੀ, ਰਾਸ਼ਟਰਪਤੀਆਂ, ਸ਼ਾਹੀ ਘਰਾਣਿਆਂ, ਉਦਯੋਗਪਤੀਆਂ ਅਤੇ ਫ਼ਿਲਮ ਸਿਤਾਰਿਆਂ ਤੱਕ ਉਸਦੀ ਪਹੁੰਚ ਸੀ। ਉਸਦੀ ਜ਼ਿੰਦਗੀ ਅਤੇ ਮੌਤ- ਦੋਵੇਂ ਇਸ ਗੱਲ ਦਾ ਪ੍ਰਤੀਕ ਬਣ ਗਈਆਂ ਹਨ ਕਿ ਆਧੁਨਿਕ ਲੋਕਤੰਤਰ ਵਿੱਚ ਸੱਚ ਤੇ ਇਨਸਾਫ਼ ਕਿਵੇਂ ਅਕਸਰ ਤਾਕਤ ਅੱਗੇ ਝੁਕ ਜਾਂਦੇ ਹਨ।

2019 ਵਿੱਚ ਜਦੋਂ ਜੇਫ਼ਰੀ ਐਪਸਟੀਨ 'ਤੇ ਨਾਬਾਲਿਗ ਲੜਕੀਆਂ ਦੀ ਅੰਤਰਰਾਸ਼ਟਰੀ ਤਸਕਰੀ ਅਤੇ ਯੌਨ ਸ਼ੋਸ਼ਣ ਦਾ ਵੱਡਾ ਕੇਸ ਦਰਜ ਹੋਇਆ ਤਾਂ ਦੁਨੀਆ ਨੂੰ ਲੱਗਿਆ ਕਿ ਹੁਣ ਸੱਚ ਸਾਹਮਣੇ ਆਵੇਗਾ। ਪਰ ਨਿਊ ਯਾਰਕ ਦੀ ਉੱਚ-ਸੁਰੱਖਿਆ ਜੇਲ੍ਹ ਵਿੱਚ ਟਰਾਇਲ ਤੋਂ ਪਹਿਲਾਂ ਹੀ ਐਪਸਟੀਨ ਦੀ ਮੌਤ ਹੋ ਗਈ। ਸਰਕਾਰੀ ਤੌਰ 'ਤੇ ਇਸਨੂੰ ਆਤਮਹੱਤਿਆ ਕਿਹਾ ਗਿਆ, ਪਰ ਅਸਾਧਾਰਣ ਹਾਲਾਤਾਂ- ਸੀ.ਸੀ.ਟੀ.ਵੀ. ਕੈਮਰਿਆਂ ਦਾ ਖ਼ਰਾਬ ਹੋਣਾ, ਗਾਰਡਾਂ ਦੀ ਨਿਗਰਾਨੀ ਵਿੱਚ ਲਾਪਰਵਾਹੀ; ਨੇ ਲੋਕਾਂ ਦੇ ਮਨ ਵਿੱਚ ਡੂੰਘਾ ਸ਼ੱਕ ਪੈਦਾ ਕਰ ਦਿੱਤਾ।

### ਡਾਟਾ ਦਾ ਪਹਾੜ ਅਤੇ ਚੋਣਵੇਂ ਖ਼ੁਲਾਸੇ

ਅਮਰੀਕੀ ਨਿਆਂ ਵਿਭਾਗ ਦੇ 2025 ਦੇ ਇੱਕ ਅੰਦਰੂਨੀ ਮੈਮੋ ਮੁਤਾਬਕ ਐਫ਼.ਬੀ.ਆਈ. ਕੋਲ ਐਪਸਟੀਨ ਮਾਮਲੇ ਨਾਲ ਜੁੜਿਆ 300 ਗੀਗਾਬਾਈਟ ਤੋਂ ਵੱਧ ਡਾਟਾ ਮੌਜੂਦ ਹੈ। ਇਹ ਡਾਟਾ ਸਿਰਫ਼ ਅਪਰਾਧ ਦੀ ਕਹਾਣੀ ਨਹੀਂ ਦੱਸਦਾ, ਸਗੋਂ ਉਸ ਸਮਾਜਿਕ ਅਤੇ ਰਾਜਨੀਤਿਕ ਢਾਂਚੇ ਨੂੰ ਵੀ ਬੇਨਕਾਬ ਕਰਦਾ ਹੈ, ਜਿਸਨੇ ਅਜਿਹੇ ਅਪਰਾਧ ਨੂੰ ਸਾਲਾਂ ਤੱਕ ਫ਼ਲਣ-ਫ਼ੈਲਣ ਦਿੱਤਾ।

ਪਰ ਸਵਾਲ ਇਹ ਹੈ ਕਿ ਜਦੋਂ ਇੰਨਾ ਵੱਡਾ ਡਾਟਾ ਮੌਜੂਦ ਹੈ ਤਾਂ ਜਨਤਕ ਤੌਰ 'ਤੇ ਸਿਰਫ਼ ਕੁਝ ਹਿੱਸੇ ਹੀ ਕਿਉਂ ਜਾਰੀ ਕੀਤੇ ਗਏ ਹਨ? ਆਲੋਚਕਾਂ ਦਾ ਕਹਿਣਾ ਹੈ ਕਿ ਇਹ 'ਕੰਟਰੋਲਡ ਟਰਾਂਸਪਰੈਂਸੀ' ਹੈ- ਜਿੱਥੇ ਸੱਚ ਨੂੰ ਪੂਰੀ ਤਰ੍ਹਾਂ ਨਹੀਂ, ਸਗੋਂ ਸਿਆਸੀ ਲੋੜ ਮੁਤਾਬਕ ਸਾਹਮਣੇ ਲਿਆਂਦਾ ਜਾਂਦਾ ਹੈ। ਕਾਨੂੰਨ ਪੀੜਤਾਂ ਦੀ ਪਛਾਣ ਬਚਾਉਣ ਦੀ ਗੱਲ ਕਰਦਾ ਹੈ, ਪਰ ਆਲੋਚਕ ਪੁੱਛਦੇ ਹਨ ਕਿ ਕੀ ਇਹੀ ਕਾਨੂੰਨ ਤਾਕਤਵਰ ਲੋਕਾਂ ਦੀ ਰੱਖਿਆ ਦਾ ਹਥਿਆਰ ਵੀ ਬਣ ਰਿਹਾ ਹੈ?

### ਅਮਰੀਕੀ ਰਾਜਨੀਤੀ, ਟਰੰਪ ਤੇ ਦੋਹਰਾ ਦਬਾਅ

ਡੋਨਾਲਡ ਟਰੰਪ ਦਾ ਨਾਮ ਐਪਸਟੀਨ ਮਾਮਲੇ ਵਿੱਚ ਸਭ ਤੋਂ ਵੱਧ ਚਰਚਿਤ ਰਿਹਾ ਹੈ। ਇੱਕ ਪਾਸੇ ਉਨ੍ਹਾਂ ਨੇ ਫ਼ਾਈਲਾਂ ਜਨਤਕ ਕਰਨ ਦੀ ਪ੍ਰਕਿਰਿਆ ਨੂੰ ਮਨਜ਼ੂਰੀ ਦਿੱਤੀ, ਦੂਜੇ ਪਾਸੇ ਉਹ ਇਹ ਦਾਅਵਾ ਵੀ ਕਰਦੇ ਰਹੇ ਕਿ ਇਹ ਸਭ ਉਨ੍ਹਾਂ ਨੂੰ ਰਾਜਨੀਤਿਕ ਤੌਰ 'ਤੇ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ ਹੈ। ਰਿਪਬਲਿਕਨ ਪਾਰਟੀ ਅਤੇ 'ਮਾਗਾ' ਅੰਦੋਲਨ ਦੇ ਦਬਾਅ ਹੇਠ ਸੰਸਦ ਨੇ ਨਿਆਂ ਵਿਭਾਗ ਨੂੰ ਫ਼ਾਈਲਾਂ ਜਾਰੀ ਕਰਨ ਲਈ ਮਜਬੂਰ ਕੀਤਾ।

ਵ੍ਹਾਈਟ ਹਾਊਸ ਨੇ ਕਈ ਰਿਪੋਰਟਾਂ ਨੂੰ 'ਫ਼ਰਜ਼ੀ' ਕਹਿ ਕੇ ਰੱਦ ਕੀਤਾ, ਪਰ ਅੰਤਰਰਾਸ਼ਟਰੀ ਖ਼ਬਰ ਏਜੰਸੀਆਂ ਦਾ ਕਹਿਣਾ ਹੈ ਕਿ ਕਈ ਤੱਥਾਂ ਤੋਂ ਸਿੱਧਾ ਇਨਕਾਰ ਵੀ ਨਹੀਂ ਕੀਤਾ ਗਿਆ। ਇਹ ਹਾਲਤ ਅਮਰੀਕੀ ਲੋਕਤੰਤਰ ਦੇ ਉਸ ਸੰਕਟ ਨੂੰ ਦਰਸਾਉਂਦੀ ਹੈ, ਜਿੱਥੇ ਕਾਨੂੰਨ ਅਤੇ ਰਾਜਨੀਤੀ ਆਪਸ ਵਿੱਚ ਟਕਰਾਅ ਰਹੇ ਹਨ।

### ਵੱਡੇ ਨਾਮ, ਵੱਡੀ ਚੁੱਪ

ਜਨਤਕ ਹੋਈਆਂ ਫ਼ਾਈਲਾਂ ਵਿੱਚ ਬਿਲ ਕਲਿੰਟਨ, ਪ੍ਰਿੰਸ ਐਂਡਰੂ, ਮਾਈਕਲ ਜੈਕਸਨ, ਐਲਨ ਮਸਕ ਅਤੇ ਬਿਲ ਗੇਟਸ ਵਰਗੇ ਨਾਮਾਂ ਦਾ ਜ਼ਿਕਰ ਆਉਣਾ ਇਸ ਮਾਮਲੇ ਨੂੰ ਹੋਰ ਸੰਵੇਦਨਸ਼ੀਲ ਬਣਾਉਂਦਾ ਹੈ। ਇਨ੍ਹਾਂ ਵਿੱਚੋਂ ਬਹੁਤਿਆਂ ਨੇ ਸਪਸ਼ਟ ਤੌਰ 'ਤੇ ਗ਼ਲਤ ਕੰਮਾਂ ਤੋਂ ਇਨਕਾਰ ਕੀਤਾ ਹੈ। ਕਾਨੂੰਨੀ ਮਾਹਿਰ ਇਹ ਗੱਲ ਦੋਹਰਾਉਂਦੇ ਹਨ ਕਿ ਕਿਸੇ ਦਾ ਨਾਮ ਆਉਣਾ ਅਪਰਾਧ ਦਾ ਸਬੂਤ ਨਹੀਂ ਹੁੰਦਾ, ਪਰ ਇਹ ਵੀ ਸੱਚ ਹੈ ਕਿ ਇੰਨੇ ਵੱਡੇ ਨਾਮਾਂ ਨਾਲ ਜੁੜੀ ਚੁੱਪ ਆਪਣੇ ਆਪ ਵਿੱਚ ਕਈ ਸਵਾਲ ਪੈਦਾ ਕਰਦੀ ਹੈ।

### ਭਾਰਤ ਨਾਲ ਜੁੜਿਆ ਸੰਵੇਦਨਸ਼ੀਲ ਪੱਖ


ਐਪਸਟੀਨ ਫ਼ਾਈਲਾਂ ਵਿੱਚ ਭਾਰਤ ਨਾਲ ਜੁੜੇ ਹਵਾਲੇ ਸਭ ਤੋਂ ਵੱਧ ਚਰਚਾ ਦਾ ਕੇਂਦਰ ਬਣੇ। ਕੁਝ ਈਮੇਲਾਂ ਤੇ ਸੁਨੇਹਿਆਂ ਵਿੱਚ ਦਾਅਵਾ ਕੀਤਾ ਗਿਆ ਕਿ 2017 ਤੋਂ 2019 ਦਰਮਿਆਨ ਐਪਸਟੀਨ ਅਤੇ ਉਦਯੋਗਪਤੀ ਅਨਿਲ ਅੰਬਾਨੀ ਵਿਚਕਾਰ ਸੰਪਰਕ ਸੀ ਤੇ ਉਨ੍ਹਾਂ ਗੱਲਾਂਬਾਤਾਂ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕੀ ਯਾਤਰਾ ਅਤੇ ਕੂਟਨੀਤੀ ਦਾ ਜ਼ਿਕਰ ਆਇਆ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਦਾਅਵਿਆਂ ਨੂੰ ਸਖ਼ਤੀ ਨਾਲ ਰੱਦ ਕਰਦਿਆਂ ਕਿਹਾ ਕਿ ਇਹ ਇੱਕ ਦੋਸ਼ੀ ਅਪਰਾਧੀ ਦੀ ਕਲਪਨਾ ਤੋਂ ਵੱਧ ਕੁਝ ਨਹੀਂ।

### ਲੋਕਤੰਤਰ, ਅਵਿਸ਼ਵਾਸ ਅਤੇ ਅਧੂਰਾ ਸੱਚ

ਐਪਸਟੀਨ ਮਾਮਲੇ ਨੇ ਦੁਨੀਆ ਭਰ ਵਿੱਚ ਲੋਕਾਂ ਦਾ ਨਿਆਂ ਪ੍ਰਣਾਲੀ ਤੋਂ ਭਰੋਸਾ ਹਿਲਾ ਦਿੱਤਾ ਹੈ। ਇਹ ਕੇਸ ਸਿਰਫ਼ ਯੌਨ ਅਪਰਾਧ ਦੀ ਕਹਾਣੀ ਨਹੀਂ, ਸਗੋਂ ਇਹ ਉਸ ਸਿਸਟਮ ਦੀ ਨੰਗੀ ਤਸਵੀਰ ਹੈ, ਜਿੱਥੇ ਤਾਕਤਵਰ ਲੋਕ ਅਕਸਰ ਕਾਨੂੰਨ ਤੋਂ ਉੱਪਰ ਨਜ਼ਰ ਆਉਂਦੇ ਹਨ। ਸਾਜ਼ਿਸ਼ੀ ਥਿਊਰੀਆਂ ਇਸੀ ਅਣਵਿਸ਼ਵਾਸ ਤੋਂ ਜਨਮ ਲੈਂਦੀਆਂ ਹਨ।

### ਸਾਇਆ ਜੋ ਮਰਦਾ ਨਹੀਂ

ਜੇਫ਼ਰੀ ਐਪਸਟੀਨ ਮਰ ਗਿਆ ਹੈ, ਪਰ ਉਸਦਾ ਸਾਇਆ ਅਜੇ ਵੀ ਵ੍ਹਾਈਟ ਹਾਊਸ ਤੋਂ ਲੈ ਕੇ ਸੰਸਾਰ ਭਰ ਦੇ 'ਵੱਡੇ ਲੋਕਾਂ' ਤੱਕ ਮੰਡਰਾ ਰਿਹਾ ਹੈ। ਐਪਸਟੀਨ ਫ਼ਾਈਲਾਂ ਸਾਨੂੰ ਇਹ ਯਾਦ ਦਿਵਾਉਂਦੀਆਂ ਹਨ ਕਿ ਲੋਕਤੰਤਰ ਵਿੱਚ ਸੱਚ ਕਦੇ ਵੀ ਆਪਣੇ ਆਪ ਸਾਹਮਣੇ ਨਹੀਂ ਆਉਂਦਾ; ਉਸਨੂੰ ਲਗਾਤਾਰ ਪੁੱਛਗਿੱਛ, ਦਬਾਅ ਅਤੇ ਜਾਗਰੂਕਤਾ ਦੀ ਲੋੜ ਹੁੰਦੀ ਹੈ। ਸਵਾਲ ਇਹ ਨਹੀਂ ਕਿ ਐਪਸਟੀਨ ਕੌਣ ਸੀ, ਸਵਾਲ ਇਹ ਹੈ ਕਿ ਕੀ ਅਸੀਂ ਉਸ ਵਰਗੇ ਮਾਮਲਿਆਂ ਤੋਂ ਕੁਝ ਸਿੱਖਾਂਗੇ ਵੀ ਜਾਂ ਨਹੀਂ?




### ਐਪਸਟੀਨ ਫ਼ਾਈਲਾਂ ਕੀ ਹਨ?

'ਐਪਸਟੀਨ ਫ਼ਾਈਲਾਂ' ਅਸਲ ਵਿੱਚ ਉਹ ਹਜ਼ਾਰਾਂ ਦਸਤਾਵੇਜ਼ ਹਨ, ਜਿਨ੍ਹਾਂ ਵਿੱਚ ਈਮੇਲਾਂ, ਟੈਕਸਟ ਮੈਸੇਜ, ਫ਼ਲਾਈਟ ਲਾਗ, ਫ਼ੋਟੋਗ੍ਰਾਫ਼, ਗਵਾਹੀਆਂ ਅਤੇ ਤਫ਼ਤੀਸ਼ੀ ਰਿਕਾਰਡ ਸ਼ਾਮਲ ਹਨ। ਇਹ ਸਮੱਗਰੀ 2008 ਅਤੇ 2019 ਦੀਆਂ ਦੋ ਵੱਡੀਆਂ ਜਾਂਚਾਂ ਦੌਰਾਨ ਇਕੱਠੀ ਕੀਤੀ ਗਈ ਸੀ। 2008 ਵਿੱਚ ਫ਼ਲੋਰਿਡਾ ਵਿੱਚ ਇੱਕ ਨਾਬਾਲਿਗ ਲੜਕੀ ਨਾਲ ਯੌਨ ਦੁਰਵਿਹਾਰ ਦੇ ਮਾਮਲੇ ਵਿੱਚ ਐਪਸਟੀਨ ਦੋਸ਼ੀ ਸਾਬਤ ਹੋਇਆ, ਪਰ ਉਸਨੂੰ ਮਿਲੀ ਹੈਰਾਨੀਜਨਕ ਤੌਰ 'ਤੇ ਹਲਕੀ ਸਜ਼ਾ ਨੇ ਉਸ ਸਮੇਂ ਹੀ ਕਾਨੂੰਨੀ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਸਨ।

# ਚੀਨ ਦੀ ਨਿਊਕਲੀਅਰ ਰਾਕੇਟ ਫੋਰਸ 'ਚ ਭ੍ਰਿਸ਼ਟਾਚਾਰ ਦਾ ਧਮਾਕਾ

***ਪਾਣੀ ਨਾਲ ਭਰੀਆਂ ਮਿਜ਼ਾਈਲਾਂ, ਨਾ ਖੁੱਲ੍ਹਣ ਵਾਲੇ ਸਾਈਲੋ ਅਤੇ ਸ਼ੀ ਜਿਨਪਿੰਗ ਦੀ ਵੱਡੀ ਫ਼ੌਜੀ ਸਫ਼ਾਈ**
***ਅਮਰੀਕੀ ਖ਼ੁਫ਼ੀਆ ਰਿਪੋਰਟ ਦਾ ਹੈਰਾਨ ਕਰਨ ਵਾਲਾ ਖ਼ੁਲਾਸਾ**

ਪੰਜਾਬੀ ਪਰਵਾਜ਼ ਬਿਊਰੋ

ਹੁਣੇ ਜਿਹੇ ਅਮਰੀਕੀ ਖੁਫੀਆ ਏਜੰਸੀਆਂ ਦੀ ਇੱਕ ਰਿਪੋਰਟ ਦੇ ਹਵਾਲੇ ਨਾਲ ਸਾਹਮਣੇ ਆਏ ਖੁਲਾਸਿਆਂ ਨੇ ਦੁਨੀਆ ਭਰ ਦੇ ਸੁਰੱਖਿਆ ਅਤੇ ਜਿਓਪਾਲੀਟਿਕ ਮਾਹਿਰਾਂ ਨੂੰ ਹੈਰਾਨ ਕਰ ਦਿੱਤਾ ਹੈ। ਬ੍ਰਿਟੇਨ ਦੇ ਅਖ਼ਬਾਰ 'ਦ ਟੈਲੀਗ੍ਰਾਫ', 'ਬਲੂਮਬਰਗ' ਅਤੇ ਹੋਰ ਪੱਛਮੀ ਸਰੋਤਾਂ ਮੁਤਾਬਕ ਚੀਨ ਦੀ ਸਭ ਤੋਂ ਤਾਕਤਵਰ ਮੰਨੇ ਜਾਣ ਵਾਲਾ ਫ਼ੌਜੀ ਯੂਨਿਟ-'ਪੀਪਲਜ਼ ਲਿਬਰੇਸ਼ਨ ਆਰਮੀ ਰਾਕੇਟ ਫੋਰਸ' ਗੰਭੀਰ ਭ੍ਰਿਸ਼ਟਾਚਾਰ ਦੀ ਲਪੇਟ ਵਿੱਚ ਹੈ। ਇਹ ਉਹੀ ਰਾਕੇਟ ਫੋਰਸ ਹੈ, ਜਿਸ 'ਤੇ ਚੀਨ ਦੇ ਨਿਊਕਲੀਅਰ ਹਥਿਆਰਾਂ ਅਤੇ ਦੂਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦੀ ਪੂਰੀ ਜ਼ਿੰਮੇਵਾਰੀ ਹੈ।

**ਫਿਊਲ ਦੀ ਥਾਂ ਪਾਣੀ:** ਨਿਊਕਲੀਅਰ ਮਿਜ਼ਾਈਲਾਂ 'ਤੇ ਵੱਡਾ ਸਵਾਲ ਰਿਪੋਰਟ ਵਿੱਚ ਕੀਤੇ ਗਏ ਦਾਅਵੇ ਸਿਰਫ਼ ਕਾਗਜ਼ੀ ਜਾਂ ਪ੍ਰਸ਼ਾਸਨਿਕ ਗੜਬੜਾਂ ਤੱਕ ਸੀਮਤ ਨਹੀਂ ਹਨ, ਸਗੋਂ ਇਹ ਚੀਨ ਦੀ ਫ਼ੌਜੀ ਤਾਕਤ ਦੀ ਅਸਲ ਹਕੀਕਤ ਨੂੰ ਬੇਨਕਾਬ ਕਰਦੇ ਹਨ। ਅਮਰੀਕੀ ਇੰਟੈਲੀਜੈਂਸ ਮੁਤਾਬਕ ਪੱਛਮੀ ਚੀਨ ਵਿੱਚ ਤਾਇਨਾਤ ਕਈ ਨਿਊਕਲੀਅਰ ਮਿਜ਼ਾਈਲਾਂ ਦੇ ਅੰਦਰ ਫਿਊਲ ਦੀ ਥਾਂ ਪਾਣੀ ਭਰਿਆ ਹੋਇਆ ਮਿਲਿਆ। ਮਿਜ਼ਾਈਲ ਵਰਗੇ ਅਤਿ ਸੰਵੇਦਨਸ਼ੀਲ ਹਥਿਆਰਾਂ ਵਿੱਚ ਅਜਿਹੀ ਲਾਪਰਵਾਹੀ ਜਾਂ ਜਾਣ-ਬੁੱਝ ਕੇ ਕੀਤੀ ਗਈ ਧੋਖਾਧੜੀ ਸਿਰਫ਼ ਭ੍ਰਿਸ਼ਟਾਚਾਰ ਦੀ ਸਿਖ਼ਰਲੀ ਹੱਦ ਹੀ ਨਹੀਂ ਦਿਖਾਉਂਦੀ, ਸਗੋਂ ਇਹ ਵੀ ਸਵਾਲ ਖੜ੍ਹੇ ਕਰਦੀ ਹੈ ਕਿ ਜੰਗੀ ਹਾਲਾਤ ਵਿੱਚ ਇਹ ਹਥਿਆਰ ਅਸਲ ਵਿੱਚ ਕੰਮ ਕਰਨ ਜੋਗੇ ਵੀ ਹਨ ਜਾਂ ਨਹੀਂ!

### ਨਾ ਖੁੱਲ੍ਹਣ ਵਾਲੇ ਸਾਈਲੋ ਅਤੇ ਜੰਗੀ ਤਿਆਰੀਆਂ ਦੀ ਨਾਕਾਮੀ

ਇਸ ਤੋਂ ਇਲਾਵਾ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਿਜ਼ਾਈਲ ਲਾਂਚ ਕਰਨ ਲਈ ਜ਼ਮੀਨ ਹੇਠਾਂ ਬਣਾਏ ਗਏ ਕਈ ਸਾਈਲੋ ਇੰਨੇ ਘੱਟ ਦਰਜੇ ਦੇ ਮਾਲ ਨਾਲ ਅਤੇ ਲਾਪਰਵਾਹੀ ਨਾਲ ਤਿਆਰ ਕੀਤੇ ਗਏ ਕਿ ਉਨ੍ਹਾਂ ਦੇ ਢੱਕਣ ਠੀਕ ਤਰ੍ਹਾਂ ਖੁੱਲ੍ਹ ਵੀ ਨਹੀਂ ਸਕਦੇ। ਯਾਨੀ ਜੇ ਕਦੇ ਅਚਾਨਕ ਜੰਗ ਦੀ ਸਥਿਤੀ ਬਣ ਜਾਵੇ ਤਾਂ ਮਿਜ਼ਾਈਲ ਲਾਂਚ ਕਰਨਾ ਅਸੰਭਵ ਹੋ ਸਕਦਾ ਹੈ। ਰੱਖਿਆ ਮਾਹਿਰਾਂ ਦੇ ਅਨੁਸਾਰ ਇਹ ਗਲਤੀਆਂ ਸਾਧਾਰਣ ਤਕਨੀਕੀ ਖ਼ਾਮੀਆਂ ਨਹੀਂ, ਸਗੋਂ ਲੰਮੇ ਸਮੇਂ ਤੋਂ ਚੱਲ ਰਹੀ ਪ੍ਰਣਾਲੀਗਤ ਭ੍ਰਿਸ਼ਟਾਚਾਰ ਦਾ ਨਤੀਜਾ ਹਨ, ਜਿਸ ਵਿੱਚ ਠੇਕੇਦਾਰਾਂ, ਫੌਜੀ ਅਧਿਕਾਰੀਆਂ ਅਤੇ ਰਾਜਨੀਤਿਕ ਸਰਪ੍ਰਸਤੀ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿੱਚ ਹੈ।




### ਨਿਊਕਲੀਅਰ ਹਥਿਆਰਾਂ ਦੇ ਅੰਕੜੇ ਅਤੇ ਉਨ੍ਹਾਂ ਦੀ ਭਰੋਸੇਯੋਗਤਾ

ਇਹ ਖੁਲਾਸੇ 2024 ਦੌਰਾਨ ਅਮਰੀਕੀ ਇੰਟੈਲੀਜੈਂਸ ਵੱਲੋਂ ਆਪਣੇ ਸਾਥੀ ਦੇਸ਼ਾਂ ਨਾਲ ਸਾਂਝੇ ਕੀਤੇ ਗਏ ਸਨ। ਰਿਪੋਰਟਾਂ ਅਨੁਸਾਰ ਚੀਨ ਦੇ ਨਿਊਕਲੀਅਰ ਮਿਸਾਈਲ ਪ੍ਰੋਗਰਾਮ 'ਤੇ ਇਸ ਦਾ ਡੂੰਘਾ ਅਸਰ ਪਿਆ ਹੈ। ਪੱਛਮੀ ਦੇਸ਼ਾਂ ਵਿੱਚ ਕਈ ਸਾਲਾਂ ਤੋਂ ਇਹ ਮੰਨਿਆ ਜਾ ਰਿਹਾ ਸੀ ਕਿ ਚੀਨ ਤੇਜ਼ੀ ਨਾਲ ਆਪਣੇ ਨਿਊਕਲੀਅਰ ਹਥਿਆਰਾਂ ਦੀ ਗਿਣਤੀ ਅਤੇ ਗੁਣਵੱਤਾ ਵਧਾ ਰਿਹਾ ਹੈ। ਅਮਰੀਕੀ ਡਿਫੈਂਸ ਡਿਪਾਰਟਮੈਂਟ ਦੇ ਅੰਕੜਿਆਂ ਮੁਤਾਬਕ 2020 ਵਿੱਚ ਚੀਨ ਕੋਲ ਲਗਭਗ 200 ਨਿਊਕਲੀਅਰ ਵਾਰਹੈੱਡ ਸਨ, ਜੋ 2023 ਤੱਕ ਵਧ ਕੇ ਕਰੀਬ 400 ਹੋ ਗਏ। ਅਨੁਮਾਨ ਹੈ ਕਿ 2030 ਤੱਕ ਇਹ ਗਿਣਤੀ 1000 ਦੇ ਨੇੜੇ ਪਹੁੰਚ ਸਕਦੀ ਹੈ; ਪਰ ਤਾਜ਼ਾ ਖੁਲਾਸਿਆਂ ਨੇ ਇਨ੍ਹਾਂ ਅਨੁਮਾਨਾਂ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

### ਸ਼ੀ ਜਿਨਪਿੰਗ ਦੀ ਸਖ਼ਤ ਫ਼ੌਜੀ ਸਫ਼ਾਈ

ਇਨ੍ਹਾਂ ਖੁਲਾਸਿਆਂ ਤੋਂ ਬਾਅਦ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਬੇਹੱਦ ਸਖ਼ਤ ਕਦਮ ਚੁੱਕੇ ਹਨ। ਪੀਪਲਜ਼ ਲਿਬਰੇਸ਼ਨ ਆਰਮੀ ਰਾਕੇਟ ਫੋਰਸ ਦੀ ਪੂਰੀ ਟਾਪ ਲੀਡਰਸ਼ਿਪ ਨੂੰ ਹਟਾ ਦਿੱਤਾ ਗਿਆ ਹੈ। ਕਮਾਂਡਰਾਂ ਤੋਂ ਲੈ ਕੇ ਉੱਚ ਅਧਿਕਾਰੀਆਂ ਤੱਕ ਕਈ ਜਨਰਲਾਂ ਨੂੰ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਗਿਆ। ਇਹ ਸਫਾਈ ਮੁਹਿੰਮ 2023 ਤੋਂ ਸ਼ੁਰੂ ਹੋ ਕੇ 2024 ਤੱਕ ਜਾਰੀ ਰਹੀ, ਜਿਸਨੂੰ ਚੀਨ ਦੇ ਰੱਖਿਆ ਖੇਤਰ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ 'ਸਫ਼ਾਈ' ਮੰਨਿਆ ਜਾ ਰਿਹਾ ਹੈ। ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸ਼ੀ ਜਿਨਪਿੰਗ ਇਸ ਮੌਕੇ ਨੂੰ ਵਰਤ ਕੇ ਫੌਜ 'ਤੇ ਆਪਣੀ ਨਿੱਜੀ ਤੇ ਰਾਜਨੀਤਿਕ ਪਕੜ ਹੋਰ ਮਜਬੂਤ ਕਰ ਰਹੇ ਹਨ।

### ਤਾਈਵਾਨ ਮਸਲਾ ਤੇ ਚੀਨ ਦੀ ਜੰਗੀ ਤਿਆਰੀ

ਜਿਓਪਾਲੀਟਿਕ ਮਾਹਿਰਾਂ ਅਨੁਸਾਰ ਇਸ ਭ੍ਰਿਸ਼ਟਾਚਾਰ ਦਾ ਸਿੱਧਾ ਅਸਰ ਚੀਨ ਦੀ ਜੰਗੀ ਤਿਆਰੀ 'ਤੇ ਪੈਂਦਾ ਹੈ। ਖ਼ਾਸ ਕਰ ਕੇ ਤਾਈਵਾਨ ਮਸਲੇ 'ਤੇ ਚੀਨ ਜੋ ਸਖ਼ਤ ਭਾਸ਼ਾ ਵਰਤਦਾ ਆ ਰਿਹਾ ਹੈ, ਉਸ ਪਿੱਛੇ ਹਕੀਕੀ ਤਿਆਰੀ ਕਿੰਨੀ ਹੈ; ਇਸ 'ਤੇ ਹੁਣ ਗੰਭੀਰ ਸਵਾਲ ਉੱਠ ਰਹੇ ਹਨ। ਬਹੁਤ ਸਾਰੇ ਰੱਖਿਆ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਗਲੇ ਕੁਝ ਸਾਲਾਂ ਵਿੱਚ ਚੀਨ ਕਿਸੇ ਵੱਡੇ ਯੁੱਧ ਦੀ ਸ਼ੁਰੂਆਤ ਕਰਨ ਦੀ ਸਥਿਤੀ ਵਿੱਚ ਨਹੀਂ, ਕਿਉਂਕਿ ਪਹਿਲਾਂ ਉਸਨੂੰ ਆਪਣੀ ਫ਼ੌਜ ਅੰਦਰਲੇ ਭ੍ਰਿਸ਼ਟਾਚਾਰ ਨੂੰ ਰੋਕਣਾ ਪਵੇਗਾ।

### ਕਾਗਜ਼ੀ ਤਾਕਤ ਦੇ ਪਿੱਛੇ ਲੁਕੀ ਕੌੜੀ ਹਕੀਕਤ

ਸੋ, ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅਮਰੀਕੀ ਖ਼ੁਫ਼ੀਆ ਰਿਪੋਰਟ ਨੇ ਚੀਨ ਦੀ ਫ਼ੌਜੀ ਸ਼ਾਨੋ-ਸ਼ੌਕਤ ਦੇ ਪਿੱਛੇ ਲੁਕੀ ਕੌੜੀ ਹਕੀਕਤ ਨੂੰ ਸਾਹਮਣੇ ਲਿਆ ਦਿੱਤਾ ਹੈ। ਨਿਊਕਲੀਅਰ ਹਥਿਆਰ ਸਿਰਫ਼ ਡਰ ਪੈਦਾ ਕਰਨ ਦਾ ਸਾਧਨ ਨਹੀਂ ਹੁੰਦੇ, ਉਨ੍ਹਾਂ ਦੀ ਭਰੋਸੇਯੋਗਤਾ ਅਤੇ ਤਕਨੀਕੀ ਤਿਆਰੀ ਹੀ ਅਸਲ ਤਾਕਤ ਹੁੰਦੀ ਹੈ। ਚੀਨ ਲਈ ਇਹ ਮਾਮਲਾ ਇੱਕ ਚੇਤਾਵਨੀ ਵਾਂਗ ਹੈ ਕਿ ਜੇ ਭ੍ਰਿਸ਼ਟਾਚਾਰ ਨੂੰ ਕੰਟਰੋਲ ਨਾ ਕੀਤਾ ਗਿਆ, ਤਾਂ ਕਾਗਜ਼ੀ ਤਾਕਤ ਵੀ ਜੰਗ ਦੇ ਮੈਦਾਨ ਵਿੱਚ ਬੇਅਸਰ ਸਾਬਤ ਹੋ ਸਕਦੀ ਹੈ।

### ਰਾਕੇਟ ਫੋਰਸ

ਸਭ ਤੋਂ ਸੰਵੇਦਨਸ਼ੀਲ ਫ਼ੌਜੀ ਇਕਾਈ ਪੀਪਲਜ਼ ਲਿਬਰੇਸ਼ਨ ਆਰਮੀ ਰਾਕੇਟ ਫੋਰਸ ਚੀਨ ਦੀ ਸਭ ਤੋਂ ਸੰਵੇਦਨਸ਼ੀਲ ਫ਼ੌਜੀ ਇਕਾਈ ਹੈ। ਇਸ ਦੀ ਸਥਾਪਨਾ 1966 ਵਿੱਚ ਹੋਈ ਸੀ ਅਤੇ 2015 ਵਿੱਚ ਇਸਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ। ਇਹ ਯੂਨਿਟ ਡੀ.ਐਫ਼-41 ਵਰਗੀਆਂ ਅੰਤਰ-ਮਹਾਂਦਵੀਪੀ ਮਿਜ਼ਾਈਲਾਂ ਅਤੇ ਡੀ.ਐਫ਼-17 ਵਰਗੀਆਂ ਹਾਈਪਰਸੋਨਿਕ ਮਿਜ਼ਾਈਲਾਂ ਨਾਲ ਲੈਸ ਹੈ।

ਕਾਗਜ਼ਾਂ 'ਤੇ ਇਹ ਤਾਕਤ ਅਮਰੀਕਾ ਲਈ ਵੀ ਵੱਡੀ ਚੁਣੌਤੀ ਦੱਸੀ ਜਾਂਦੀ ਰਹੀ ਹੈ, ਪਰ ਹੁਣ ਇਹ ਸਾਫ਼ ਹੋ ਰਿਹਾ ਹੈ ਕਿ ਅੰਦਰੂਨੀ ਕਮਜ਼ੋਰੀਆਂ ਇਸ ਤਾਕਤ ਨੂੰ ਕਾਫ਼ੀ ਹੱਦ ਤੱਕ ਖੋਖਲਾ ਕਰ ਰਹੀਆਂ ਹਨ।

# ਕੌਮਾਂਤਰੀ ਰਾਜਨੀਤਿਕ ਵਿਵਾਦਾਂ ਦਾ ਬਜਟ ’ਤੇ ਪਿਆ ਪ੍ਰਛਾਵਾਂ

**ਪੰਜਾਬੀ ਪਰਵਾਜ਼ ਬਿਊਰੋ**

## *ਫੂਕ ਫੂਕ ਕੇ ਕਦਮ ਚੁੱਕ ਰਹੀ ਭਾਰਤੀ ਪੂੰਜੀਕਾਰੀ

*ਦਵਾਈਆਂ, ਸਮਾਰਟ ਫੋਨ, ਲੈਦਰ ਆਈਟਮਾਂ, ਭੁੱਜੇ ਹੋਏ ਬਦਾਮ, ਅਖ਼ਰੋਟ, ਮਾਈਕਰੋਵੇਵ ਹੋਏ ਸਸਤੇ



ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਬੀਤੇ ਦਿਨੀਂ ਪੇਸ਼ ਕੀਤਾ ਗਿਆ ਬਜਟ ਸੰਸਾਰ ਦੀ ਆਰਥਕ ਸਿਆਸੀ ਹਿਲਜੁਲ ਦੇ ਪ੍ਰਛਾਵੇਂ ਹੇਠ ਆਪਣੀਆਂ ਨਿਵੇਸ਼/ਵਿਨਿਵੇਸ਼ ਪ੍ਰਾਥਮਿਕਤਾਵਾਂ ਤੈਅ ਕਰਦਾ ਨਜ਼ਰ ਆਉਂਦਾ ਹੈ। ਵਿਸ਼ੇਸ਼ ਕਰਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਟੈਰਿਫ ਵਾਰ ਅਤੇ ਇਸ ਦੇ ਸੰਸਾਰ ਪੱਧਰ ਤੇ ਘਰੇਲੂ ਪ੍ਰਭਾਵਾਂ ਨੇ ਇਸ ਵਾਰ ਦੇ ਭਾਰਤੀ ਬਜਟ ਨੂੰ ਖਾਸੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ। ਇਹ ਇਸੇ ਦਾ ਸਿੱਟਾ ਹੈ ਕਿ ਭਾਰਤ ਨੇ ਆਪਣੇ ਗੁਆਂਢੀ ਜਾਂ ਹੋਰ ਦੂਜੀ-ਤੀਜੀ ਦੁਨੀਆਂ ਦੇ ਮੁਲਕਾਂ ਵਿੱਚ ਆਪਣੇ ਨਿਵੇਸ਼ ਨੂੰ ਵਧਾਉਣ ਤੋਂ ਗੁਰੇਜ਼ ਕੀਤਾ ਹੈ ਅਤੇ ਸਥਿਤੀ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਨੂੰ ਤਰਜੀਹ ਦਿੱਤੀ ਗਈ ਹੈ।

ਮੱਧ ਪੂਰਬ ਵਿੱਚ ਜੰਗ ਦੀਆਂ ਸੰਭਾਵਨਾਵਾਂ ਨੇ ਵਿਦੇਸ਼ਾਂ ਵਿੱਚ ਭਾਰਤੀ ਪੂੰਜੀ ਨਿਵੇਸ਼ ਦੇ ਸਾਹਸ ਨੂੰ ਹੋਰ ਸੀਮਤ ਕਰ ਦਿੱਤਾ ਹੈ। ਇੱਕ ਧੁਰੀ ਤੋਂ ਬਹੁਧੁਰੀ ਹੋਣ ਵੱਲ ਵਧ ਰਹੇ ਅਨਿਸ਼ਚਤ ਸੰਸਾਰ ਵਿੱਚ ਭਾਰਤੀ ਪੂੰਜੀਕਾਰੀ ਬੇਹੱਦ ਸੰਕੋਚ ਕੇ ਪੈਰ ਪੁੱਟਣ ਲਈ ਮਜਬੂਰ ਹੋ ਰਹੀ ਹੈ। ਇਸ ਤੋਂ ਇਲਾਵਾ ਘਰੇਲੂ ਫਰੰਟ ‘ਤੇ ਦੇਸ਼ ਦੇ 60 ਫੀਸਦੀ ਤਬਕੇ ਨੂੰ ਰੋਜ਼ੀ ਪ੍ਰਦਾਨ ਕਰਨ ਵਾਲੀ ਖੇਤੀ ਆਰਥਿਕਤਾ ਅਤੇ ਮੱਧਵਰਗੀ ਮੁਲਾਜ਼ਮ ਤਬਕੇ ਵਿੱਚ ਇਸ ਬਜਟ ਵਿੱਚ ਕੁਝ ਵੀ ਨਹੀਂ ਹੈ। ਜਦਕਿ ਕਾਰਪੋਰੇਟ ਸੈਕਟਰ ਲਈ ਪਿਛਲੇ ਬਜਟ ਵਿੱਚ ਦਿੱਤੀਆਂ ਗਈਆਂ ਸਹੂਲਤਾਂ ਨੂੰ ਬਰਕਰਾਰ ਰੱਖਣ ਦਾ ਯਤਨ ਕੀਤਾ ਗਿਆ ਹੈ। ਕਾਰਪੋਰੇਟ ਸੈਕਟਰ ‘ਤੇ ਟੈਕਸ ਦੀ ਦਰ 18 ਫੀਸਦੀ ਨਿਸ਼ਚਤ ਹੈ, ਜਦਕਿ ਮੱਧਵਰਗੀ ਮੁਲਾਜ਼ਮਾਂ ਤੋਂ ਆਮਦਨ ਕਰ 21 ਫੀਸਦੀ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਕੁੱਲ ਸਰਕਾਰੀ ਮਾਲੀਏ ਦਾ ਤਕਰੀਬਨ ਚੌਥਾ ਹਿਸਾ ਭਾਰ ਸਰਕਾਰੀ ਰਾਮ ਗਊਆਂ (ਮੁਲਾਜ਼ਮਾਂ) ‘ਤੇ ਲੱਦ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਭਾਰਤ ਅਤੇ ਅਮਰੀਕਾ ਵਿਚਕਾਰ ਹੋਏ ਵਪਾਰ ਸਮਝੌਤੇ ਵਿੱਚ ਭਾਰਤ ‘ਚ ਹੋਣ ਵਾਲੀ ਖੇਤੀ ਵਸਤਾਂ ਦੀ ਦਰਾਮਦ ‘ਤੇ ਟੈਕਸ ਮੁਕੰਮਲ ਰੂਪ ਵਿੱਚ ਹਟਾ ਦਿੱਤਾ ਗਿਆ। ਸਰਕਾਰ ਦੀਆਂ ਵਿਰੋਧੀ ਧਿਰਾਂ ਅਤੇ ਬਹੁਤ ਸਾਰੇ ਬੁੱਧੀਜੀਵੀਆਂ ਵੱਲੋਂ ਖਦਸ਼ਾ ਜਾਹਰ ਕੀਤਾ ਗਿਆ ਹੈ ਕਿ ਇਸ ਸਮਝੌਤੇ ਨਾਲ ਦੇਸ਼ ਦਾ ਕਿਸਾਨ ਤਬਾਹ ਹੋ ਜਾਵੇਗਾ। ਪਰ ਸਰਕਾਰੀ ਪੱਖ ਦਾ ਆਖਣਾ ਹੈ ਕਿ ਦੇਸ਼ ਦਾ ਖੇਤੀ ਸੈਕਟਰ ਸੰਸਾਰ ਪੱਧਰ ‘ਤੇ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਹੈ, ਇਸ ਲਈ ਇਸ ਵਿੱਚ ਵੱਡੇ ਸੁਧਾਰਾਂ ਦੀ ਜ਼ਰੂਰਤ ਹੈ। ਇਸ ਦਾ ਮਤਲਬ ਇਹ ਹੈ ਕਿ ਆਉਣ ਵਾਲੇ ਸਮੇਂ ਵਿੱਚ ਜ਼ਮੀਨ ਛੋਟੇ ਕਿਸਾਨਾਂ ਤੋਂ ਖੋਹ ਕੇ ਵੱਡੇ ਕਾਰੋਬਾਰੀ ਘਰਾਣਿਆਂ ਦੇ ਹੱਥ ਵਿੱਚ ਦੇਣ ਦਾ ਅਮਲ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰਹੇਗਾ।

ਵਿੱਤ ਮੰਤਰੀ ਵੱਲੋਂ ਮਾਲੀ ਸਾਲ 2026-27 ਲਈ ਪੇਸ਼ ਕੀਤੇ ਗਏ ਬਜਟ ਅਨੁਸਾਰ ਇਸ ਵਰ੍ਹੇ ਸਰਕਾਰ ਦਾ ਕੁੱਲ ਖਰਚਾ 53.47 ਲੱਖ ਕਰੋੜ ਰੁਪਏ ਹੋਏਗਾ ਅਤੇ ਇਸੇ ਅਰਸੇ ਦੌਰਾਨ ਸਰਕਾਰ ਦੀ ਸਾਰੇ ਸਰੋਤਾਂ ਤੋਂ ਕੁੱਲ ਆਮਦਨ 36.51 ਫੀਸਦੀ ਹੋਏਗੀ। ਇਸ ਤਰ੍ਹਾਂ ਕੁੱਲ ਸਰਕਾਰੀ ਮਾਲੀ ਘਾਟਾ 16.96 ਲੱਖ ਕਰੋੜ ਦਾ ਹੋਏਗਾ। ਇਸ ਘਾਟੇ ਦੀ ਭਰਪਾਈ ਕੌਮਾਂਤਰੀ/ਕੌਮੀ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲੈ ਕੇ ਕੀਤੀ ਜਾਵੇਗੀ। ਇਸ ਤਰ੍ਹਾਂ ਸਿੱਧੇ-ਅਸਿੱਧੇ ਕੇਂਦਰੀ ਕਰਾਂ ਤੋਂ ਇਲਾਵਾ ਬਜਟ ਖਰਚੇ ਦਾ ਤਕਰੀਬਨ 30 ਫੀਸਦੀ ਹਿੱਸਾ ਕਰਜ਼ੇ ਨਾਲ ਪੂਰਾ ਕੀਤਾ ਜਾਵੇਗਾ। ਇੱਥੇ ਜ਼ਿਕਰਯੋਗ ਹੈ ਕਿ ਬੀਤੇ ਸਾਲ ਜੀ.ਐਸ.ਟੀ. ਦਰਾਂ ਵਿੱਚ ਕੀਤੀਆ ਗਈਆਂ ਸੋਧਾਂ ਅਤੇ ਆਮਦਨ ਕਰ ਵਿੱਚ ਦਿੱਤੀਆਂ ਗਈਆਂ ਕੁਝ ਛੋਟਾਂ ਕਾਰਨ ਕੇਂਦਰ ਸਰਕਾਰ ਦੀ ਮਾਲੀ ਆਮਦਨ ਬੀਤੇ ਵਰ੍ਹੇ ਨਾਲੋਂ ਘਟ ਗਈ ਹੈ; ਪਰ ਚੋਣ ਰਾਜਨੀਤੀ ਦੇ ਦਬਾਵਾਂ ਕਾਰਨ ਸਰਕਾਰ ਨੇ ਇਨ੍ਹਾਂ ਛੋਟਾਂ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਆਮਦਨ ਕਰ ਅਤੇ ਕਾਰਪੋਰੇਟ ਕਰਾਂ ਤੋਂ ਇਲਾਵਾ ਕੇਂਦਰ ਸਰਕਾਰ ਦੀ 15 ਫੀਸਦੀ ਆਮਦਨ ਜੀ.ਐਸ.ਟੀ., 10 ਫੀਸਦੀ ਗੈਰ ਕਰ ਮਾਲੀਆ, ਕੇਂਦਰੀ ਆਬਕਾਰੀ ਮਾਲੀਆ ਤੋਂ 6 ਫੀਸਦੀ ਅਤੇ 4 ਫੀਸਦੀ ਕਸਟਮ ਡਿਊਟੀ ਤੋਂ ਹੁੰਦੀ ਹੈ।

ਇਸ ਸਮੁੱਚੇ ਸੰਦਰਭ ਵਿੱਚ ਵੇਖੀਏ ਤਾਂ ਸਰਕਾਰੀ ਆਮਦਨਕਾਰਾਂ ਨੂੰ ਸਭ ਤੋਂ ਵੱਡਾ ਘਾਟਾ ਵੱਡੇ ਅਤੇ ਮੱਧਵਰਗੀ ਨਿੱਜੀ ਕਾਰੋਬਾਰੀਆਂ ਤੋਂ ਹੈ। ਇਸ ਤਬਕੇ ਦੀ ਆਮਦਨ ਕਰ ਵਿੱਚ ਚੋਰੀ ਅਤੇ ਹੇਰਾਫੇਰੀ ਨੂੰ ਜੇ ਰੋਕ ਲਿਆ ਜਾਵੇ ਤਾਂ ਸਰਕਾਰ ਦਾ ਬਜਟ ਘਾਟਾ ਪੂਰਿਆ ਜਾ ਸਕਦਾ ਹੈ। ਪਰ ਮੌਜੂਦਾ ਕੇਂਦਰ ਸਰਕਾਰ ਲਈ ਅਜਿਹਾ ਕਰਨਾ ਬੇਹੱਦ ਮੁਸ਼ਕਿਲ ਹੈ, ਕਿਉਂਕਿ ਮੁੱਖ ਰੂਪ ਵਿੱਚ ਇਹੋ ਤਬਕੇ ਹਨ, ਜਿਨ੍ਹਾਂ ਦੇ ਸਿਰ ‘ਤੇ ਭਾਜਪਾ ਦੀ ਸਿਆਸੀ ਗੱਡੀ ਦਾ ਤੇਲ ਪਾਣੀ ਚਲਦਾ ਹੈ। ਇਸੇ ਲਈ ਆਬਾਦੀ ਦੇ ਇਸ ਤਬਕੇ ਦੀ ਹੇਰਾਫੇਰੀ ਨੂੰ ਸਰਕਾਰੀ ਸੁਰੱਖਿਆ ਦੇਣ ਦਾ ਯਤਨ ਕੀਤਾ ਜਾਂਦਾ ਹੈ।

ਉਪਰੋਕਤ ਤੋਂ ਇਲਾਵਾ ਕੇਂਦਰ ਸਰਕਾਰ ਪਬਲਿਕ ਸੈਕਟਰ ਦੀਆਂ ਘਾਟੇ ਵਿੱਚ ਜਾ ਰਹੀਆਂ ਸਨਅਤਾਂ/ਜਾਇਦਾਦਾਂ ਨੂੰ ਵੇਚ ਕੇ ਆਪਣੀ ਆਮਦਨ ਵਿੱਚ ਵਾਧਾ ਕਰਨ ਦਾ ਯਤਨ ਕਰਦੀ ਹੈ। 1991 ਤੋਂ ਬਾਅਦ ਆਰਥਿਕ ਸੁਧਾਰਾਂ ਦੀ ਇਹ ਤੈਅ ਦਿਸ਼ਾ ਹੈ, ਜਿਸ ਨੂੰ ਹਰ ਸਰਕਾਰ ਜਿਉਂ ਦਾ ਤਿਉਂ ਕਾਇਮ ਰੱਖਦੀ ਹੈ। ਉਂਝ ਬਜਟ ਇੱਕ ਤਰ੍ਹਾਂ ਨਾਲ ਰਸਮੀ ਅੰਕੜਾਸਾਜ਼ੀ ਹੈ। ਕਥਿਤ ਸਰਕਾਰੀ ਸੁਧਾਰ ਹਰ ਵਕਤ ਖਾਮੋਸ਼ ਰੂਪ ਵਿੱਚ ਚਲਦੇ ਰਹਿੰਦੇ ਹਨ। ਸਰਕਾਰ ਨੇ ਕਿਰਤ ਕਾਨੂੰਨਾਂ ਨੂੰ ਕਾਰਪੋਰੇਟ ਸੈਕਟਰ ਦੇ ਹੱਕ ਵਿੱਚ ਪਹਿਲਾਂ ਹੀ ਸੋਧ ਦਿਤਾ ਹੈ। ਇਨ੍ਹਾਂ ਨਵੇਂ ਕਾਨੂੰਨਾਂ ਅਨੁਸਾਰ ਕਾਰੋਬਾਰੀ ਮਾਲਕ ਕਾਮਿਆਂ ਨੂੰ ਕਿਸੇ ਵੀ ਸਮੇਂ ਕੰਮ ਤੋਂ ਜਵਾਬ ਦੇ ਸਕਦੇ ਹਨ। ਇਸ ਨੂੰ ‘ਹਾਇਰ ਐਂਡ ਫਾਇਰ’ ਦੀ ਨੀਤੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਰਕਾਰ ਨੇ ਸਨਅਤੀ ਖੇਤਰ ਦੇ ਕਾਮਿਆਂ ’ਤੇ ਛਾਂਟੀ ਦੀ ਤਲਵਾਰ ਲਟਕਾ ਦਿੱਤੀ ਹੈ। ਇਸ ਦਾ ਸਭ ਤੋਂ ਵੱਡਾ ਨੁਕਸਾਨ ਗੈਰ-ਸੰਗਠਿਤ ਕਾਮਿਆਂ ’ਤੇ ਪੈਣਾ ਹੈ, ਜਿਨ੍ਹਾਂ ਪ੍ਰਤੀ ਸਰਕਾਰ ਨੇ ਆਪਣੇ ਬਜਟ ਪ੍ਰਵਚਨ ਵਿੱਚ ਸੁੱਕੀ ਹਮਦਰਦੀ ਪ੍ਰਗਟਾ ਕੀਤੀ ਹੈ। ਭਾਰਤ ਦੀ ਵਿੱਤ ਮੰਤਰੀ ਅਨੁਸਾਰ ਕੇਂਦਰ ਸਰਕਾਰ ਨੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਹੁਣ ਤੱਕ 350 ਸੁਧਾਰ ਕੀਤੇ ਹਨ।

ਇਹ ਛੋਟੀਆਂ ਤੇ ਮੱਧਵਰਗੀ ਬੱਚਤਾਂ ਹੀ ਹਨ, ਜਿਹੜੀਆਂ ਭਾਰਤੀ ਜਨਤਕ ਬੈਂਕਾਂ ਨੂੰ ਚਲਦੇ ਰੱਖਦੀਆਂ ਹਨ ਅਤੇ ਇਹ ਵੱਡੇ ਕਾਰਬੋਰੀ ਠੱਗ ਹਨ ਜਿਹੜੇ ਇਨ੍ਹਾਂ ਬੱਚਤਾਂ ਤੋਂ ਸਭ ਤੋਂ ਜ਼ਿਆਦਾ ਲਾਭ ਉਠਾਉਂਦੇ ਹਨ। ਇਸ ਤੋਂ ਇਲਾਵਾ ਸ਼ੇਅਰ ਮਾਰਕੀਟ ਵਿੱਚ ਵੀ ਛੋਟੇ ਕਾਰੋਬਾਰੀ ਅਕਸਰ ਹੀ ਨੁਕਸਾਨ ਉਠਾਉਂਦੇ ਹਨ ਅਤੇ ਸਰਕਾਰੀ ਸ਼ਹਿ ਪ੍ਰਾਪਤ ਵੱਡੇ ਕਾਰੋਬਾਰੀ ਸਰਕਾਰੀ ਓਟ ਦਾ ਫਾਇਦਾ ਚੁੱਕਦਿਆਂ ਛੋਟੀਆਂ ਬੱਚਤਾਂ ਤੋਂ ਇਕੱਤਰ ਹੋਏ ਸਰਮਾਏ ਨੂੰ ਹੜੱਪ ਜਾਂਦੇ ਹਨ। ਕੇਂਦਰੀ ਬਜਟ ਤੋਂ ਇੱਕ ਦਿਨ ਪਹਿਲਾਂ ਪੇਸ਼ ਕੀਤੇ ਗਏ ਆਰਥਕ ਸਰਵੇ ਵਿੱਚ ਕਿਹਾ ਗਿਆ ਹੈ ਕਿ ਆਰਥਕ ਖੇਤਰ ਦੇ ਵਿਕਾਸ (ਗਰੋਥ) ਦਰ ਨਾ ਸਿਰਫ ਕਾਇਮ ਰੱਖੀ ਜਾਵੇਗੀ, ਸਗੋਂ ਇਸ ਵਿੱਚ ਵਾਧਾ ਕੀਤਾ ਜਾਵੇਗਾ। ਸਰਵੇ ਅਨੁਸਾਰ ਬਿਨਾ ਵਿਸ਼ੇਸ਼ ਸਿੱਕੇ ਦਾ ਫੈਲਾਅ ਕਰੇ ਵਿਕਾਸ ਦਰ 6.8 ਫੀਸਦੀ-7.2 ਫੀਸਦੀ ਤੱਕ ਬਣੀ ਰਹਿ ਸਕਦੀ ਹੈ। ਇਸ ਤੋਂ ਇਲਾਵਾ ਦੇਸ਼ ਭਵਿੱਖੀ ਨੌਮੀਨਲ ਵਿਕਾਸ ਦਰ 10.1 ਫੀਸਦੀ ਤੱਕ ਕਿਆਸੀ ਗਈ ਹੈ। ਦੇਸ਼ ਦੀ ਇਸ ਵਿਕਾਸ ਦਰ ਨੂੰ ਕਾਇਮ ਰੱਖਣ ਲਈ ਸਰਕਾਰ ਦੀ ਟੇਕ ਮੁੱਲ ਵਰਧਕ ਖੇਤੀ, ਭਾਰਤ ਦੇ ਸੇਵਾ ਖੇਤਰ ਨੂੰ ਹੋਰ ਮਜਬੂਤ ਕਰਨ ਅਤੇ ਉੱਚ ਤਕਨੀਕੀ ਅਤੇ ਕਿਰਤ ਆਧਾਰਤ ਸਨਅਤ ਨੂੰ ਉਤਸ਼ਾਹਿਤ ਕਰਨ ‘ਤੇ ਰੱਖੀ ਗਈ ਹੈ।

ਇਸ ਵਾਰ ਬਜਟ ਵਿੱਚ ਕੇਂਦਰੀ ਵਿੱਤ ਮੰਤਰੀ ਨੇ ਦਾਲਾਂ ਅਤੇ ਮੋਟੇ ਆਨਾਜ ਦੀ ਥਾਂ ਨਾਰੀਅਲ, ਬਦਾਮ, ਸੰਦਲਵੁੱਡ ਅਤੇ ਕੋਕਾ ਆਦਿ ਦੀ ਖੇਤੀ ਉੱਤੇ ਜ਼ੋਰ ਦਿੱਤਾ ਹੈ। ਸੇਵਾਵਾਂ ਦੇ ਖੇਤਰ ਵਿੱਚ ਸਰਕਾਰ 2047 ਤੱਕ ਕੁੱਲ ਸੰਸਾਰ ਮੰਡੀ ਦਾ 10 ਫੀਸਦੀ ਸ਼ੇਅਰ ਹਥਿਆਉਣ ਲਈ ਆਸਵੰਦ ਹੈ। ਯਾਦ ਰਹੇ, 2023 ਵਿੱਚ ਸੇਵਾਵਾਂ ਦੇ ਖੇਤਰ ਵਿੱਚ ਭਾਰਤ ਦਾ ਹਿੱਸਾ 2.7 ਫੀਸਦੀ ਸੀ। ਇਹ 1995 ਦੇ ਮੁਕਾਬਲੇ ਸਿਰਫ 2 ਪਰਸੈਂਟੇਜ ਪੁਆਇੰਟ ਹੀ ਵਧਿਆ ਹੈ। ਸੇਵਾਵਾਂ ਵਿੱਚ ਆਪਣਾ ਹਿੱਸਾ ਵਧਾਉਣ ਲਈ ਸਰਕਾਰ ਨੂੰ ਏ.ਆਈ., ਵੱਡੀਆਂ ਕੰਪਨੀਆਂ ਦੀ ਆਮਦ ਅਤੇ ਹਾਈਟੈਕ ਤਕਨੀਕਾਂ ਦੇ ਉਤਪਾਦਨ ਤੇ ਤਬਾਦਲੇ ਵੱਲ ਧਿਆਨ ਦੇਣ ਦਾ ਫੈਸਲਾ ਕੀਤਾ ਹੈ।

ਉਤਪਾਦਨ ਦੇ ਖੇਤਰ ਨੂੰ ਉਗਾਸਾ ਦੇਣ ਲਈ ਬਜਟ ਵਿੱਚ ਇਲੈਕਟਰੌਨਿਕ ਸਾਜ਼ੋ ਸਮਾਨ ਦੀ ਪੈਦਾਵਾਰ ਲਈ ਸਰਕਾਰ ਨੇ ਬੀਤੇ ਵਰ੍ਹੇ 22,919 ਕਰੋੜ ਰੁਪਏ ਰੱਖੇ ਸਨ ਜਦਕਿ ਇਸ ਵਾਰ ਇਸ ਨੂੰ ਵਧਾ ਕੇ ਦੁੱਗਣਾ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਬਜਟ ਵਿੱਚ ਮਾਈਕਰੋਵੇਵ ਬਣਾਉਣ ਵਾਲੇ ਸਾਜ਼ੋ ਸਮਾਨ ‘ਤੇ ਡਿਊਟੀ ਘਟਾ ਦਿੱਤੀ ਗਈ ਹੈ। ਭਾਰਤੀ ਉਤਪਾਦਨ ਖੇਤਰ ਨੂੰ ਉਗਾਸਾ ਦੇਣ ਲਈ ਸਰਕਾਰ ਨੇ ‘ਰੇਅਰ ਅਰਥ ਕਾਰੀਡੋਰ’ ਬਣਾਉਣ ਦਾ ਵੀ ਐਲਾਨ ਕੀਤਾ ਹੈ। ਬਾਇਓ ਫਾਰਮਾ ਸੈਕਟਰ ਲਈ ਤਿੰਨ ਕੈਮੀਕਲ ਪਾਰਕ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਸੇ ਤਰ੍ਹਾਂ ਉਸਾਰੀ ਅਤੇ ਇੰਜੀਨੀਰਿੰਗ ਵਸਤਾਂ ਦੇ ਉਤਪਾਦਨ ਨੂੰ ਵਧਾਉਣ ਦਾ ਐਲਾਨ ਵੀ ਕੀਤਾ ਗਿਆ ਹੈ।

ਕੁੱਲ ਮਿਲਾ ਕੇ ਇਸ ਵਾਰ ਦੇ ਭਾਰਤੀ ਬਜਟ ਦੇ ਮੁੱਖ ਐਲਾਨ ਬਾਇਓ ਫਾਰਮਾ ਸ਼ਕਤੀ ਖੇਤਰ ਵਿੱਚ ਅਗਲੇ ਪੰਜ ਸਾਲ ਵਿੱਚ ਦਸ ਹਜ਼ਾਰ ਕਰੋੜ ਦਾ ਨਿਵੇਸ਼, ਡੈਟਾ ਸੈਂਟਰ ਬਣਾਉਣ ਵਾਲੀਆਂ ਵੱਡੀਆਂ ਕੰਪਨੀਆਂ ਨੂੰ 2047 ਤੱਕ ਮੁਕੰਮਲ ਟੈਕਸ ਛੋਟ, ਸੈਮੀਕੰਡਕਟਰ ਇੰਡਸਟਰੀ ਲਈ ਚਾਲੀ ਹਜ਼ਾਰ ਕਰੋੜ ਦਾ ਬਜਟ, ਛੋਟੇ ਤੇ ਮਧਵਰਤੀ ਉਦਯੋਗਾਂ ਲਈ ਦਸ ਹਜ਼ਾਰ ਕਰੋੜ, ਆਤਮ ਨਿਰਭਰ ਫੰਡ ਲਈ ਚਾਰ ਹਜ਼ਾਰ ਕਰੋੜ ਰੱਖੇ ਗਏ ਹਨ। 7 ਹਾਈ ਸਪੀਡ ਰੇਲ ਕੋਰੀਡੋਰ ਅਤੇ ਵੀਹ ਨਵੇਂ ਰਾਸ਼ਟਰੀ ਜਲਮਾਰਗ ਉਸਾਰਨ ਦਾ ਫੈਸਲਾ ਕੀਤਾ ਗਿਆ ਹੈ।

ਬਜਟ ਵਿੱਚ ਦਵਾਈਆਂ, ਸਮਾਰਟ ਫੋਨ, ਲੈਦਰ ਆਈਟਮਾਂ, ਭੁੱਜੇ ਹੋਏ ਬਦਾਮ, ਅਖਰੋਟ, ਮਾਈਕਰੋਵੇਵ ਦਾ ਸਮਾਨ ਸਸਤਾ ਕੀਤਾ ਗਿਆ ਹੈ। ਇਸ ਦੇ ਉਲਟ ਸ਼ਰਾਬ, ਸਿਗਰੇਟ, ਤੰਬਾਕੂ, ਗੁਟਕਾ, ਵਿਦੇਸ਼ੀ ਛਤਰੀਆਂ, ਲਗਜ਼ਰੀ ਕਾਰਾਂ, ਏ.ਟੀ.ਐਮ. ਮਸ਼ੀਨਾਂ, ਰਸਾਇਣਿਕ ਖਾਦਾਂ, ਫਿਲਮਾਂ ਨਾਲ ਸੰਬੰਧਤ ਉਪਕਰਣ, ਕੌਫੀ ਮਸ਼ੀਨਾਂ ਆਦਿ ਮਹਿੰਗੀਆਂ ਹੋ ਗਈਆਂ ਹਨ। ਸਰਕਾਰ ਨੇ ਬਜਟ ਨੂੰ ਲੋਕ ਹਿੱਤੂ ਦੱਸਿਆ ਹੈ ਅਤੇ ਵਿਰੋਧੀ ਪਾਰਟੀਆਂ ਇਸ ਨੂੰ ਲੋਕ ਵਿਰੋਧੀ ਬਜਟ ਐਲਾਨ ਰਹੀਆਂ ਹਨ।

# ਪਾਕਿਸਤਾਨ ’ਤੇ ਰਿਕਾਰਡ ਕਰਜ਼ਾ

ਸਿਰਫ਼ ਵਿਆਜ ਚੁਕਾਉਣ ਵਿੱਚ ਹੀ ਜਾ ਰਿਹੈ ਕਮਾਈ ਦਾ ਅੱਧਾ ਹਿੱਸਾ



ਪਾਕਿਸਤਾਨ ਦੀ ਅਰਥਵਿਵਸਥਾ ਉੱਤੇ ਕਰਜ਼ੇ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਮੁਲਕ ਦਾ ਸਰਕਾਰੀ ਕਰਜ਼ਾ ਹੁਣ ਤੈਅ ਕੀਤੀ ਕਾਨੂੰਨੀ ਹੱਦ ਤੋਂ ਕਾਫ਼ੀ ਉੱਪਰ ਚਲਾ ਗਿਆ ਹੈ। ਹਾਲਾਤ ਇਹ ਹਨ ਕਿ ਪਾਕਿਸਤਾਨ ਦਾ ਕੁੱਲ ਸਰਕਾਰੀ ਕਰਜ਼ਾ ਹੁਣ ਦੇਸ਼ ਦੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ 70.7 ਫ਼ੀਸਦੀ ਤੱਕ ਪਹੁੰਚ ਗਿਆ ਹੈ, ਜਦਕਿ ਪਾਕਿਸਤਾਨੀ ਸੰਸਦ ਨੇ ਇਸ ਦੀ ਹੱਦ 56 ਫ਼ੀਸਦੀ ਤੈਅ ਕੀਤੀ ਹੋਈ ਹੈ। ਇਸ ਨਾਲ ਪਹਿਲਾਂ ਹੀ ਸੰਕਟ ’ਚ ਫਸੀ ਅਰਥਵਿਵਸਥਾ ’ਤੇ ਦਬਾਅ ਹੋਰ ਵਧ ਗਿਆ ਹੈ।

ਕਰਾਚੀ ਤੋਂ ਛਪਣ ਵਾਲੇ ਅਖ਼ਬਾਰ ‘ਬਿਜ਼ਨਸ ਰਿਕਾਰਡਰ’ ਵਿੱਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਸਰਕਾਰ ਦੀ ਨਵੀਂ ਡੈਟ ਪਾਲਿਸੀ ਸਟੇਟਮੈਂਟ 2026 ਵਿੱਚ ਖੁਲਾਸਾ ਹੋਇਆ ਹੈ ਕਿ 2024-25 ਦੇ ਵਿੱਤੀ ਸਾਲ ਦੌਰਾਨ ਸਰਕਾਰੀ ਕਰਜ਼ਾ ਕਾਨੂੰਨੀ ਸੀਮਾ ਤੋਂ ਕਾਫ਼ੀ ਅੱਗੇ ਨਿਕਲ ਗਿਆ। ਇਸ ਦੌਰਾਨ ਕਰਜ਼ਾ ਸੰਸਦ ਵੱਲੋਂ ਤੈਅ ਕੀਤੀ 56 ਫ਼ੀਸਦੀ ਦੀ ਹੱਦ ਤੋਂ ਵੱਧ ਕੇ 70.7 ਫ਼ੀਸਦੀ ਹੋ ਗਿਆ ਹੈ।

ਇਸ ਦਾ ਮਤਲਬ ਹੈ ਕਿ ਸਰਕਾਰੀ ਕਰਜ਼ਾ ਕਾਨੂੰਨੀ ਹੱਦ ਨਾਲੋਂ ਲਗਭਗ 16.8 ਟ੍ਰਿਲੀਅਨ ਪਾਕਿਸਤਾਨੀ ਰੁਪਏ ਵੱਧ ਹੈ, ਜੋ ਜੀ.ਡੀ.ਪੀ. ਦੇ ਹਿਸਾਬ ਨਾਲ ਕਰੀਬ 14.7 ਫ਼ੀਸਦੀ ਜ਼ਿਆਦਾ ਬਣਦਾ ਹੈ। ਇਹ ਹਾਲਾਤ ਦੱਸਦੇ ਹਨ ਕਿ ਸਰਕਾਰ ਵਿੱਤੀ ਅਨੁਸ਼ਾਸਨ ਲਾਗੂ ਕਰਨ ਵਿੱਚ ਲਗਾਤਾਰ ਨਾਕਾਮ ਰਹੀ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਾਕਿਸਤਾਨ ਦੀ ਸ਼ਾਸਨ ਪ੍ਰਣਾਲੀ ਵਿੱਚ ਇੱਕ ਗੰਭੀਰ ਪ੍ਰਬੰਧਕੀ ਖ਼ਾਮੀ ਹੈ। ਪਹਿਲਾਂ ਬੇਹਿਸਾਬ ਖ਼ਰਚ ਕੀਤਾ ਜਾਂਦਾ ਹੈ, ਫਿਰ ਉਸ ਖ਼ਰਚ ਨੂੰ ਪੂਰਾ ਕਰਨ ਲਈ ਹੋਰ ਕਰਜ਼ਾ ਲਿਆ ਜਾਂਦਾ ਹੈ ਅਤੇ ਬਾਅਦ ਵਿੱਚ ਉਸ ਲਈ ਤਰਕ ਘੜੇ ਜਾਂਦੇ ਹਨ। ਵਿੱਤੀ ਨਿਯਮ ਅਕਸਰ ਕਾਗ਼ਜ਼ਾਂ ਤੱਕ ਹੀ ਸੀਮਿਤ ਰਹਿੰਦੇ ਹਨ।

ਅਕਸਰ ਇਹ ਵੀ ਵੇਖਿਆ ਗਿਆ ਹੈ ਕਿ ਸੰਸਦ ਨੂੰ ਕਰਜ਼ੇ ਅਤੇ ਘਾਟੇ ਦੀ ਸਹੀ ਸਥਿਤੀ ਬਾਰੇ ਉਸ ਸਮੇਂ ਦੱਸਿਆ ਜਾਂਦਾ ਹੈ, ਜਦੋਂ ਹੱਦਾਂ ਪਹਿਲਾਂ ਹੀ ਪਾਰ ਹੋ ਚੁੱਕੀਆਂ ਹੁੰਦੀਆਂ ਹਨ। ਇਸਦਾ ਕਾਰਨ ਇਹ ਵੀ ਹੈ ਕਿ ਕਾਰਜਪਾਲਿਕਾ ਨੂੰ ਇਸ ਉਲੰਘਣਾ ਲਈ ਤੁਰੰਤ ਕੋਈ ਨਤੀਜਾ ਨਹੀਂ ਭੁਗਤਣਾ ਪੈਂਦਾ। ਨਤੀਜੇ ਵਜੋਂ ਦੇਸ਼ ਦਾ ਆਰਥਿਕ ਮਾਡਲ ਅਜੇ ਵੀ ਖਪਤ ’ਤੇ ਆਧਾਰਿਤ ਹੈ ਅਤੇ ਸੁਧਾਰਾਂ ਵੱਲ ਗੰਭੀਰਤਾ ਨਹੀਂ ਦਿਖਾਈ ਦਿੰਦੀ।

ਇਸ ਕਰਜ਼ੇ ਦਾ ਸਭ ਤੋਂ ਵੱਡਾ ਅਸਰ ਕੇਂਦਰੀ ਬਜਟ ’ਤੇ ਪੈ ਰਿਹਾ ਹੈ। ਅੱਜ ਹਾਲਾਤ ਇਹ ਹਨ ਕਿ ਪਾਕਿਸਤਾਨ ਦੇ ਕੇਂਦਰੀ ਬਜਟ ਦਾ ਲਗਭਗ ਅੱਧਾ ਹਿੱਸਾ ਸਿਰਫ਼ ਕਰਜ਼ੇ ਅਤੇ ਉਸ ਦੇ ਵਿਆਜ਼ ਦੀ ਅਦਾਇਗੀ ਵਿੱਚ ਹੀ ਖਰਚ ਹੋ ਜਾਂਦਾ ਹੈ। ਇਸ ਕਾਰਨ ਵਿਕਾਸ ਕਾਰਜਾਂ ਲਈ ਪੈਸਾ ਘਟਦਾ ਜਾ ਰਿਹਾ ਹੈ। ਸਰਕਾਰੀ ਵਿਕਾਸ ਯੋਜਨਾਵਾਂ ਕਮਜ਼ੋਰ ਪੈਂਦੀਆਂ ਜਾ ਰਹੀਆਂ ਹਨ ਅਤੇ ਆਮ ਲੋਕਾਂ ’ਤੇ ਟੈਕਸਾਂ ਦਾ ਬੋਝ ਹੋਰ ਵੱਧ ਰਿਹਾ ਹੈ।

ਪਿਛਲੇ ਤਿੰਨ ਸਾਲਾਂ ਵਿੱਚ ਘਰੇਲੂ ਕਰਜ਼ੇ ਦੀ ਅਦਾਇਗੀ ਸਰਕਾਰੀ ਖ਼ਰਚ ਵਧਣ ਦਾ ਸਭ ਤੋਂ ਵੱਡਾ ਕਾਰਨ ਬਣੀ ਹੈ। ਇਸ ਨਾਲ ਨਾ ਸਿਰਫ਼ ਵਿਕਾਸ ਯੋਜਨਾਵਾਂ ਪ੍ਰਭਾਵਿਤ ਹੋਈਆਂ ਹਨ, ਸਗੋਂ ਉਤਪਾਦਕ ਨਿਵੇਸ਼ ਵੀ ਘਟਿਆ ਹੈ, ਜੋ ਅਰਥਵਿਵਸਥਾ ਨੂੰ ਸੰਭਾਲਣ ਲਈ ਬਹੁਤ ਜ਼ਰੂਰੀ ਸੀ।

ਹਾਲਾਂਕਿ ਪਾਕਿਸਤਾਨੀ ਸਰਕਾਰ ਨੇ ਮੰਨਿਆ ਹੈ ਕਿ ਕਰਜ਼ਾ-ਜੀ.ਡੀ.ਪੀ. ਅਨੁਪਾਤ ਹੋਰ ਖ਼ਰਾਬ ਹੋਇਆ ਹੈ, ਪਰ ਸਰਕਾਰ ਦਾ ਦਾਅਵਾ ਹੈ ਕਿ ਉਹ ਵਿੱਤੀ ਜ਼ਿੰਮੇਵਾਰੀ ਅਤੇ ਕਰਜ਼ਾ ਸੀਮਾ ਕਾਨੂੰਨ ਦੀ ਪਾਲਣਾ ਲਈ ਵਚਨਬੱਧ ਹੈ। ਸਰਕਾਰ ਕਹਿੰਦੀ ਹੈ ਕਿ ਵਿੱਤੀ ਸਖ਼ਤੀ, ਘਾਟੇ ਵਿੱਚ ਹੌਲੀ-ਹੌਲੀ ਕਮੀ ਅਤੇ ਪ੍ਰਾਇਮਰੀ ਸਰਪਲਸ ਰਾਹੀਂ ਕਰਜ਼ੇ ਨੂੰ ਕਾਬੂ ਵਿੱਚ ਲਿਆਂਦਾ ਜਾਵੇਗਾ। ਪਰ ਤਾਜ਼ਾ ਅੰਕੜੇ ਜ਼ਿਆਦਾ ਹੌਸਲਾ ਨਹੀਂ ਦਿੰਦੇ। ਮੌਜੂਦਾ ਵਿੱਤੀ ਸਾਲ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਫੈਡਰਲ ਬੋਰਡ ਆਫ਼ ਰੈਵਿਨਿਊ ਆਪਣੇ ਟੀਚਿਆਂ ਤੋਂ ਪਿੱਛੇ ਰਹਿ ਗਿਆ ਹੈ। ਅਜਿਹੇ ਵਿੱਚ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਪਾਕਿਸਤਾਨ ਨੇ ਆਪਣੀ ਆਰਥਿਕ ਨੀਤੀ ਵਿੱਚ ਢਾਂਚਾਗਤ ਸੁਧਾਰ ਨਾ ਕੀਤੇ ਤਾਂ ਕਰਜ਼ੇ ਦਾ ਇਹ ਬੋਝ ਆਉਣ ਵਾਲੇ ਸਮੇਂ ਵਿੱਚ ਹੋਰ ਭਾਰੀ ਹੋ ਸਕਦਾ ਹੈ।

# ਪੰਜਾਬ 'ਚ ਨਸ਼ਿਆਂ ਦਾ ਮਸਲਾ ਫਿਰ ਬਣ ਰਿਹਾ ਸਿਆਸੀ ਮੁੱਦਾ

**ਜਸਵੀਰ ਸਿੰਘ ਸ਼ੀਰੀ**

## *ਰਾਜਪਾਲ ਰਾਹੀਂ ਭਾਜਪਾ ਨਸ਼ੇ ਨੂੰ ਲੱਗੀ ਚੋਣ ਮੁੱਦਾ ਬਣਾਉਣ



■ ਰਾਜਪਾਲ ਗੁਲਾਬ ਚੰਦ ਕਟਾਰੀਆ, ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਫਿਰੋਜ਼ਪੁਰ 'ਚ ਪੈਦਲ ਯਾਤਰਾ ਕਰਦੇ ਹੋਏ।

ਨਸ਼ੇ ਪੰਜਾਬ ਵਿੱਚ ਸਿਆਸੀ ਮੁੱਦਾ ਤਾਂ ਬਣ ਜਾਂਦੇ ਹਨ, ਪਰ ਇਹ ਖਤਮ ਨਹੀਂ ਹੁੰਦੇ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਸਰਕਾਰ ਮੌਕੇ ਕੈਮੀਕਲ ਨਸ਼ਿਆਂ, ਖਾਸ ਕਰਕੇ ਚਿੱਟੇ ਦੀ ਲੱਤ ਦਾ ਪੰਜਾਬ ਵਿੱਚ ਬੜਾ ਵੱਡਾ ਰੌਲਾ ਪਿਆ ਸੀ ਅਤੇ ਇਸ ਵਿੱਚ ਅਕਾਲੀ ਸਰਕਾਰ ਨੂੰ ਕਾਫੀ ਦੋਸ਼ੀ ਠਹਿਰਾਇਆ ਗਿਆ ਸੀ। ਅਕਾਲੀਆਂ ਵਿੱਚੋਂ ਵੀ ਬਿਕਰਮਜੀਤ ਸਿੰਘ ਮਜੀਠੀਆ ਅਤੇ ਉਸ ਦੇ ਜੋਟੀਦਾਰਾਂ ਬਾਰੇ ਖਾਸਾ ਰੌਲਾ ਪਿਆ ਸੀ ਕਿ ਉਨ੍ਹਾਂ ਦੀ ਛਤਰਛਾਇਆ ਹੇਠ ਡਰੱਗ ਦਾ ਇੱਕ ਵੱਡਾ ਕਾਰਟੇਲ ਚੱਲ ਰਿਹਾ ਹੈ। ਇਸ ਸੰਬੰਧ ਵਿੱਚ ਬਾਅਦ ਵਿੱਚ ਇੱਕ ਡੀ.ਐਸ.ਪੀ. ਦੀ ਗ੍ਰਿਫਤਾਰੀ ਵੀ ਹੋਈ ਸੀ, ਜਿਸ ਨੇ ਇਸ ਮਾਮਲੇ ਵਿੱਚ ਬਿਕਰਮਜੀਤ ਸਿੰਘ ਮਜੀਠੀਏ ਦਾ ਨਾਂ ਲਿਆ ਸੀ। ਉਸ ਸਮੇਂ ਮੌਜੂਦ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਬਾਰੇ ਇਹ ਗਹਿਰਾ ਪ੍ਰਭਾਵ ਬਣ ਗਿਆ ਸੀ ਕਿ ਪੰਜਾਬ ਵਿੱਚ ਫੈਲ ਰਹੇ ਨਵੇਂ ਅਤੇ ਮਾਰੂ ਨਸ਼ੇ ਇਸ ਸਰਕਾਰ ਜਾਂ ਸਰਕਾਰ ਦੇ ਮੰਤਰੀਆਂ ਵਗੈਰਾ ਦੀ ਮਿਲੀਭੁਗਤ ਨਾਲ ਵਿਕ ਰਹੇ ਹਨ।

2017 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਛੇ ਕੁ ਮਹੀਨੇ ਪਹਿਲਾਂ ਮੈਂ ਆਪਣੇ ਤੌਰ 'ਤੇ ਫੈਸਲਾ ਕੀਤਾ ਕਿ ਇਸ ਮਾਮਲੇ ਨੂੰ ਰਾਜਸੀ ਮੁੱਦਾ ਬਣਾਉਣ ਲਈ ਲਗਾਤਾਰ ਮੁਹਿੰਮ ਚਲਾਈ ਜਾਵੇਗੀ ਤਾਂ ਕਿ ਇਸ ਦਾ ਰਾਜਸੀ ਮੁੱਦਾ ਬਣਨ ਅਤੇ ਇਸ ਦੇ ਹੱਲ ਦੀ ਕੋਈ ਸੰਭਾਵਨਾ ਬਣੇਗੀ। ਉਨ੍ਹਾਂ ਦਿਨ੍ਹਾਂ ਵਿੱਚ 'ਨਿਰਮਲ ਦੇਹੀ' ਨਾਂ ਦਾ ਇੱਕ ਮੈਗਜ਼ੀਨ ਮੈਂ ਛਾਪਦਾ ਸੀ ਅਤੇ ਅਸੀਂ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਚਾਰ ਅੰਕ ਕੱਢੇ ਸਨ। ਸੋਸ਼ਲ ਮੀਡੀਆ 'ਤੇ ਇੱਕ ਬੇਰੋਕ ਅਤੇ ਜ਼ਬਰਦਸਤ ਮੁਹਿੰਮ ਛੇੜੀ ਸੀ। ਇਸ ਮੁਹਿੰਮ ਦਾ ਸਿੱਟਾ ਇਹ ਨਿਕਲਿਆ ਸੀ ਕਿ ਸਾਲ 2017 ਵਿੱਚ ਵੋਟਾਂ ਦਾ ਦਿਨ ਆਉਣ ਤੱਕ ਨਸ਼ੇ ਵੱਡਾ ਸਿਆਸੀ ਮੁੱਦਾ ਬਣ ਗਏ ਸਨ ਅਤੇ ਇਸ ਦੇ ਸਿੱਟੇ ਵਜੋਂ ਅਕਾਲੀ ਸਰਕਾਰ ਸੱਤਾ ਵਿੱਚੋਂ ਬਾਹਰ ਹੋ ਗਈ ਸੀ। ਪੰਜਾਬ ਵਿੱਚ ਕਾਂਗਰਸ ਪਾਰਟੀ ਬਹੁਮਤਿ ਹਾਸਲ ਕਰਨ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣਾਈ ਗਈ ਸੀ। ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿੱਚ ਗੁਟਕਾ ਸਾਹਿਬ ਹੱਥ ਵਿੱਚ ਲੈ ਕੇ ਸਹੁੰ ਖਾਧੀ ਸੀ ਕਿ ਉਹ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਨਸ਼ਿਆਂ ਦਾ ਲੱਕ ਤੋੜ ਦੇਣਗੇ।

ਕੈਪਟਨ ਵਾਲੇ ਦੌਰ ਵਿੱਚ ਭਾਵੇਂ ਨਸ਼ਾ ਅਕਾਲੀ ਸੱਤਾ ਦੇ ਮੁਕਾਬਲੇ ਕੁਝ ਘਟਿਆ, ਪਰ ਕੈਪਟਨ ਦੀ ਇਸ ਦੂਜੀ ਪਾਰੀ ਦਾ ਅੰਤ ਹੋਣ ਤੱਕ ਨਸ਼ਿਆਂ ਦਾ ਮੁੱਦਾ ਜਮ੍ਹਾ ਅਣਹੱਲ ਹੋਇਆ ਪਿਆ ਸੀ ਅਤੇ ਇੱਕ ਵਾਰ ਫਿਰ ਸਿਆਸੀ ਮਸਲਾ ਬਣ ਕੇ ਸਾਹਮਣੇ ਆ ਗਿਆ ਸੀ। ਇਹ ਜ਼ਰੂਰ ਹੈ ਕਿ ਕੈਪਟਨ ਦੀਆਂ ਕੁਝ ਸੁਹਿਰਦ ਕੋਸ਼ਿਸ਼ਾਂ ਕਰਕੇ ਨਸ਼ਾ ਅਕਾਲੀ ਦੌਰ ਵਾਂਗ ਸ਼ੱਰੇਆਮ ਵਿਕਣੋਂ ਹਟ ਗਿਆ ਸੀ, ਪਰ ਅੰਦਰਖਾਤੇ ਇਹ ਸਾਰਾ ਕੁਝ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੀ ਰਿਹਾ ਸੀ। ਇੰਨਾ ਹੀ ਬਸ ਨਹੀਂ, ਹੈਰੋਇਨ ਅਤੇ ਚਿੱਟੇ ਜਿਹੇ ਨਸ਼ਿਆਂ ਤੋਂ ਇਲਾਵਾ ਆਈਸ ਨਾਂ ਦਾ ਇੱਕ ਹੋਰ ਨਸ਼ਾ ਪੰਜਾਬ ਦੀ ਫਿਜ਼ਾ ਵਿੱਚ ਪ੍ਰਵੇਸ਼ ਕਰ ਗਿਆ ਸੀ। ਕੈਪਟਨ ਸਰਕਾਰ ਨੇ ਇਸ ਮਸਲੇ ਨਾਲ ਨਜਿੱਠਣ ਲਈ ਉਸ ਸਮੇਂ ਦੇ ਪੰਜਾਬ ਪੁਲਿਸ ਦੇ ਡੀ.ਆਈ.ਜੀ. ਹਰਪ੍ਰੀਤ ਸਿੰਘ ਸਿੱਧੂ ਨੂੰ ਮੁਖੀ ਲਗਾ ਕੇ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਕੀਤਾ ਸੀ। ਇਨ੍ਹਾਂ ਯਤਨਾਂ ਦੇ ਬਾਵਜੂਦ ਨਸ਼ੇ ਦਾ ਮਾਫੀਆ ਨਹੀਂ ਸੀ ਹਾਰਿਆ ਅਤੇ ਸਗੋਂ ਹਰਪ੍ਰੀਤ ਸਿੰਘ ਸਿੱਧੂ ਨੇ ਹੀ ਇਸ ਖਿਲਾਫ ਆਤਮ ਸਮਰਪਣ ਕਰਦਿਆਂ ਅਸਤੀਫਾ ਦੇ ਦਿੱਤਾ ਸੀ।

ਫਿਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਵੀ ਇਸ ਮੁੱਦੇ ਨਾਲ ਨਿਪਟਣ ਦੇ ਵਾਅਦੇ ਕੀਤੇ, ਪਰ ਹੋਇਆ ਇਸ ਦੇ ਉਲਟ ਅਤੇ ਨਸ਼ਿਆਂ ਦਾ ਨੈਟਰਵਰਕ ਜਿਉਂ ਦਾ ਤਿਉਂ ਜਾਰੀ ਰਿਹਾ। 'ਆਪ' ਦੀ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਨਾਂ ਦਾ ਉਪਰੇਸ਼ਨ-2 ਚਲਾਇਆ ਜਾ ਰਿਹਾ ਹੈ। ਪੰਜਾਬ ਦੇ ਰਾਜਪਾਲ ਵੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਲੈ ਕੇ ਇਸ ਮਸਲੇ 'ਤੇ ਇੱਕ ਮਾਰਚ ਆਯੋਜਿਤ ਕਰ ਰਹੇ ਹਨ, ਪਰ ਇਸ ਦਾ ਵੀ ਹਾਲਾਂ ਤੱਕ ਕੋਈ ਸਾਰਥਕ ਸਿੱਟਾ ਨਹੀਂ ਨਿਕਲਿਆਂ ਹੈ। ਹੁਣ ਹਾਲ ਇਹ ਹੈ ਕਿ ਇਸ ਵਾਰ ਭਾਰਤੀ ਜਨਤਾ ਪਾਰਟੀ ਅਤੇ ਪੰਜਾਬ ਦੇ ਰਾਜਪਾਲ ਖੁਦ ਹੀ ਨਸ਼ਿਆਂ ਵਿਰੁੱਧ ਇੱਕ ਮੁਹਿੰਮ ਚਲਾ ਰਹੇ ਹਨ। ਥੋੜ੍ਹਾ ਜਿਹਾ ਵੀ ਧਿਆਨ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਹੋ ਮਸਲਾ ਹੈ ਜਿਸ ਨੂੰ ਆਮ ਆਦਮੀ ਪਾਰਟੀ ਕੈਸ਼ ਕਰਵਾਉਣ ਦਾ ਯਤਨ ਕਰ ਰਹੀ ਹੈ। ਇਸ ਮੁਹਿੰਮ ਤਹਿਤ ਹਜ਼ਾਰਾਂ ਕਥਿਤ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਬਹੁਤੇ ਨਵੇਂ ਨਸ਼ਿਆਂ ਨੂੰ ਮਾੜਾ ਮੋਟਾ ਮੂੰਹ ਮਾਰਦੇ ਸਨ। ਇਸ ਮਾਮਲੇ ਨਾਲ ਸੰਬੰਧਤ ਕਥਿਤ ਦੋਸ਼ੀਆਂ ਦੇ ਘਰ ਵੀ ਢਾਹੇ ਗਏ, ਪਰ ਇਹ ਵੇਖ ਕੇ ਕਿ ਕੋਈ ਤਾਕਤਵਰ ਅਫਸਰਸ਼ਾਹ ਜਾਂ ਸਿਆਸਤਦਾਨ ਇਸ ਮੁਹਿੰਮ ਵਿੱਚ ਨਾ ਰਗੜਿਆ ਜਾਵੇ।

ਨਸ਼ਿਆਂ ਦੇ ਮਾਮਲੇ ਵਿੱਚ ਇੱਕ ਐਸ.ਐਸ.ਪੀ. ਰਾਜਜੀਤ ਸਿੰਘ ਦੇਰ ਤੋਂ ਭਗੌੜਾ ਹੈ, ਪਰ ਉਸ ਦਾ ਘਰ ਸਹੀ ਸਲਾਮਤ ਹੈ। ਨਸ਼ਿਆਂ ਦੇ ਮਾਮਲੇ ਵਿੱਚ ਬਦਨਾਮ ਸਿਆਸੀ ਵਿਅਕਤੀਆਂ ਵਿੱਚ ਲਾ ਪਾ ਇੱਕ ਬਿਕਰਮਜੀਤ ਸਿੰਘ ਮਜੀਠੀਆ ਹੀ ਹੈ, ਜਿਸ ਨੂੰ ਹੱਥ ਪਾਇਆ ਗਿਆ ਹੈ, ਉਹ ਵੀ ਨਸ਼ਿਆਂ ਵਾਲੇ ਮਾਮਲੇ ਵਿੱਚ ਨਹੀਂ ਸਗੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ। ਉਹਦੇ ਵਿੱਚੋਂ ਵੀ ਕੁਝ ਨਿਕਲਦਾ ਨਹੀਂ ਜਾਪਦਾ ਹੈ। ਰਾਧਾ ਸੁਆਮੀ ਡੇਰਾ ਦੇ ਸਾਬਕਾ ਮੁਖੀ ਦੀ ਕਿਰਪਾ ਨਾਲ ਜੇਲ੍ਹ ਤੋਂ ਬਾਹਰ ਆਏ ਬਿਕਰਮਜੀਤ ਸਿੰਘ ਮਜੀਠੀਆ ਨੇ ਚੰਡੀਗੜ੍ਹ ਤੋਂ ਅੰਮ੍ਰਿਤਸਰ ਤੱਕ ਸ਼ੁਕਰਾਨਾ ਯਾਤਰਾ ਕੱਢ ਕੇ ਬਾਕਾਇਦਾ ਹੀਰੋ ਬਣਨ ਦਾ ਯਤਨ ਕੀਤਾ ਹੈ। ਇਹ ਬਾਕੀ ਪਾਰਟੀਆਂ ਦੇ ਨਾਲ ਨਾਲ ਸੁਖਬੀਰ ਸਿੰਘ ਬਾਦਲ ਨੂੰ ਵੀ ਇੱਕ ਚੁਣੌਤੀ ਹੈ। ਮਜੀਠੀਆ ਅਸਲ ਵਿੱਚ ਅਕਾਲੀ ਏਕਤਾ ਦੀ ਗੱਲ ਤੋਰ ਕੇ ਅੱਗੇ ਵਧਣ ਦਾ ਯਤਨ ਕਰ ਰਿਹਾ ਹੈ; ਜਦੋਂਕਿ ਅਕਾਲੀ ਦਲ ਵਾਰਸ ਪੰਜਾਬ ਦੇ ਵਿੱਚੋਂ ਉਨ੍ਹਾਂ ਵੱਲ ਕਿਸੇ ਦੇ ਆਉਣ ਦੀ ਉਮੀਦ ਨਹੀਂ। ਪੁਨਰਸੁਰਜੀਤ ਅਕਾਲੀ ਦਲ ਨੂੰ ਦੋ ਧਾਰਾਵਾਂ ਹਾਲੇ ਕਮਜ਼ੋਰੀ ਦੀ ਹਾਲਤ ਵਿੱਚ ਰੱਖ ਰਹੀਆਂ ਹਨ।


ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਸਟਾਈਲ ਅਕਾਲੀ ਦਲ ਦਾ ਇੱਕ ਧੜਾ ਪੁਨਰਸੁਰਜੀਤ ਅਕਾਲੀ ਦਲ ਨੂੰ ਭਾਜਪਾ ਵੱਲ ਖਿੱਚ ਰਿਹਾ ਹੈ, ਜਦਕਿ ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ ਵਾਲਾ ਧੜਾ ਭਾਜਪਾ ਨਾਲ ਹੇਜ਼ ਰੱਖਣ ਵਾਲੀ ਧਾਰਾ ਤੋਂ ਅਲੱਗ ਦਿਸਣ ਦਾ ਯਤਨ ਕਰ ਰਿਹਾ ਹੈ। ਇਸ ਦੇ ਬਾਵਜੂਦ ਕਿ ਪੁਨਰਸੁਰਜੀਤ ਅਕਾਲੀ ਦਲ 2 ਦਸੰਬਰ ਦੇ ਅਕਾਲ ਤਖਤ ਸਾਹਿਬ ਤੋਂ ਹੋਏ ਹੁਕਮਨਾਮੇ ਅਨੁਸਾਰ ਹੋਂਦ ਵਿੱਚ ਆਇਆ, ਪਰ ਇਸ ਦੇ ਬਾਵਜੂਦ ਇਸ ਅਕਾਲੀ ਦਲ ਵਿੱਚ ਮੁੱਦਿਆਂ ਦੀ ਲੜਾਈ ਤੋਂ ਟਾਲਾ ਵੱਟਣ ਦਾ ਯਤਨ ਕਰ ਰਿਹਾ ਹੈ। ਪਾਣੀ ਅਤੇ ਡੈਮਾਂ ਆਦਿ ਸਮੇਤ ਅੱਜ ਪੰਜਾਬ ਤੋਂ ਤਕਰੀਬਨ ਸਾਰਾ ਕੁਝ ਖੋਹ ਲਿਆ ਗਿਆ ਹੈ ਅਤੇ ਭਾਰਤ-ਪਾਕਿ ਬਾਰਡਰ ਤੋਂ ਲੈ ਕੇ ਇੱਕ ਵੱਡੇ ਖਿੱਤੇ ਵਿੱਚ ਬਾਰਡਰ ਸਿਕਿਉਰਿਟੀ ਫੋਰਸ ਦੀ ਸੱਤਾ ਚਲਦੀ ਹੈ। ਬਚਦੀ ਖੁਚਦੀ ਸੱਤਾ ਵੀ ਪੰਜਾਬ ਦੇ ਮੁੱਖ ਮੰਤਰੀ ਦੇ ਹੱਥ ਨਹੀਂ ਹੈ, ਸਗੋਂ 'ਆਪ' ਦੀ ਕੇਂਦਰੀ ਲੀਡਰਸ਼ਿਪ ਇਸ ਦਾ ਇਸਤੇਮਾਲ ਕਰ ਰਹੀ ਹੈ।

ਅਸਲ ਵਿੱਚ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਨੂੰ ਉਸ ਦੇ ਅਸਲ ਅਤੇ ਜਾਇਜ਼ ਬੁਲਾਰੇ ਤੋਂ ਬਚਾਉਣ ਦਾ ਯਤਨ ਕਰਦੀ ਹੈ। ਇਹ ਸਾਰਾ ਕੁਝ ਕੇਂਦਰ ਸਰਕਾਰ ਦੀ ਮਦਦ ਨਾਲ ਹੋ ਰਿਹਾ ਹੈ। ਪੰਜਾਬ ਦੀ ਗਿਣੀ ਮਿੱਥੀ ਬਰਬਾਦੀ ਦੇ ਇਹ ਚਿੱਠੇ ਖੁਲ੍ਹੇ ਪਏ ਹਨ। ਇਸ ਤਰ੍ਹਾਂ ਕੇਂਦਰ ਸਰਕਾਰ ਜਿਉਂਦੇ ਜਾਗਦੇ ਪੰਜਾਬ ਨੂੰ ਮਿੱਟੀ ਦਾ ਮਾਧੋ ਬਣਾ ਕੇ ਖੁਦ ਆਪਣੇ ਹੀ ਖਿਲਾਫ ਵਰਤਣ ਦਾ ਯਤਨ ਕਰ ਰਹੀ ਹੈ। ਇਹ ਸਾਰੀ ਕਸ਼ਮ-ਕਸ਼ ਸੰਕੇਤ ਦਿੰਦੀ ਹੈ ਕਿ ਪੰਜਾਬ ਕਿਧਰੇ ਆਪਣਾ ਇਨਸਾਫ ਲੈਣ ਲਈ ਮੁੜ ਕੇ ਖੜਕੇ-ਦੜਕੇ ਵਾਲੇ ਰਾਹ 'ਤੇ ਨਹੀਂ ਪੈ ਜਾਏਗਾ? ਪੰਜਾਬ ਬਾਰੇ ਅਜਿਹੀਆਂ ਚਿਤਾਵਨੀਆਂ ਹੰਢੇ ਵਰਤੇ ਬੁੱਧੀਜੀਵੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਨਵਿਆਂ ਦਾ ਸਿਆਸੀ ਜੋਸ਼ ਨਜ਼ਰ ਅੰਦਾਜ਼ ਕਰ ਰਿਹਾ ਹੈ।

# ਭਾਰਤ ਦੇ ਸਾਬਕਾ ਫ਼ੌਜ ਮੁਖੀ ਦੀ ਸੈਂਸਰ ਕੀਤੀ ਕਿਤਾਬ ਤੋਂ ਉੱਠਦੇ ਚਾਰ ਅਹਿਮ ਸਵਾਲ

## 'ਜੋ ਠੀਕ ਲੱਗੇ, ਉਹ ਕਰੋ'

***ਭਾਰਤ ਦੇ ਸਾਬਕਾ ਥਲਸੈਨਾ ਮੁਖੀ ਜਨਰਲ ਐੱਮ.ਐੱਮ. ਨਰਵਣੇ ਦੀ ਸੈਂਸਰ ਕੀਤੀ ਗਈ ਕਿਤਾਬ ਵਿੱਚ ਦਰਜ ਇੱਕ ਫੋਨ ਕਾਲ ਨੂੰ ਲੈ ਕੇ ਵਿਵਾਦ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਕਿਤਾਬ ਅਨੁਸਾਰ ਭਾਰਤ-ਚੀਨ ਸਰਹੱਦ 'ਤੇ ਬੇਹੱਦ ਤਣਾਅ ਦੇ ਸਮੇਂ ਫੌਜ ਨੂੰ ਸਰਕਾਰ ਵੱਲੋਂ ਦਿੱਤੇ ਗਏ ਨਿਰਦੇਸ਼ ਸਿਰਫ਼ ਇੰਨੇ ਹੀ ਸਨ- "ਜੋ ਤੁਹਾਨੂੰ ਠੀਕ ਲੱਗੇ, ਉਹ ਕਰੋ।" ਪਰ ਇਹ ਕਿਤਾਬ ਹੋਰ ਵੀ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ, ਜਿਨ੍ਹਾਂ ਦੇ ਜਵਾਬ ਮਿਲਣੇ ਜ਼ਰੂਰੀ ਹਨ।***



ਭਾਰਤ ਦੇ ਸਾਬਕਾ ਥਲਸੈਨਾ ਮੁਖੀ ਜਨਰਲ ਐੱਮ.ਐੱਮ. ਨਰਵਣੇ ਵੱਲੋਂ ਆਪਣੀ ਕਿਤਾਬ ਵਿੱਚ ਇੱਕ ਫੋਨ ਕਾਲ ਦਾ ਜ਼ਿਕਰ ਕਰਨ ਤੋਂ ਬਾਅਦ ਸੰਸਦ ਦੇ ਮੌਜੂਦਾ ਬਜਟ ਸੈਸ਼ਨ ਦੌਰਾਨ ਵਿਵਾਦ ਹੋਰ ਗਹਿਰਾ ਹੋ ਗਿਆ ਹੈ। ਕਿਤਾਬ ਮੁਤਾਬਕ ਭਾਰਤ-ਚੀਨ ਸਰਹੱਦ 'ਤੇ ਭਿਆਨਕ ਤਣਾਅ ਵੇਲੇ ਫੌਜ ਨੂੰ ਸਰਕਾਰ ਵਲੋਂ ਸਿਰਫ਼ ਇਹ ਕਿਹਾ ਗਿਆ ਕਿ "ਜੋ ਠੀਕ ਸਮਝੋ, ਉਹ ਕਰੋ।"

ਇਸ ਮਾਮਲੇ 'ਤੇ ਵਿਰੋਧੀ ਧਿਰ ਮੋਦੀ ਸਰਕਾਰ 'ਤੇ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟਣ ਦੇ ਦੋਸ਼ ਲਗਾ ਰਹੀ ਹੈ ਅਤੇ ਕਈ ਸਵਾਲ ਉਠਾਏ ਜਾ ਰਹੇ ਹਨ। 'ਦ ਕਾਰਵਾਂ' ਵਿੱਚ ਛਪੀ ਜਨਰਲ ਨਰਵਣੇ ਦੀ ਹੁਣ ਤੱਕ ਸੈਂਸਰ ਕੀਤੀ ਗਈ ਆਤਮਕਥਾ 'ਫੋਰ ਸਟਾਰ ਆਫ਼ ਡੈਸਟਿਨੀ' ਦੇ ਵੇਰਵਿਆਂ 'ਚ ਹੋਰ ਵੀ ਗੰਭੀਰ ਮਸਲੇ ਸਾਹਮਣੇ ਆਏ ਹਨ। ਮਈ 2020 ਦੇ ਦੂਜੇ ਹਫ਼ਤੇ ਗਲਵਾਨ 'ਚ ਬ੍ਰਿਗੇਡ ਕਮਾਂਡਰਾਂ ਦੀ ਮੀਟਿੰਗ ਤੋਂ ਬਾਅਦ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐੱਲ.ਏ.) ਨੇ ਉੱਥੇ ਟੈਂਟ ਲਗਾ ਲਏ ਸਨ। ਇਹ ਉਹੀ ਗਲਵਾਨ ਹੈ, ਜਿੱਥੇ 2020 ਵਿੱਚ ਭਾਰਤ ਦੇ 20 ਫ਼ੌਜੀ ਸ਼ਹੀਦ ਹੋ ਗਏ ਸਨ। ਭਾਰਤੀ ਫੌਜ ਦੇ ਨਾਰਦਰਨ ਕਮਾਂਡ ਅਤੇ 14 ਕੋਰਪਸ ਨੇ ਸ਼ੁਰੂ 'ਚ ਇਸਨੂੰ ਵੱਡਾ ਮਸਲਾ ਨਹੀਂ ਮੰਨਿਆ, ਪਰ 15 ਜੂਨ 2020 ਨੂੰ ਉਨ੍ਹਾਂ ਨੂੰ ਉੱਥੇ ਜਾ ਕੇ ਆਪਣੇ ਟੈਂਟ ਲਗਾਉਣ ਦਾ ਹੁਕਮ ਦਿੱਤਾ ਗਿਆ।

ਜਨਰਲ ਨਰਵਣੇ ਆਪਣੀ ਕਿਤਾਬ ਵਿੱਚ ਇਸ ਘਟਨਾਕ੍ਰਮ ਨਾਲ ਅਸੰਤੁਸ਼ਟ ਨਜ਼ਰ ਆਉਂਦੇ ਹਨ ਅਤੇ ਲਿਖਦੇ ਹਨ ਕਿ ਉਹ ਇਸ ਤੋਂ "ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸਨ।" ਸਵਾਲ ਇਹ ਹੈ ਕਿ ਦਿੱਲੀ ਤੋਂ ਇਹ ਹੁਕਮ ਕਿਸ ਨੇ ਦਿੱਤੇ? ਨਰਵਣੇ ਇਹ ਵੀ ਲਿਖਦੇ ਹਨ ਕਿ ਅਗਸਤ 2020 ਵਿੱਚ, ਗਲਵਾਨ ਘਟਨਾ ਤੋਂ ਸਿਰਫ਼ 11 ਹਫ਼ਤੇ ਬਾਅਦ, ਸਰਕਾਰ ਨੇ "ਪ੍ਰੋਟੋਕੋਲ" ਦਾ ਹਵਾਲਾ ਦਿੰਦਿਆਂ ਫੌਜ ਨੂੰ ਪੀ.ਐੱਲ.ਏ. 'ਤੇ ਗੋਲੀ ਚਲਾਉਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਫੌਜ ਦੇ ਜ਼ੋਰ ਪਾਉਣ 'ਤੇ ਆਗਿਆ ਤਾਂ ਮਿਲੀ, ਪਰ ਕਾਫ਼ੀ ਸਖ਼ਤ ਸ਼ਰਤਾਂ ਨਾਲ।

ਇਸਦੇ ਉਲਟ ਮੋਦੀ ਸਰਕਾਰ ਲਗਾਤਾਰ ਕਹਿੰਦੀ ਰਹੀ ਹੈ ਕਿ ਫੌਜ ਨੂੰ ਸਰਹੱਦ 'ਤੇ "ਪੂਰੀ ਛੋਟ" ਦਿੱਤੀ ਗਈ ਹੈ। ਤਾਂ ਫਿਰ ਸੱਚ ਕੀ ਹੈ?

ਜਦੋਂ ਭਾਰਤ ਤੇ ਚੀਨ ਦਰਮਿਆਨ ਕੋਰਪਸ ਕਮਾਂਡਰਾਂ ਦੀਆਂ ਮੀਟਿੰਗਾਂ ਸ਼ੁਰੂ ਹੋਈਆਂ ਤਾਂ ਵਿਦੇਸ਼ ਮੰਤਰਾਲੇ ਨੇ ਫੌਜ ਦੀ ਉਸ ਮੰਗ ਨੂੰ ਮਨਜ਼ੂਰੀ ਨਹੀਂ ਦਿੱਤੀ, ਜਿਸ ਵਿੱਚ ਮੀਟਿੰਗਾਂ ਦੀ ਲਿਖਤੀ ਕਾਰਵਾਈ (ਮਿਨਟਸ) ਦਰਜ ਕਰਨ ਦੀ ਗੱਲ ਸੀ। ਜੇ ਇਹ ਹੁੰਦਾ, ਤਾਂ ਭਾਰਤ ਚੀਨ ਨੂੰ ਉਸਦੇ ਬਿਆਨਾਂ ਲਈ ਜਵਾਬਦੇਹ ਠਹਿਰਾ ਸਕਦਾ ਸੀ। ਇੱਥੇ ਸਵਾਲ ਖੜ੍ਹਾ ਹੁੰਦਾ ਹੈ ਕਿ ਉਸ ਸਮੇਂ ਸਰਕਾਰ ਕਿੱਥੇ ਸੀ?

ਸਭ ਤੋਂ ਅਹਿਮ ਸਵਾਲ ਡਿਸਅੰਗੇਜਮੈਂਟ (ਪਿੱਛੇ ਹਟਣ) ਦੇ ਸੰਦਰਭ ਬਿੰਦੂ ਨੂੰ ਲੈ ਕੇ ਹੈ। ਭਾਰਤ ਅਤੇ ਚੀਨ ਵਿੱਚ ਅਸਲ ਕੰਟਰੋਲ ਰੇਖਾ ਬਾਰੇ ਕੋਈ ਸਾਂਝੀ ਸਹਿਮਤੀ ਨਹੀਂ। ਨਰਵਣੇ ਲਿਖਦੇ ਹਨ ਕਿ ਉਨ੍ਹਾਂ ਅਤੇ ਡੀ.ਜੀ.ਐੱਮਓ. ਨੇ ਇੱਕ ਫਾਰਮੂਲਾ ਕੱਢਿਆ-ਦੋਵੇਂ ਦੇਸ਼ ਆਪਣੇ-ਆਪਣੇ ਸੰਦਰਭ ਬਿੰਦੂ ਤੈਅ ਕਰਨ ਅਤੇ ਉਥੋਂ ਬਰਾਬਰ ਦੂਰੀ ਤੱਕ ਪਿੱਛੇ ਹਟਣ। ਪਰ ਬਫ਼ਰ ਜ਼ੋਨ ਬਣਾਉਂਦੇ ਸਮੇਂ ਭਾਰਤੀ ਪੱਖ ਨੇ ਚੀਨ ਦੇ ਦਾਅਵਿਆਂ ਨੂੰ ਤਰਜੀਹ ਦਿੱਤੀ, ਕਿਉਂਕਿ ਭਾਰਤ ਉਨ੍ਹਾਂ ਥਾਵਾਂ ਤੋਂ ਵੀ ਪਿੱਛੇ ਹਟ ਗਿਆ, ਜਿੱਥੇ ਮਈ 2020 ਵਿੱਚ ਚੀਨੀ ਫ਼ੌਜ ਪਹਿਲਾਂ ਹੀ ਵੜ ਚੁੱਕੀ ਸੀ। ਨਤੀਜੇ ਵਜੋਂ ਜ਼ਿਆਦਾਤਰ ਬਫ਼ਰ ਜ਼ੋਨ ਭਾਰਤੀ ਪਾਸੇ ਬਣੇ, ਜੋ ਭਵਿੱਖ ਦੀਆਂ ਗੱਲਬਾਤਾਂ ਲਈ ਇੱਕ ਨਜ਼ੀਰ ਬਣ ਗਏ ਹਨ।

15 ਜੂਨ 2020 ਨੂੰ 20 ਭਾਰਤੀ ਫ਼ੌਜੀਆਂ ਦੀ ਸ਼ਹਾਦਤ ਤੋਂ ਬਾਅਦ ਸਰਵ-ਪਾਰਟੀ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ, "ਨਾ ਕੋਈ ਭਾਰਤੀ ਸਰਹੱਦ ਵਿੱਚ ਦਾਖ਼ਲ ਹੋਇਆ ਸੀ, ਨਾ ਕੋਈ ਦਾਖ਼ਲ ਹੋਇਆ ਹੈ।" ਇਸ ਤੋਂ ਬਾਅਦ ਨਾ ਤਾਂ ਕੋਈ ਪ੍ਰੈਸ ਕਾਨਫਰੰਸ ਹੋਈ ਅਤੇ ਨਾ ਹੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਸੰਸਦ ਵਿੱਚ ਪੁੱਛੇ ਗਏ ਸਵਾਲਾਂ ਅਤੇ ਬਹਿਸਾਂ ਨੂੰ ਵੀ "ਰਾਸ਼ਟਰੀ ਸੁਰੱਖਿਆ" ਦੇ ਨਾਂ 'ਤੇ ਦਬਾਅ ਦਿੱਤਾ ਗਿਆ। ਜਦਕਿ 1962 ਦੇ ਭਾਰਤ-ਚੀਨ ਯੁੱਧ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਸੰਸਦ ਵਿੱਚ ਖੁਦ ਸਵਾਲਾਂ ਦੇ ਜਵਾਬ ਦਿੰਦੇ ਸਨ। ਮੌਜੂਦਾ ਬਜਟ ਸੈਸ਼ਨ ਦੌਰਾਨ ਲੋਕ ਸਭਾ ਦੀ ਕਾਰਵਾਈ ਚੱਲਣ ਨਹੀਂ ਦਿੱਤੀ ਗਈ। ਸੱਤਾ ਧਿਰ ਨੇ ਸਰਹੱਦੀ ਵਿਵਾਦ ਅਤੇ ਸਰਕਾਰ ਦੀ ਭੂਮਿਕਾ 'ਤੇ ਚਰਚਾ ਦੀ ਆਗਿਆ ਨਹੀਂ ਦਿੱਤੀ। ਇਸ ਦੇ ਨਾਲ ਹੀ ਅੱਠ ਵਿਰੋਧੀ ਸੰਸਦ ਮੈਂਬਰਾਂ ਨੂੰ ਸਦਨ ਤੋਂ ਮੁਅੱਤਲ ਕਰ ਦਿੱਤਾ ਗਿਆ।

ਇਸ ਦੌਰਾਨ 3 ਫ਼ਰਵਰੀ ਨੂੰ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਪੀਕਰ ਓਮ ਬਿਰਲਾ ਨੂੰ ਚਿੱਠੀ ਲਿਖ ਕੇ ਕਿਹਾ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ ਬੋਲਣ ਤੋਂ ਰੋਕਿਆ ਗਿਆ, ਜੋ "ਸੰਸਦ ਦੇ ਇਤਿਹਾਸ ਵਿੱਚ ਪਹਿਲੀ ਵਾਰ" ਹੋਇਆ ਹੈ। ਉਨ੍ਹਾਂ ਇਸ ਨੂੰ "ਲੋਕਤੰਤਰ 'ਤੇ ਧੱਬਾ" ਕਰਾਰ ਦਿੱਤਾ। ਰਾਹੁਲ ਗਾਂਧੀ ਨੇ ਲਿਖਿਆ ਕਿ ਸਰਕਾਰ ਦੇ ਦਬਾਅ ਹੇਠ ਸਪੀਕਰ ਨੂੰ ਉਨ੍ਹਾਂ ਨੂੰ ਬੋਲਣ ਤੋਂ ਰੋਕਣਾ ਪਿਆ ਅਤੇ ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਜਾਣ-ਬੁੱਝ ਕੇ ਉਨ੍ਹਾਂ ਦੀ ਆਵਾਜ਼ ਦਬਾਈ ਜਾ ਰਹੀ ਹੈ।

***('ਦ ਵਾਇਰ' ਤੋਂ ਧੰਨਵਾਦ ਸਹਿਤ)***

# ਭਾਰਤ-ਅਮਰੀਕਾ ਵਪਾਰ ਸਮਝੌਤੇ ’ਤੇ ਵਿਵਾਦ

ਜਸਵੀਰ ਸਿੰਘ ਮਾਂਗਟ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹਿੰਦੋਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਕੁਝ ਦਿਨ ਪਹਿਲਾਂ ਹੋਇਆ ਅੰਤ੍ਰਿਮ ਟਰੇਡ ਸਮਝੌਤਾ ਅਮਲ ਵਿੱਚ ਆਉਣ ਲਈ ਹਾਲੇ ਛੇ ਮਹੀਨੇ ਲਏਗਾ, ਫਿਰ ਵੀ ਇਸ ਦੇ ਹਾਂਮੁਖੀ ਤੇ ਮਨਫੀ ਪੱਖਾਂ ਬਾਰੇ ਰਾਜਨੀਤਿਕ ਪਾਰਟੀਆਂ ਅਤੇ ਬੁੱਧੀਜੀਵੀਆਂ/ਮਾਹਿਰਾਂ ਵਿਚਾਲੇ ਹੁਣੇ ਤੋਂ ਬਹਿਸ ਸ਼ੁਰੂ ਹੋ ਗਈ ਹੈ। ਯਾਦ ਰਹੇ, ਇਸ ਤੋਂ ਪਹਿਲਾਂ ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਾਲੇ ਇੱਕ ਟਰੇਡ ਸਮਝੌਤਾ ਹੋ ਚੁਕਾ ਹੈ। ਅਸਲ ਵਿੱਚ ਭਾਰਤ ਅਤੇ ਯੂਰਪ ਵਿਚਕਾਰ ਹੋਏ ਸਮਝੌਤੇ ਨੇ ਅਮਰੀਕੀ ਰਾਸ਼ਟਰਪਤੀ ਨੂੰ ਭਾਰਤ ਨਾਲ ਵਪਾਰ ਸਮਝੌਤਾ ਕਰਨ ਲਈ ਉਤਸ਼ਾਹਿਤ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਅੰਤ੍ਰਿਮ ਸਮਝੌਤੇ ਅਨੁਸਾਰ ਭਾਰਤ ਅਮਰੀਕੀ ਦਰਾਮਦ ਉਪਰ ਜ਼ੀਰੋ ਫੀਸਦੀ ਆਯਾਤ ਕਰ ਲਾਏਗਾ, ਜਦੋਂਕਿ ਭਾਰਤ ਤੋਂ ਐਕਸਪੋਰਟ ਹੋਣ ਵਾਲੀਆਂ ਵਸਤਾਂ ‘ਤੇ ਅਮਰੀਕਾ ਵੱਲੋਂ 18 ਫੀਸਦੀ ਕਰ ਲਗਾ ਲਿਆ ਜਾਵੇਗਾ। ਇਸੇ ਅਸੰਤੁਲਨ ਨੂੰ ਆਧਾਰ ਬਣਾ ਕੇ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜ਼ੋਰਦਾਰ ਆਲੋਚਨਾ ਕੀਤੀ ਹੈ। ਕਾਂਗਰਸ ਪਾਰਟੀ ਦੇ ਕੌਮੀ ਬੁਲਾਰੇ ਪਵਨ ਖੇੜਾ ਨੇ ਇਸ ਸਬੰਧੀ ਕੀਤੀ ਇੱਕ ਪ੍ਰੈੱਸ ਕਾਨਫਰੰਸ ਵਿੱਚ ਬੋਲਦਿਆਂ ਕਿਹਾ ਕਿ ਨਰਿੰਦਰ ਮੋਦੀ ਨੇ ਕਥਿਤ ਟਰੇਡ ਐਗਰੀਮੈਂਟ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਹੈ। ਉਨ੍ਹਾਂ ਇੱਕ ਕਾਵਿਕ ਜੁਮਲਾ ਘੜਦਿਆਂ ਕਿਹਾ ਕਿ “ਨਾਮ ਨਰੇਂਦਰ, ਕਾਮ ਸੇਰੰਡਰ।” ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਆਪਣੇ ਸਰੰਡਰ ਨੂੰ ਸਮਝੌਤੇ ਵਜੋਂ ਪੇਸ਼ ਕਰਨ ਲਈ ਦੇਸ਼ ਦੇ ਕੌਮੀ ਮੀਡੀਏ ਦੀਆਂ ਸੁਰਖੀਆਂ ਮੈਨੇਜ ਕੀਤੀਆਂ ਜਾ ਰਹੀਆਂ ਹਨ।

ਦੂਜੇ ਪਾਸੇ ਸਰਕਾਰ ਦਾ ਆਖਣਾ ਹੈ ਕਿ ਇਸ ਵਪਾਰ ਸਮਝੌਤੇ ਨਾਲ ਭਾਰਤ ਨੂੰ ਬਹੁਤ ਲਾਭ ਹੋਵੇਗਾ। ਭਾਰਤ ਦੇ ਵਣਜ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਸਰਕਾਰ ਨੇ ਇਸ ਸਮਝੌਤੇ ਵਿੱਚ ਡੇਅਰੀ ਸਮੇਤ ਸੰਵੇਦਨਸ਼ੀਲ ਖੇਤੀ ਪੈਦਾਵਾਰ ਦੀ ਸੁਰੱਖਿਆ ਨੂੰ ਕਾਇਮ ਰੱਖਿਆ ਹੈ। ਵਣਜ ਮੰਤਰੀ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਸਰਕਾਰ ਨੇ ਉਸ ਕਰ ਢਾਂਚੇ ਨੂੰ ਕਾਇਮ ਰੱਖਿਆ ਹੈ, ਜਿਹੜਾ ਪਹਿਲਾਂ




ਤੋਂ ਚੱਲਿਆ ਆ ਰਿਹਾ ਹੈ। ਇਸ ਦੇ ਨਾਲ ਹੀ ਭਾਰਤੀ ਉਤਪਾਦਕਾਂ, ਤਕਨੀਕੀ ਪੈਦਾਵਾਰ ਕਰਨ ਵਾਲੇ ਉੱਦਮੀਆਂ ਅਤੇ ਕਿਰਤ ਮੁਖੀ ਸਨਅਤੀ ਪੈਦਾਵਾਰ ਲਈ ਵਿਆਪਕ ਦੁਆਰ ਖੋਲ੍ਹੇ ਗਏ ਹਨ। ਉਨ੍ਹਾਂ ਕਿਹਾ ਕਿ ਬਾਕੀ ਦੇਸ਼ਾਂ ਦੇ ਮੁਕਾਬਲੇ ਅਮਰੀਕਾ ਨੇ ਭਾਰਤੀ ਵਸਤਾਂ ਉਪਰ ਟੈਰਿਫ ਕਾਫੀ ਘੱਟ ਕਰ ਦਿੱਤਾ ਹੈ। ਭਾਰਤੀ ਵਸਤਾਂ ਉਪਰ ਸਮੂਹਿਕ ਤੌਰ ‘ਤੇ ਇਹ ਟੈਕਸ ਪੰਜਾਹ ਫੀਸਦੀ ਤੋਂ ਘਟਾ ਕੇ 18 ਫੀਸਦੀ ਕਰ ਦਿੱਤਾ ਗਿਆ ਹੈ। ਰੂਸ ਕੋਲੋਂ ਕੱਚੇ ਤੇਲ ਦੀ ਖ਼ਰੀਦ ਜਾਰੀ ਰੱਖਣ ਕਾਰਨ ਅਮਰੀਕਾ ਵੱਲੋਂ ਇੱਕ ਮੌਕੇ ਆਯਾਤ ਟੈਕਸ 150 ਫੀਸਦੀ ਵੀ ਕਰ ਦਿੱਤਾ ਗਿਆ ਸੀ, ਪਰ ਬਾਅਦ ਵਿੱਚ ਜਦੋਂ ਭਾਰਤ ਨੇ ਰੂਸੀ ਕੱਚੇ ਤੇਲ ਦੀ ਦਰਾਮਦ ਕਾਫੀ ਘਟਾ ਦਿੱਤੀ ਤਾਂ ਇਹ ਟੈਰਿਫ ਘਟਾ ਕੇ ਪੰਜਾਹ ਫੀਸਦੀ ਕਰ ਦਿੱਤਾ ਗਿਆ। ਵਣਜ ਮੰਤਰੀ ਪਿਊਸ਼ ਗੋਇਲ ਅਨੁਸਾਰ ਭਾਰਤੀ ਖੇਤੀ ਖੇਤਰ ਨੂੰ ਇਸ ਸਮਝੌਤੇ ਤਹਿਤ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਗਿਆ ਹੈ। ਸਰਕਾਰੀ ਪੱਖ ਅਨੁਸਾਰ ਕਣਕ, ਚੌਲ, ਮੱਕੀ, ਸੋਇਆਬੀਨ, ਤੇਲ ਬੀਜ, ਪੋਲਟਰੀ ਅਤੇ ਹੋਰ ਕਈ ਕਿਸਮ ਦਾ ਮੀਟ, ਐਥਨੌਲ ਤੇ ਤੰਬਾਕੂ ਉਪਰ ਕੋਈ ਛੋਟ ਨਹੀਂ ਦਿੱਤੀ ਗਈ ਹੈ। ਇਸ ਤੋਂ ਇਲਾਵਾ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ- ਪਨੀਰ, ਘਿਓ, ਮੱਖਣ, ਕਰੀਮ, ਦਹੀਂ, ਬਟਰ ਮਿਲਕ ਆਦਿ ਵਿੱਚ ਅਮਰੀਕੀ ਡੇਅਰੀ ਪੈਦਾਵਾਰ ਲਈ ਕੋਈ ਛੋਟ ਨਹੀਂ ਦਿੱਤੀ ਗਈ ਹੈ। ਇਸੇ ਤਰ੍ਹਾਂ ਤਾਜ਼ਾ ਸਬਜ਼ੀਆਂ, ਫਲਾਂ ਅਤੇ ਫਰੀਜ਼ ਕੀਤੇ ਗਏ ਫਲਾਂ ਉਪਰ ਵੀ ਸਮਝੌਤੇ ਤਹਿਤ ਕੋਈ ਛੋਟ ਨਹੀਂ ਦਿੱਤੀ ਗਈ ਹੈ। ਇਸੇ ਤਰ੍ਹਾਂ ਪ੍ਰੋਸੈਸ ਕੀਤੀਆਂ ਗਈਆਂ ਸਬਜ਼ੀਆਂ, ਸੁਕਾਈਆਂ ਹੋਈਆਂ ਸਬਜ਼ੀਆਂ, ਕੇਲੇ, ਅੰਬ ਅਤੇ ਸੰਤਰੇ ਦੀ ਨਸਲ ਦੇ ਫਲਾਂ ‘ਤੇ ਵੀ ਕੋਈ ਟੈਕਸ ਢਿੱਲ ਨਹੀਂ ਦਿੱਤੀ ਗਈ। ਭਾਰਤੀ ਰਵਾਇਤੀ ਮਸਾਲਿਆਂ, ਚਾਹ ਆਦਿ ਨੂੰ ਵੀ ਸੁਰੱਖਿਅਤ ਵਸਤੂਆਂ ਦੇ ਖਾਨੇ ਵਿੱਚ ਰੱਖਿਆ ਗਿਆ ਹੈ।

ਇਸ ਸਮਝੌਤੇ ਤਹਿਤ ਗਹਿਣੇ, ਟੈਕਸਟਾਈਲ ਪੈਦਾਵਾਰ, ਚਮੜਾ ਅਤੇ ਚਮੜੇ ਤੋਂ ਬਣਿਆ ਸਾਮਾਨ, ਪਲਾਸਟਿਕ ਅਤੇ ਰਬੜ ਦੀਆਂ ਬਣੀਆਂ ਵਸਤੂਆਂ, ਘਰੇਲੂ ਸਜਾਵਟ ਦਾ ਸਾਮਾਨ, ਕਾਰਪੈਟ, ਦਸਤਕਾਰੀ, ਦਵਾਈਆਂ, ਹੀਰੇ-ਜਵਾਹਰਾਤ ਅਤੇ ਹਵਾਈ ਜਹਾਜ਼ਾਂ ਦੇ ਸਪੇਅਰ ਪਾਰਟਸ ਉਤੇ 18 ਫੀਸਦੀ ਅਮਰੀਕੀ ਆਯਾਤ ਟੈਕਸ ਲੱਗੇਗਾ। ਕੁਝ ਭਾਰਤੀ ਵਸਤੂਆਂ ਉਪਰ ਮੈਟਲ ਸਿਕਿਉਰਿਟੀ ਟੈਕਸ ਅਮਰੀਕਾ ਨੇ ਵਾਪਸ ਲੈ ਲਿਆ ਹੈ। ਵਣਜ ਮੰਤਰੀ ਅਨੁਸਾਰ ਭਾਰਤ ਅਤੇ ਅਮਰੀਕਾ ਵਿਚਕਾਰ ਇਹ ਵਪਾਰ ਸਮਝੌਤਾ ਨਾ ਸਿਰਫ ਭਾਰਤੀ ਸਨਅਤੀ ਪੈਦਾਵਾਰ ਨੂੰ ਇੱਕ ਵਿਸ਼ਾਲ ਅਮਰੀਕੀ ਮੰਡੀ ਮੁਹੱਈਆ ਕਰਵਾਏਗਾ, ਸਗੋਂ ਇਹ ਕਿਰਤ ਪ੍ਰਧਾਨ ਖੇਤਰ ਅਤੇ ਡਿਜ਼ੀਟਲ ਖੇਤਰ- ਦੋਹਾਂ ਨੂੰ ਵੱਡਾ ਉਗਾਸਾ ਦੇਵੇਗਾ।

ਦੋਹਾਂ ਮੁਲਕਾਂ ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਅਨੁਸਾਰ ਦੋਨੋਂ ਮੁਲਕ ਦੁਵੱਲੇ ਵਪਾਰ ਸਮਝੌਤੇ ਰਾਹੀਂ ਆਪਸੀ ਵਪਾਰ ਨੂੰ ਹੋਰ ਮਜਬੂਤ ਕਰਨ ਅਤੇ ਇੱਕ ਦੂਜੇ ਦੀਆਂ ਮੰਡੀਆਂ ਤੱਕ ਪਹੁੰਚ ਵਧਾਉਣ ਦੇ ਯਤਨ ਕਰਨਗੇ। ਅਮਰੀਕੀ ਧਿਰ ਨੇ ਇਹ ਯਕੀਨ ਦਿਵਾਇਆ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਵਪਾਰ ਸਮਝੌਤੇ ਦੇ ਅੱਗੇ ਵਧਣ ‘ਤੇ ਭਾਰਤ ਵੱਲੋਂ ਅਮਰੀਕਾ ਵੱਲ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਉਪਰ ਆਯਾਤ ਕਰ ਘਟਾਇਆ ਜਾਵੇਗਾ। ਇਸ ਤੋਂ ਇਲਾਵਾ ਵਪਾਰ ਮਾਰਗਾਂ ਅਤੇ ਸਪਲਾਈ ਚੇਨਾਂ ਨੂੰ ਵੀ ਮਜਬੂਤ ਤੇ ਭਰੋਸੇਯੋਗ ਬਣਾਇਆ ਜਾਵੇਗਾ।

ਇਸ ਸਮਝੌਤੇ ਅਨੁਸਾਰ ਭਾਰਤੀ ਧਿਰ ਨੇ ਯਕੀਨ ਦਿਵਾਇਆ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਸਾਜ਼ੋ-ਸਾਮਾਨ ਖਰੀਦੇਗਾ, ਜਿਸ ਵਿੱਚ ਊਰਜਾ ਵਸਤਾਂ, ਹਵਾਈ ਜਹਾਜ਼, ਹਵਾਈ ਜਹਾਜ਼ਾਂ ਦੇ ਸਪੇਅਰ ਪਾਰਟਸ, ਦੁਰਲੱਭ ਧਾਤਾਂ, ਤਕਨੀਕੀ ਪੈਦਾਵਾਰ ਅਤੇ ਕੋਕਾ ਪੈਦਾਵਾਰ ਆਦਿ ਸ਼ਾਮਲ ਹਨ। ਇਸੇ ਤਰ੍ਹਾਂ ਅਮਰੀਕਾ ਵੱਲੋਂ ਭਾਰਤ ਵੱਲ ਗਰਾਫਿਕਸ ਪ੍ਰੋਸੈਸਿੰਗ ਯੂਨਿਟਸ ਸਮੇਤ ਡੇਟਾ ਸੈਂਟਰਾਂ ਵਿੱਚ ਵਰਤੇ ਜਾਣ ਵਾਲੇ ਹੋਰ ਸਾਜ਼ੋ-ਸਾਮਾਨ ਦੀ ਨਿਰਯਾਤ ਵਧਾਈ ਜਾਵੇਗੀ। ਦੋਹਾਂ ਦੇਸ਼ਾਂ ਨੇ ਡਿਜੀਟਲ ਟਰੇਡ ਰੂਟਾਂ ਵਿੱਚ ਆਉਣ ਵਾਲੇ ਅੜਿੱਕਿਆਂ ਨੂੰ ਦੂਰ ਕਰਨ ਅਤੇ ਆਪਸੀ ਵਪਾਰ ਨੂੰ ਸਾਹਿਲ ਬਣਾਉਣ ‘ਤੇ ਵੀ ਸਹਿਮਤੀ ਪ੍ਰਗਟ ਕੀਤੀ ਹੈ।

ਇਸ ਮਾਮਲੇ ਵਿੱਚ ਪੁਰਾਣੇ ਨਿਯਮਾਂ ਤੋਂ ਖਹਿੜਾ ਛੁਡਾਉਣ ਅਤੇ ਡਿਜੀਟਲ ਵਪਾਰਕ ਸਹੂਲਤ ਲਈ ਨਵੇਂ ਨਿਯਮ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਦੋਨੋਂ ਮੁਲਕ ਦੁਵੱਲੇ ਵਪਾਰ ਸਮਝੌਤੇ ਦੇ ਮੁਢਲੇ ਢਾਂਚੇ (ਫਰੇਮਵਰਕ) ਨੂੰ ਲਾਗੂ ਕਰਨ ਲਈ ਤੱਦੀ ਨਾਲ ਕੰਮ ਕਰਨਗੇ। ਅਸਲ ਵਿੱਚ ਜਿਸ ਨੂੰ ਹਿੰਦੋਸਤਾਨੀ ਮੀਡੀਆ ਦੀਆਂ ਸੁਰਖੀਆਂ ਵਿੱਚ ਮੁਕੰਮਲ ਸਮਝੌਤੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਉਹ ਦੋਹਾਂ ਮੁਲਕਾਂ ਵਿਚਕਾਰ ਇੱਕ ‘ਅੰਤ੍ਰਿਮ ਟਰੇਡ ਡੀਲ ਫਰੇਮਵਰਕ’ ਹੀ ਹੈ। ਇਸ ‘ਤੇ ਮੁਕੰਮਲ ਸਹਿਮਤੀ ਹਾਲੇ ਬਣਾਈ ਜਾਣੀ ਹੈ।

## ਲੀਡਰਸ਼ਿਪ ਲਈ ਤਲਾਸ਼ ਵਿੱਚ ਭਟਕਦਾ ਪੰਜਾਬ

ਹੈ। ਸ਼੍ਰੋਮਣੀ ਅਕਾਲੀ ਦਲ (ਵਾਰਸ ਪੰਜਾਬ ਦੇ) ਵਿੱਚ ਇਸ ਕਿਸਮ ਦੀ ਸੰਭਾਵਨਾ ਮੌਜੂਦ ਹੈ, ਪਰ ਉਸ ਦੇ ਆਗੂ ਅੰਮ੍ਰਿਤਪਾਲ ਸਿੰਘ ਨੂੰ ਨਾ ਤੇ ਕੇਂਦਰ ਸਰਕਾਰ ਸਰਗਰਮ ਹੋਣ ਦੇਣਾ ਚਾਹੁੰਦੀ ਹੈ ਅਤੇ ਨਾ ਹੀ ਆਮ ਆਦਮੀ ਪਾਰਟੀ ਦੀ ਮੌਜੂਦਾ ਪੰਜਾਬ ਸਰਕਾਰ। ਇਸੇ ਕਰਕੇ ਅੰਮ੍ਰਿਤਪਾਲ ਸਿੰਘ ਨੂੰ ਨਾ ਤੇ ਰਿਹਾਅ ਕੀਤਾ ਜਾ ਰਿਹਾ ਅਤੇ ਨਾ ਹੀ ਉਸ ਨੂੰ ਪੈਰੋਲ ਵਗੈਰਾ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਹ ਅੰਮ੍ਰਿਤਪਾਲ ਸਿੰਘ ਹੀ ਸੀ ਜਿਸ ਨੇ ਤਰਨਤਾਰਨ ਲੋਕ ਸਭਾ ਹਲਕੇ ਵਿੱਚ ਸੱਭ ਤੋਂ ਵੱਡੀ ਜਿੱਤ ਹਾਸਲ ਕੀਤੀ ਸੀ। ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਦੇ ਸੈਸ਼ਨਾਂ ਦੌਰਾਨ ਪਾਰਲੀਮੈਂਟ ਦੇ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਭਾਰਤੀ ਉੱਚ ਅਦਾਲਤਾਂ ਵਿੱਚ ਉਸ ਵੱਲੋਂ ਵਾਰ-ਵਾਰ ਪਾਰਲੀਮੈਂਟ ਦੀ ਬੈਠਕ ਵਿੱਚ ਸ਼ਾਮਲ ਹੋਣ ਦੀ ਮੰਗ ਕੀਤੀ ਜਾ ਰਹੀ ਹੈ।

ਉਪਰੋਕਤ ਤੋਂ ਇਲਾਵਾ ਕਾਂਗਰਸ ਪਾਰਟੀ ਦੀ ਹਾਲਤ ਵੀ ਪੰਜਾਬ ਵਿੱਚ ਬਹੁਤੀ ਚੰਗੀ ਨਹੀਂ ਹੈ। ਇਸ ਦੇ ਪ੍ਰਮੁੱਖ ਇੰਨੇ ਹਲਕੇ ਹਨ ਕਿ ਵੱਖ ਵੱਖ ਮਸਲਿਆਂ ਨੂੰ ਲੈ ਕਿ ਇਨ੍ਹਾਂ ਦੀ ਜ਼ੁਬਾਨ ਵਾਰ-ਵਾਰ ਫਿਸਲ ਜਾਂਦੀ ਰਹੀ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਹਰਭਜਨ ਸਿੰਘ ਈ.ਟੀ.ਓ. ਦੀ ਕੋਈ ਜਾਤ-ਕੁਜਾਤ ਪਰਖ ਦਿੱਤੀ। ਇਸ ਨੂੰ ਲੈ ਕੇ ਪੰਜਾਬ ਦੇ ਮੀਡੀਆ ਵਿੱਚ ਕਾਫੀ ਖੱਪ ਖਾਨਾ ਹੋਇਆ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਆਪਣੀ ਸਰਕਾਰ ਖਿਲਾਫ ਅਸੈਂਬਲੀ ਅੱਗੇ ਧਰਨਾ ਦਿੱਤਾ। ਬਾਜਵਾ ਖਿਲਾਫ ਇਸ ਮਾਮਲੇ ਵਿੱਚ ਸ਼ਾਇਦ ਕੋਈ ਕੇਸ ਵੀ ਦਰਜ ਕੀਤਾ ਗਿਆ ਹੈ। ਯਾਦ ਰਹੇ, ਹਰਭਜਨ ਸਿੰਘ ਈ.ਟੀ.ਓ. ਕਿਸੇ ਰਿਜ਼ਰਵ ਕੈਟੇਗਰੀ ਨਾਲ ਸੰਬੰਧ ਰੱਖਦੇ ਹਨ। ਇਸ ਵਿਵਾਦ ਦੇ ਉੱਠਣ ‘ਤੇ ‘ਆਪ’ ਵੱਲੋਂ ਪੰਜਾਬ ਵਿੱਚ ਕਿਸੇ ਦਲਿੱਤ ਆਗੂ ਨੂੰ ਉੱਪ ਮੁੱਖ ਮੰਤਰੀ ਲਗਾਏ ਜਾਣ ਦੀ ਵੀ ਚਰਚਾ ਚੱਲ ਰਹੀ ਹੈ। ਇਸ ਨੁਕਤੇ ਤੋਂ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਮੈਡਮ ਬਲਜੀਤ ਕੌਰ ਦੇ ਨਾਮ ਵਿਚਾਰੇ ਜਾ ਰਹੇ ਹਨ, ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉੱਪ ਮੁੱਖ ਮੰਤਰੀ ਲਾਉਣ ਦੇ ਪਾਰਟੀ ਦੇ ਇਸ ਯਤਨ ਨੂੰ ਲਗਾਤਾਰ ਸਾਬੋਤਾਜ ਕਰਦੇ ਨਜ਼ਰ ਆ ਰਹੇ ਹਨ। ਇੰਦਰਬੀਰ ਸਿੰਘ ਨਿੱਝਰ ਨੂੰ ਕੈਬਨਿਟ ਵਿੱਚ ਸ਼ਾਮਲ ਕਰਨ ਦੀ ਚਰਚਾ ਵੀ ਚੱਲ ਰਹੀ ਹੈ।

ਇਸ ਦਰਮਿਆਨ ਇਹ ਵੀ ਸਾਹਮਣੇ ਆਇਆ ਹੈ ਕਿ ਦੋਹਾਂ ਅਕਾਲੀ ਦਲਾਂ ਵਿੱਚ ਵੀ ਸਾਰਾ ਕੁਝ ਸਹੀ ਨਹੀਂ ਹੈ। ਅਕਾਲੀ ਦਲ ਬਾਦਲ ਦਾ ਬਿਖੇੜਾ ਇਹ ਹੈ ਕਿ ਜਦੋਂ ਤੋਂ ਬਿਕਰਮਜੀਤ ਸਿੰਘ ਮਜੀਠੀਆ ਜੇਲ੍ਹ ਤੋਂ ਬਾਹਰ ਆਏ ਹਨ, ਉਹ ਆਪਣੀ ਸਰਗਰਮੀ ਨੂੰ ਆਜ਼ਾਦ ਰੂਪ ਵਿੱਚ ਅੱਗੇ ਵਧਾ ਰਹੇ ਹਨ। ਲੰਘੇ ਦਿਨੀਂ ਉਨ੍ਹਾਂ ਵੱਲੋਂ ਵੀ ਚੰਡੀਗੜ੍ਹ ਤੋਂ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਇੱਕ ਸ਼ੁਕਰਾਨਾ ਮਾਰਚ ਜਥੇਬੰਦ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਗੋਲਡਨ ਗੇਟ ‘ਤੇ ਪੁੱਜਣ ਸਮੇਂ ਮਾਝੇ ਦੇ ਲੋਕਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ; ਪਰ ਉਨ੍ਹਾਂ ਦੇ ਇਸ ਸਮਾਗਮ ਵਿੱਚ ਨਾ ਤੇ ਸੁਖਬੀਰ ਸਿੰਘ ਬਾਦਲ ਨੇ ਸ਼ਮੂਲੀਅਤ ਕੀਤੀ ਅਤੇ ਨਾ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ। ਅਕਾਲੀਆਂ ਦੀ ਵੈਬਸਾਈਟ ਵੀ ਇਹਦੇ ਬਾਰੇ ਖਾਮੋਸ਼ ਰਹੀ। ਕੁੱਲ ਮਿਲਾ ਕਿ ਬਾਦਲ ਪਰਿਵਾਰ ਨਾਲ ਸੰਬੰਧਤ ਕੋਈ ਸ਼ਖਸ ਵੀ ਇਸ ਮਾਰਚ ਵਿੱਚ ਸ਼ਾਮਲ ਨਹੀਂ ਹੋਇਆ। ਇਸ ਵਿਦਰੋਹ ਨੇ ਅਕਾਲੀ ਦਲ (ਬਾਦਲ) ਦੀ ਹਾਲਤ ਵੀ ਜਰਜ਼ਰੀ ਕੀਤੀ ਹੋਈ ਹੈ। ਕੀ ਸੁਖਬੀਰ ਸਿੰਘ ਬਾਦਲ ਆਪਣੇ ਸਾਕ ਸੰਬੰਧੀਆਂ ਵਿੱਚੋਂ ਮਾਰੀ ਗਈ ਇਸ ਸੱਟ ਨੂੰ ਝੱਲ ਸਕਣਗੇ? ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਬਾਦਲ ਪਰਿਵਾਰ ਆਪਣੀ ਬੇਥਾਹ ਮਾਲੀ ਤਾਕਤ ਆਸਰੇ ਹੀ ਆਪਣੀ ਸਿਆਸਤ ਨੂੰ ਅੱਗੇ ਵਧਾਉਣ ਦਾ ਇੱਛੁਕ ਹੈ ਅਤੇ ਉਨ੍ਹਾਂ ਲੋਕਾਂ ਨੂੰ ਪਾਰਟੀ ਤੋਂ ਬਾਹਰ ਦਾ ਰਾਸਤਾ ਵਿਖਾਉਣ ਦੇ ਇੱਛੁਕ ਹਨ, ਜਿਹੜੇ ਉਨ੍ਹਾਂ ਦੀ ਹਾਂ ਵਿੱਚ ਹਾਂ ਨਹੀਂ ਮਿਲਾਉਂਦੇ।

ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਵਿੱਚ ਡੇਰਾ ਬਿਆਸ ਦੇ ਸਾਬਕਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਕੇਂਦਰੀ ਭੂਮਿਕਾ ਨਿਭਾਈ ਹੈ। ਅਜਿਹੇ ਵਿੱਚ, ਦੂਜੀਆਂ ਪਾਰਟੀਆਂ ਵਾਂਗ ਹੀ ਅਕਾਲੀ ਦਲ (ਬਾਦਲ) ਦੀ ਲੀਡਰਸ਼ਿੱਪ ਦਾ ਰਵੱਈਆ ਵੀ ਅੰਦਰੂਨੀ ਪਾਰਟੀ ਢਾਂਚੇ ਲਈ ਹੱਦੋਂ ਵੱਧ ਗੈਰ-ਜਮਹੂਰੀ ਹੋ ਗਿਆ ਹੈ। ਅਜਿਹੀ ਹਾਲਤ ਵਿੱਚ ਅੰਮ੍ਰਿਤਪਾਲ ਸਿੰਘ ਸਮੇਤ ਨਵੀਆਂ ਪਾਰਟੀਆਂ ਦੇ ਆਗੂਆਂ ਦੇ ਉਭਾਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਸਿਆਸੀ ਅਵਸਥਾ ਅੱਜ ਦੇ ਦਿਨ ਤੱਕ ਤਰਲ ਹੋਈ ਖੜ੍ਹੀ ਹੈ ਅਤੇ ਕਿਸੇ ਚੱਜ ਦੀ ਅਗਵਾਈ ਨੂੰ ਉਡੀਕ ਰਹੀ ਹੈ। ਇੱਧਰ ਪੰਜਾਬ ਦੇ ਰਾਜਪਾਲ, ਕੁਝ ਭਾਜਪਾ ਦੇ ਆਗੂਆਂ ਨਾਲ ਮਿਲ ਕੇ ਨਸ਼ਾ ਵਿਰੋਧੀ ਪ੍ਰਦਰਸ਼ਨ ਕਰ ਰਹੇ ਹਨ। ਇਹ ਭਾਜਪਾ ਲਈ ਪੰਜਾਬ ਦੇ ਪਿੰਡਾਂ ਵਿੱਚ ਸਪੇਸ ਤਲਾਸ਼ਣ ਦਾ ਯਤਨ ਹੈ। ਰਾਜਪਾਲ ਦੇ ਨਾਲ ਸੁਖਬੀਰ ਸਿੰਘ ਬਾਦਲ ਵੀ ਨਜ਼ਰ ਆਏ। ਇਸ ਤੋਂ ਲਗਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਅਤੇ ਅਕਾਲੀ ਦਲ ਇਕ ਵਾਰ ਫਿਰ ਨਜ਼ਦੀਕ ਆ ਰਹੇ ਹਨ; ਪਰ ਨਵੀਂ ਪੰਜਾਬ/ਸਿੱਖ ਲੀਡਰਸ਼ਿਪ ਵਾਲਾ ਖੱਪਾ ਉਸ ਲੀਡਰਸ਼ਿਪ ਨੂੰ ਪੂਰਨਾ ਚਾਹੀਦਾ ਹੈ, ਜਿਹੜੀ ਹਾਲ ਹੀ ਵਿੱਚ ਯੂਨੀਵਰਸਿਟੀ ਦੀ ਸੈਨੇਟ ਨੂੰ ਕਾਇਮ ਰੱਖਣ ਦੀ ਲੜਾਈ ਵਿੱਚ ਉਭਰ ਕੇ ਸਾਹਮਣੇ ਆਈ ਹੈ। ਇਸ ਲੀਡਰਸ਼ਿਪ ਨੂੰ ਤਤਕਾਲੀ ਮਸਲਿਆਂ ‘ਤੇ ਤੇਜ਼ ਤਰਾਰ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਇਸ ਵਿੱਚ ਦਖਲਅੰਦਾਜ਼ੀ ਲਈ ਯਤਨ ਵੀ ਕਰਨੇ ਚਾਹੀਦੇ ਹਨ। ਪੰਜਾਬ ਦੇ ਲੋਕਾਂ ਦੇ ਪੱਖ ਵਿੱਚ ਅਸਰਅੰਦਾਜ਼ ਹੋਣ ਵਾਲੀ ਅਜਿਹੀ ਲੀਡਰਸ਼ਿੱਪ ਹੀ ਕੋਈ ਸਾਰਥਕ ਸਿੱਟੇ ਕੱਢ ਸਕਦੀ ਹੈ।

## ਵਿਸ਼ਵ ਪੱਧਰੇ ਟਕਰਾਵਾਂ ਪਿੱਛੇ ਕੰਮ ਕਰਦੀ ਨਵੀਂ ਹਕੀਕਤ

ਸਫਾ ਇੱਕ ਦੀ ਬਾਕੀ...

ਸੱਚਾਈ ਬੀਤੇ ਵੀਹ ਕੁ ਸਾਲ ਪਹਿਲਾਂ ਤੋਂ ਦੁਨੀਆ ਵਿੱਚ ਉਭਰੇ ਵਿਚਾਰਾਂ ਅਤੇ ਟਕਰਾਵਾਂ ਵਿੱਚੋਂ ਵਿਸ਼ੇਸ਼ ਤੌਰ ’ਤੇ ਉਭਰ ਕੇ ਸਾਹਮਣੇ ਆ ਰਹੀ ਹੈ। ਜਿਉਂ ਜਿਉਂ ਮਾਰਕਸਵਾਦੀ ਵਿਚਾਰਾਂ ਅਤੇ ਅਮਰੀਕਾ ਦੀ ਅਗਵਾਈ ਵਿੱਚ ਲਿਬਰਲ ਡੈਮੋਕਰੇਸੀ ਦਾ ਰੰਗ ਫਿੱਕਾ ਪੈ ਰਿਹਾ ਹੈ ਤਾਂ ਸੰਸਾਰ ਵਿੱਚ ਕਈ ਹੋਰ ਵਰਤਾਰੇ ਉਭਰਨ ਲੱਗੇ ਹਨ, ਜਿਨ੍ਹਾਂ ਨੂੰ ਅਸੀਂ ਇਸ ਲੇਖ ਵਿੱਚ ਥੋੜ੍ਹਾ ਨਜ਼ਦੀਕ ਜਾ ਕੇ ਵੇਖਾਂਗੇ।

ਕੋਈ ਦੋ ਦਹਾਕੇ ਪਹਿਲਾਂ ਸੈਮੂਅਲ ਹਟਿੰਗਟਨ ਦੀ ਕਿਤਾਬ ‘ਕਲੈਸ਼ ਆਫ ਦਾ ਸਿਵੇਲਾਈਜੇਸ਼ਨ’ ਛਪ ਕੇ ਸਾਹਮਣੇ ਆਈ ਸੀ। ਇਸ ਕਿਤਾਬ ਨੇ ਦੁਨੀਆ ਦੀ ਸੱਭਿਆਤਮਕ ਵੰਨ-ਸਵੰਨਤਾ ਨੂੰ ਚੀਨੀ, ਭਾਰਤੀ, ਰੂਸੀ ਆਰਥੋਡੌਕਸ ਕ੍ਰਿਸਚਿਐਨਟੀ, ਪੱਛਮੀ ਸੱਭਿਅਤਾ ਆਧਾਰਤ ਪ੍ਰੋਟੈਸਟ ਕ੍ਰਿਸਚਿਐਨਟੀ ਤੇ ਇਸਲਾਮਿਕ ਸਿਵੇਲਾਈਜੇਸ਼ਨ ਆਦਿ ਵਿਚਕਾਰ ਵੰਡਿਆ ਸੀ ਅਤੇ ਭਵਿਖਬਾਣੀ ਵੀ ਕੀਤੀ ਸੀ ਕਿ ਆਉਣ ਵਾਲੇ ਟਕਰਾਅ ਮੁੱਖ ਤੌਰ ’ਤੇ ਇਨ੍ਹਾਂ ਸੱਭਿਆਤਾਵਾਂ ਵਿਚਕਾਰ ਪ੍ਰਗਟ ਹੋਣਗੇ। ਦੁਨੀਆ ਦੇ ਬੌਧਿਕ ਸੰਸਾਰ ’ਤੇ ਉਸ ਮੌਕੇ ਰਾਜ ਕਰ ਰਹੇ ਉੱਤਰ ਆਧੁਨਿਕ ਵਾਦੀਆਂ ਅਤੇ ਦੁਨੀਆ ਦੀ ਕੌਮੀ ਵੰਨ-ਸਵੰਨਤਾ ਨੂੰ ਭਾਰੂ ਅਸਲੀਅਤ ਮੰਨਣ ਵਾਲੇ ਵਿਦਵਾਨਾਂ ਨੇ ਇਹ ਵਿਚਾਰ ਦਰਕਿਨਾਰ ਕਰ ਦਿੱਤਾ ਸੀ। ਪਰ ਪਿਛਲੇ ਦੋ ਦਹਾਕਿਆਂ ਦਾ ਇਤਿਹਾਸ ਜਿਸ ਹਿਸਾਬ ਨਾਲ ਸਾਡੇ ਸਾਹਮਣੇ ਉਧੜਿਆ ਹੈ, ਉਸ ਨੇ ਅੱਜ ਸਿਵੇਲਾਈਜੇਸ਼ਨਲ ਕਲੈਸ਼ ਨੂੰ ਦੁਨੀਆ ਦੀ ਭਾਰੂ ਹਕੀਕਤ ਬਣਾ ਦਿੱਤਾ ਹੈ।

ਬਿਨਾ ਸ਼ੱਕ ਕੌਮੀ ਆਜ਼ਾਦੀ, ਹੋਂਦ ਅਤੇ ਇਸ ਦੀ ਪਹਿਚਾਣ ਦੇ ਮਸਲੇ ਅੱਜ ਵੀ ਮਹੱਤਵਪੂਰਨ ਹਨ, ਪਰ ਸੱਭਿਅਤਾਵਾਂ ਦੇ ਭੇੜ ਦੇ ਮੁਕਾਬਲੇ ਹੁਣ ਇਹ ਗੌਣ ਰੂਪ ਅਖਤਿਆਰ ਕਰ ਗਏ ਹਨ। ਮਸਲਨ ਬੀਤੇ ਦਿਨੀਂ ਜਦੋਂ ਅਮਰੀਕਾ ਨੇ ਵੈਨੇਜ਼ੂਏਲਾ ਨਾਂ ਦੇ ਦੱਖਣ ਅਫਰੀਕੀ ਕੌਮੀ ਰਾਜ ਦੀ ਰਾਜਧਾਨੀ ‘ਤੇ ਹਮਲਾ ਕਰਕੇ ਉਸ ਦੇ ਰਾਸ਼ਟਰਪਤੀ ਨੂੰ ਗ੍ਰਿਫਤਾਰ ਕੀਤਾ ਤਾਂ ਉਸ ਪਿੱਛੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਸਮੇਤ ਕੁਝ ਹੋਰ ਮੁਲਕਾਂ ਨੂੰ ਵੀ ਧਮਕਾਉਣਾ ਸ਼ੁਰੂ ਕਰ ਦਿੱਤਾ, ਪਰ ਇਰਾਨ ਦੇ ਅਧਿਆਤਮਕ ਲੀਡਰ ਆਇਤੁਲਾ ਖੁਮੈਨੀ ਨੇ ਪੂਰੇ ਇਸਲਾਮਕ ਜਗਤ ਨੂੰ ਕਥਿਤ ‘ਅਮਿਰੀਕੀ ਸ਼ੈਤਾਨ’ ਦਾ ‘ਰੱਬੀ’ ਮੁਕਾਬਲਾ ਕਰਨ ਦਾ ਸੱਦਾ ਦਿੱਤਾ। ਇਹ ਕੇਵਲ ਕਿਸੇ ਇੱਕ ਕੌਮ ਦਾ ਦੂਜੀ ਕੌਮ ਖਿਲਾਫ ਪ੍ਰਤੀਕਰਮ ਨਹੀਂ ਸੀ, ਸਗੋਂ ਕਿਸੇ ਧਰਮ ਗ੍ਰੰਥ ਨਾਲ ਜੁੜੀ ਇੱਕ ਧਾਰਮਿਕ-ਸਮਾਜਿਕ ਪਰੰਪਰਾ, ਸੱਭਿਅਤਾ ਦਾ ਪ੍ਰਤੀਕਰਮ ਸੀ। ਇੰਜ ਇਸਲਾਮ ਨਾਲ ਜੁੜੀਆਂ ਕੁੱਲ ਕੌਮੀਅਤਾਂ, ਮਨੁੱਖ ਅਤੇ ਹਥਿਆਰ ਆਦਿ ਇਸ ਸੱਭਿਆਤਮਕ ਹੋਂਦ ਦੇ ਅਧੀਨ ਹੋ ਗਏ ਹਨ। ਇਸ ਨੇ ਇਰਾਨ ਨੂੰ ਅਮਰੀਕਾ ਦੇ ਮੁਕਾਬਲੇ ਆਪਣੀ ਹਸਤੀ ਨੂੰ ਵਿਸਤ੍ਰਿਤ ਕਰਨ ਦਾ ਵੀ ਮੌਕਾ ਦਿੱਤਾ।

ਹਟਿੰਗਟਨ ਦੀ ਉਪਰੋਕਤ ਕਿਤਾਬ ਵਿੱਚ ਦੁਨੀਆ ਦਾ ਪ੍ਰਮੁੱਖ ਟਕਰਾਅ ਇਸਲਾਮ ਅਤੇ ਪੱਛਮੀ ਇਸਾਈ ਸੱਭਿਅਤਾ ਵਿਚਕਾਰ ਹੋਣ ਦੀ ਭਵਿੱਖਬਾਣੀ ਵੀ ਕੀਤੀ ਗਈ ਸੀ। ਇਹ ਵਰਤਾਰਾ ਵੀ ਅੱਜ ਸਾਡੇ ਸਾਹਮਣੇ ਇੱਕ ਪ੍ਰਤੱਖ ਹਕੀਕਤ ਬਣ ਕੇ ਉਭਰ ਰਿਹਾ ਹੈ। ਸੰਸਾਰੀਕਰਣ ਦੇ ਮੁਕਾਬਲੇ ਦੁਨੀਆ ਨੂੰ ਇਹ ਪੰਜ-ਛੇ ਵੱਡੇ ਬਲੌਕਾਂ ਵਿੱਚ ਜਥੇਬੰਦ ਕਰ ਰਿਹਾ ਹੈ। ਇਸ ਦੇ ਮੁਕਾਬਲੇ ਕੌਮੀ ਪ੍ਰਭੂਸੱਤਾ ਦਾ ਸਵਾਲ ਵੀ ਹਾਲ ਦੀ ਘੜੀ ਗੌਣ ਹੋ ਗਿਆ ਲਗਦਾ ਹੈ। ਭਾਰਤੀ ਹਕੂਮਤ ਅਤੇ ਦੁਨੀਆ ਦੇ ਵੱਡੇ ਬਲੌਕਾਂ ਦੇ ਆਗੂ ਸਿੱਖਾਂ ਨੂੰ ਵਿਸ਼ਾਲ ਭਾਰਤੀ ਸੱਭਿਅਤਾ ਦਾ ਹਿੱਸਾ ਮੰਨ ਕੇ ਹੀ ਚੱਲ ਰਹੇ ਹਨ। ਉਂਝ ਭਾਵੇਂ ਭਾਰਤ ‘ਤੇ ਦਬਾਅ ਪਾਉਣ ਲਈ ਸਿੱਖਾਂ ਨੂੰ ਭਾਰਤ ਤੋਂ ਵੱਖ ਇੱਕ ਕੌਮੀ ਸਮਾਜ ਵਿਖਾ ਕੇ ਆਪਣਾ ਕੰਮ ਕੱਢਿਆ ਜਾਂਦਾ ਹੈ। ਇਸੇ ਲਈ ਬਹੁਤ ਵਾਰ ਮੈਂ ਕਹਿੰਦਾ ਹਾਂ ਕਿ ਇੱਕ ਸੱਭਿਅਤਾ ਦੇ ਤੌਰ ‘ਤੇ ਯੂਰਪੀਅਨ ਯੂਨੀਅਨ ਬਾਕੀ ਸਭ ਨਾਲੋਂ ਸੁਤੰਤਰ ਅਤੇ ਇਨਸਾਫ ਆਧਾਰਤ ਵਿਸ਼ਾਲ ਹੋਂਦ ਬਣਦਾ ਹੈ। ਇਸ ਸੰਗਠਨ ਨੇ ਕੌਮਾਂ ਅਤੇ ਮਨੁੱਖਾਂ ਦੇ ਹੋਂਦ ਮੁਖੀ ਸਵਾਲਾਂ ਨੂੰ ਵਧੇਰੇ ਮਹੱਤਵ ਦਿੱਤਾ ਹੈ।

ਯੂਰਪੀ ਯੂਨੀਅਨ ਨੇ ਲੋਕਾਂ ਅਤੇ ਪ੍ਰਭੂਸੱਤਾਪੂਰਨ ਸੁਤੰਤਰ ਕੌਮਾਂ ਨੂੰ ਉਨ੍ਹਾਂ ਦੀ ਸਵੈਮਰਜ਼ੀ ਨਾਲ ਇਸ ਸੰਗਠਨ ਵਿੱਚ ਜੋੜਿਆ ਹੈ। ਇਸੇ ਤਰ੍ਹਾਂ ਹੁਣ ਅਮਰੀਕਾ ਦਾ ਰਾਸ਼ਟਰਪਤੀ ਧੱਕੇ ਨਾਲ ਸਾਰੇ ਅਮਰੀਕਾ (ਦੱਖਣੀ ਅਤੇ ਉੱਤਰੀ) ਨੂੰ ਇੱਕ ਥਾਂ ਜੋੜਨ ਦਾ ਸੁਪਨਾ ਪਾਲ ਰਿਹਾ ਹੈ। ਵੈਨੇਜ਼ੂਏਲਾ ਵਾਲੀ ਕਾਰਵਾਈ ਇਸੇ ਪਾਸੇ ਵੱਲ ਇਸ਼ਾਰਾ ਕਰਦੀ ਹੈ। ਉਂਝ ਇਹ ਜੋੜ ਪੱਕੇ ਪੈਰੀਂ ਨਹੀਂ ਹੋਏਗਾ, ਜਦੋਂ ਤੱਕ ਇਸ ਵਿੱਚ ਜੁੜ ਰਹੀਆਂ ਪ੍ਰਭੁਤਾ ਸੰਪਨ ਕੌਮਾਂ ਦੀ ਸਵੈਮਰਜ਼ੀ ਹਾਸਲ ਨਹੀਂ ਕੀਤੀ ਜਾਂਦੀ। ਕੁਝ ਵੀ ਹੋਵੇ ਦੁਨੀਆ ਅੱਜ ਚਾਰ ਪੰਜ ਵੱਡੇ ਬਲੌਕਾਂ ਵਿੱਚ ਉਭਰ ਰਹੀ ਹੈ, ਜਿਸ ਵਿੱਚ ਯੂਰੇਸ਼ੀਆ, ਚੀਨ, ਭਾਰਤ, ਇਸਲਾਮਕ ਸੰਸਾਰ। ਕੈਥੋਲਿਕ ਤੇ ਯੂਰਪੀਅਨ ਆਧਾਰਤ ਇਸਾਈਅਤ ਅਤੇ ਅਮਰੀਕਾ ਦੀ ਅਗਵਾਈ ਵਾਲੀ ਪ੍ਰੋਟੈਸਟੈਂਟ ਇਸਾਈਅਤ। ਪਿਛਲੀ ਸਦੀ ਦੇ ਪਹਿਲੇ ਅੱਧ ਵਿੱਚ ਜਮਾਤੀ ਲੜਾਈ, ਅਗਲੇ ਦੌਰ ਵਿੱਚ ਕੌਮੀ ਆਜ਼ਾਦੀ ਦੀ ਆਵਾਜ਼ ਅਤੇ ਹੁਣ ਸੱਭਿਅਤਾ ਆਧਾਰਤ ਵੱਡੀਆਂ ਹੋਂਦਾਂ ਦੇ ਰੂਪ ਵਿੱਚ ਦੁਨੀਆ ਦਾ ਸਰੂਪ ਨਿਖਾਰ ਰਹੀ ਹੈ।

ਇੱਕ ਰੂਪ ਵਿੱਚ ਇਹ ਮੁਕੰਮਲ ਸੰਸਾਰੀਕਰਣ ਤੋਂ ਪਹਿਲਾਂ ਦਾ ਫੇਜ਼ ਲਗਦਾ ਹੈ, ਜਿਸ ਵਿੱਚ ਸਿੱਖਾਂ ਨੂੰ ਆਪਣੇ ਆਪ ਨੂੰ ਇੱਕ ਵੱਖਰੀ ਅਤੇ ਵਿਲੱਖਣ ਸੱਭਿਅਤਾ ਵਜੋਂ ਦਰਜ ਕਰਵਾਉਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਮਾਮਲੇ ‘ਤੇ ਵੱਡੀ ਬੌਧਿਕ ਤਿਆਰੀ ਦੀ ਲੋੜ ਹੈ। ਸਿੱਖ ਹੋਂਦ ਹਸਤੀ ਦੀਆਂ ਜੜ੍ਹਾਂ ਇਸਲਾਮ ਅਤੇ ਭਾਰੂ ਹਿੰਦੁਸਤਾਨੀ ਸੱਭਿਅਤਾ- ਦਹਾਂ ਵਿੱਚ ਪਈਆਂ ਹਨ। ਇਸ ਲਈ ਇਸਲਾਮ ਖਿਲਾਫ ਛੁਰੀਆਂ ਵਾਲਾ ਛਾਨਣਾ ਲਗਾਈ ਬੈਠੀ ਮੌਜੂਦਾ ਭਾਰਤੀ ਹਕੂਮਤ ਨੂੰ ਸਿੱਖਾਂ ਨੂੰ ਜਜ਼ਬ ਕਰਨ ਦੀ ਜ਼ਿੱਦ ਬੇਹੱਦ ਤਕਲੀਫ ਦੇਹ ਹੋਵੇਗੀ। ਇਸ ਲੜਾਈ-ਭਿੜਾਈ ਵਿੱਚ ਜੇ ਸਿੱਖ ਬਿਨਾ ਕਿਸੇ ਤਿਆਰੀ ਦੇ ਅਚੇਤ ਹੀ ਫੜੇ ਜਾਂਦੇ ਹਨ ਤਾਂ ਉਨ੍ਹਾਂ ਦੀ ਹਸਤੀ ਮਿਟ ਵੀ ਸਕਦੀ। ਆਜ਼ਾਦ ਰੂਪ ਵਿੱਚ ਇੱਕ ਸੱਭਿਅਤਾ ਦੇ ਤੌਰ ‘ਤੇ ਸੰਸਾਰ ਨੂੰ ਦੇਣ ਲਈ ਸਿੱਖਾਂ ਕੋਲ ਬੜਾ ਕੁਝ ਬੇਸ਼ਕੀਮਤੀ ਅਤੇ ਬਹੁਮੁੱਲੀ ਸੱਭਿਆਚਾਰਕ ਅਧਿਆਤਮਕ ਦੌਲਤ ਹੈ। ਇਹ ਵੱਡੇ ਸੰਸਾਰ ਯੁੱਧਾਂ ਨੂੰ ਰੋਕਣ ਅਤੇ ਇਨ੍ਹਾਂ ਨੂੰ ਸਮਾਨੰਤਰ ਜਿਉਣ ਦਾ ਵੱਲ ਸਿਖਾਉਣ ਦੀ ਸਮਰੱਥਾ ਰੱਖਦੀ ਹੈ।

## ਅੱਖੀਂ ਡਿੱਠਾ, ਕੰਨੀਂ ਸੁਣਿਆ

# ਪੈਲਾਟਾਈਨ ਗੁਰੂਘਰ ਦੀ ਫਿਜ਼ਾ 'ਚ 'ਧਾਰਮਿਕ ਸਿਆਸਤ' ਦੇ ਰੰਗ

**ਕੁਲਜੀਤ ਸਿੰਘ**

ਜਿਸ ਤਰ੍ਹਾਂ ਗੁਰਦੁਆਰਾ ਪੈਲਾਟਾਈਨ ਵਿੱਚ ਚਾਹ ਨਾਲ ਮਿਲਦੇ ਪਕੌੜਿਆਂ/ਪਤੌੜਾਂ, ਬੇਸਣ ਬਰਫੀ ਤੇ ਹੋਰ ਖਾਣ-ਪਦਾਰਥਾਂ ਦਾ ਸਵਾਦ ਬਹੁਤੀ ਸੰਗਤ ਦੀ ਜ਼ੁਬਾਨ 'ਤੇ ਹੈ, ਜਾਂ ਜਿਸ ਤਰ੍ਹਾਂ ਕਬੱਡੀ ਮੇਲਿਆਂ ਵਿੱਚ ਤਾਜ਼ਾ ਜਲੇਬੀਆਂ ਦਾ ਸੁਆਦ ਜੀਭ ਨੂੰ ਪ੍ਰਭਾਵਿਤ ਕਰਦਾ ਹੈ; ਉਸੇ ਤਰ੍ਹਾਂ ਗੁਰਦੁਆਰਾ ਪੈਲਾਟਾਈਨ ਚੋਣਾਂ ਵੀ ਇੱਕ ਤਰ੍ਹਾਂ ਦੇ ਆਹਾਰ ਵਾਂਗ ਹਨ, ਜੋ ਗੁਰਦੁਆਰਾ ਸਿਆਸਤ ਨਾਲ ਜੁੜੇ ਲੋਕਾਂ ਨੂੰ ਐਨਰਜੀ ਦਿੰਦੀਆਂ ਹਨ ਤੇ ਉਨ੍ਹਾਂ ਦੇ ਵਿਚਾਰ-ਵਟਾਂਦਰੇ ਜਾਂ ਬਹਿਸ-ਮੁਬਾਹਿਸੇ ਦਾ ਸਬੱਬ ਵੀ ਬਣਦੀਆਂ ਹਨ।

ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਸਬੰਧੀ ਮੈਦਾਨ ਭਖ ਜਾਣ ਨਾਲ ਤਰ੍ਹਾਂ ਤਰ੍ਹਾਂ ਦੇ ਸਲਾਹ-ਮਸ਼ਵਰੇ, ਕਿਆਸਅਰਾਈਆਂ, ਸਿੱਧੀਆਂ-ਅਸਿੱਧੀਆਂ ਨੋਕਾਂ-ਝੋਕਾਂ ਅਤੇ ਮਜ਼ਾਹੀਆ ਵਿਅੰਗਾਂ ਨਾਲ ਭਰਪੂਰ ਗੱਲਾਂਬਾਤਾਂ ਵਾਲਾ ਮਾਹੌਲ ਗੁਰਦੁਆਰਾ ਫਿਜ਼ਾਵਾਂ ਵਿੱਚ ਪਿਛਲੇ ਕੁਝ ਦਿਨਾਂ ਤੋਂ ਬਣਿਆ ਹੋਇਆ ਹੈ। ਗੁਰਦੁਆਰੇ ਵਿੱਚ ਸੰਗਤ ਦੀ ਆਉਣੀ-ਜਾਣੀ ਵੀ ਵਧਣ ਲੱਗੀ ਹੈ ਤੇ ਗੁਰਦੁਆਰਾ ਪ੍ਰਬੰਧਨ 'ਤੇ ਲੁਕਵੇਂ ਏਜੰਡੇ ਤਹਿਤ ਆਪਣਾ ਦਬਦਬਾ ਬਣਾਈ ਰੱਖਣ ਦੇ ਮਨਸ਼ੇ ਨਾਲ ਨਤਮਸਤਕ ਹੋਣ ਦੀ ਨਿਰੰਤਰਤਾ ਦਾ ਬੋਲਬਾਲਾ ਵੀ ਹੋਣ ਲੱਗਾ ਹੈ; ਕਿਉਂਕਿ ਪਰਦੇਸਾਂ ਵਿੱਚ ਵੱਸਦੇ ਭਾਈਚਾਰੇ ਦੇ ਬਹੁਤੇ ਲੋਕਾਂ ਦੇ ਵਿਚਾਰ ਮੁਤਾਬਕ ਗੁਰੂਘਰ ਸਿਰਫ ਧਾਰਮਿਕ ਮਰਿਆਦਾ ਅਨੁਸਾਰ ਗੁਰਬਾਣੀ ਪੜ੍ਹਨ/ਸੁਣਨ ਜਾਂ ਕੀਰਤਨ ਸ੍ਰਵਣ ਕਰਨ, ਜਾਂ ਹੋਰ ਧਾਰਮਿਕ ਸਰਗਰਮੀਆਂ ਕੀਤੇ ਜਾਣ ਕਰਕੇ ਮੁਕੱਦਸ ਅਸਥਾਨ ਹੋਣ ਤੱਕ ਹੀ ਮਹਿਦੂਦ ਨਹੀਂ ਹਨ, ਸਗੋਂ ਇਹ ਭਾਈਚਾਰੇ ਲਈ ਸਮਾਜਿਕ ਤੇ ਵਿਰਾਸਤੀ ਤੌਰ 'ਤੇ ਜੁੜੇ ਰਹਿਣ ਅਤੇ ਸਥਾਨਕ ਮੂਲ ਦੇ ਭਾਈਚਾਰਿਆਂ ਵਿੱਚ ਆਪਣੀ ਵੱਖਰੀ ਹੋਂਦ-ਬਹਾਲੀ ਦੇ ਨਜ਼ਰੀਏ ਤੋਂ ਵੀ ਵਿਸ਼ੇਸ਼ ਸਥਾਨ ਦਾ ਦਰਜਾ ਰੱਖਦੇ ਹਨ। ਖ਼ੈਰ! ਇਨ੍ਹੀਂ ਦਿਨੀਂ ਗੁਰਦੁਆਰਾ ਪੈਲਾਟਾਈਨ ਵਿੱਚ 'ਧਾਰਮਿਕ ਸਿਆਸਤ' ਦੇ ਰੰਗ ਦੇਖਣ ਨੂੰ ਮਿਲ ਰਹੇ ਹਨ; ਕਿਉਂਕਿ ਧੜੇਬੰਦਕ ਧਿਰਾਂ ਦੇ ਸਮਰਥਕ ਤੇ ਉਮੀਦਵਾਰ ਆਪੋ-ਆਪਣੇ ਤੌਰ 'ਤੇ ਸਰਗਰਮ ਹਨ।

ਅਪਰੈਲ 2026 ਦੇ ਪਹਿਲੇ ਹਫਤੇ ਹੋਣ ਵਾਲੀਆਂ ਸੰਭਾਵੀ ਚੋਣਾਂ ਲਈ ਕੁਝ ਸੰਗਤ ਮੈਂਬਰਾਂ ਨੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਹਨ। ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਦੇ ਇੱਕ ਮੈਂਬਰ ਦੀ ਚੋਣ ਲਈ ਛੇ ਜਣਿਆਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ, ਜਿਨ੍ਹਾਂ ਵਿੱਚ ਸਵਰਨਜੀਤ ਸਿੰਘ, ਸਤਿੰਦਰ ਸਿੰਘ ਬਰਹਮ, ਸੁਰਿੰਦਰ ਕੌਰ ਸੰਘਾ, ਜੈਰਾਮ ਸਿੰਘ ਕਾਹਲੋਂ, ਕੰਵਰ ਹਰਿੰਦਰ ਸਿੰਘ ਅਤੇ ਰਣਜੀਤ ਸਿੰਘ ਗਿੱਲ ਦੇ ਨਾਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਸੁਰਿੰਦਰ ਕੌਰ ਸੰਘਾ ਤੇ ਰਣਜੀਤ ਸਿੰਘ ਗਿੱਲ ਵੱਖ-ਵੱਖ ਸਮੇਂ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਵਿੱਚ ਧਾਰਮਿਕ ਸਕੱਤਰ ਰਹਿ ਚੁੱਕੇ ਹਨ; ਜਦਕਿ ਜੈਰਾਮ ਸਿੰਘ ਕਾਹਲੋਂ ਪਿਛਲੀਆਂ ਦੋ ਵਾਰੀਆਂ ਤੋਂ ਨਿਰੰਤਰ ਪ੍ਰਧਾਨ ਹਨ। ਗੁਰਦੁਆਰਾ ਸੰਵਿਧਾਨ ਮੁਤਾਬਕ ਉਹ ਬੋਰਡ ਆਫ਼ ਟਰੱਸਟੀ ਲਈ ਇੱਕ ਵਾਰ ਹੋਰ ਚੋਣ ਨਹੀਂ ਲੜ ਸਕਦੇ, ਪਰ ਸੀ.ਆਈ.ਸੀ. ਦੇ ਮੈਂਬਰ ਬਣ ਸਕਦੇ ਹਨ।

ਬੋਰਡ ਆਫ਼ ਟਰੱਸਟੀ (ਬੀ.ਓ.ਟੀ.) ਲਈ ਸਵਰਨਜੀਤ ਸਿੰਘ, ਸਵਰਨ ਸਿੰਘ, ਤਰਲੋਚਨ ਸਿੰਘ, ਸਤਿੰਦਰ ਸਿੰਘ ਬਰਹਮ, ਪਰਦੀਪ ਸਿੰਘ ਗਿੱਲ, ਤਰਲੋਚਨ ਸਿੰਘ ਮੁਲਤਾਨੀ, ਅਨੁਰੀਤ ਕੌਰ, ਮਹਾਂਬੀਰ ਸਿੰਘ ਬਰਾੜ, ਪ੍ਰਭਜੀਤ ਕੌਰ ਕਲੇਰ, ਅਮਨਦੀਪ ਸਿੰਘ, ਅਮਰਦੇਵ ਸਿੰਘ, ਸਤਨਾਮ ਸਿੰਘ ਗਿੱਲ, ਸੰਤੋਖ ਸਿੰਘ, ਸਲੇਂਦਰ ਸਿੰਘ ਹਯਾਤ




ਪੁਰੀ, ਗੁਰਮੁੱਖ ਸਿੰਘ ਭੁੱਲਰ, ਅੱਛਰ ਸਿੰਘ, ਗੁਰਪ੍ਰੀਤ ਸਿੰਘ, ਕੰਵਰ ਹਰਿੰਦਰ ਸਿੰਘ, ਮੱਖਣ ਸਿੰਘ ਕਲੇਰ, ਸ਼ਿਵਇੰਦਰਜੀਤ ਸਿੰਘ, ਨਵਜੋਤ ਸਿੰਘ, ਲਖਬੀਰ ਸਿੰਘ ਸੰਧੂ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਗੁਰਕੀਰਤ ਸਿੰਘ ਨੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਹਨ। ਤਿੰਨ ਉਮੀਦਵਾਰਾਂ ਨੇ ਸੀ.ਆਈ.ਸੀ. ਅਤੇ ਬੋਰਡ ਆਫ ਟਰੱਸਟੀ- ਦੋਹਾਂ ਲਈ ਨਾਮਜ਼ਦਗੀਆਂ ਭਰੀਆਂ ਹਨ। ਉਂਜ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਮਿੱਥੀ ਤਾਰੀਕ ਤੱਕ ਉਨ੍ਹਾਂ ਨੂੰ ਇੱਕ ਪਾਸਾ ਸਪੱਸ਼ਟ ਕਰਨਾ ਹੋਵੇਗਾ।

ਦਿਲਚਸਪ ਤਾਂ ਇਹ ਵੀ ਹੈ ਕਿ ਨਾਮਜ਼ਦਗੀਆਂ ਭਰਨ ਵਾਲਿਆਂ ਵਿੱਚੋਂ ਕੁਝ ਆਪਸ ਵਿੱਚ ਰਿਸ਼ਤੇ ਪੱਖੋਂ ਸਕੇ-ਸੋਧਰੇ ਹਨ ਅਤੇ ਨਜ਼ਦੀਕੀ ਰਿਸ਼ਤੇਦਾਰ ਵੀ ਹਨ। ਉਂਝ ਇਹ ਕਹਿਣਾ ਕਿ ਉਹ ਵਿਚਾਰਧਾਰਕ ਤੌਰ 'ਤੇ ਇੱਕ ਮੱਤ ਹਨ ਜਾਂ ਵੱਖ-ਵੱਖ ਨਜ਼ਰੀਏ ਤੋਂ ਚੋਣ ਲੜਨ ਦੇ ਚਾਹਵਾਨ ਹਨ, ਫ਼ਿਲਹਾਲ ਕੁਝ ਸਪਸ਼ਟ ਨਹੀਂ। ਉਂਝ ਇਨ੍ਹਾਂ ਵਿੱਚੋਂ ਕੁਝ ਨਾਮਜ਼ਦਗੀ ਪੱਤਰ ਆਉਂਦੇ ਐਤਵਾਰ ਯਾਨੀ 15 ਫ਼ਰਵਰੀ ਦੀ ਸ਼ਾਮ ਤੱਕ ਵਾਪਸ ਲੈ ਲਏ ਜਾਣ ਦੀ ਸੰਭਾਵਨਾ ਹੈ ਅਤੇ ਉਸ ਤੋਂ ਬਾਅਦ ਹੀ ਚੋਣਾਂ ਸਬੰਧੀ ਉਮੀਦਵਾਰਾਂ ਦੀ ਅੰਤਿਮ ਸੂਚੀ ਸਪੱਸ਼ਟ ਹੋਵੇਗੀ।

ਇੱਕ ਸੰਭਾਵਨਾ ਇਹ ਵੀ ਬਣਦੀ ਪ੍ਰਤੀਤ ਹੋ ਰਹੀ ਹੈ ਕਿ ਜੇ ਉਮੀਦਵਾਰਾਂ ਦੀ ਸੂਚੀ ਵਿੱਚ ਨਾਮ ਥੋੜ੍ਹੇ ਰਹਿ ਜਾਂਦੇ ਹਨ ਤਾਂ ਇਲੈਕਸ਼ਨ ਦੀ ਥਾਂ ਸਿਲੈਕਸ਼ਨ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ। ਉਂਝ ਇਸ ਲਈ ਚਾਰਾਜੋਈਆਂ ਹੁਣੇ ਤੋਂ ਕੀਤੇ ਜਾਣ ਦੀਆਂ ਕਨਸੋਆਂ ਵੀ ਹਨ (ਪੱਤਰਕਾਰੀ ਦੇ ਨਜ਼ਰੀਏ ਤੋਂ ਸਿਆਸਤ ਵਿੱਚ ਕਨਸੋਆਂ ਦੇ ਸੱਚ ਹੋ ਜਾਣ ਦੀ ਪੁਸ਼ਟੀ ਕੋਈ ਨਹੀਂ ਹੁੰਦੀ, ਪਰ ਜੇ ਇਹ ਸੱਚ ਵੀ ਹੁੰਦੀਆਂ ਹਨ ਤਾਂ ਉਜ਼ਰ ਵੀ ਕੋਈ ਨਹੀਂ)।

ਇੱਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੇ ਬੋਰਡ ਆਫ ਟਰੱਸਟੀ ਲਈ ਹਰ ਦੋ ਸਾਲ ਬਾਅਦ ਚੋਣਾਂ ਹੁੰਦੀਆਂ ਹਨ। ਇੱਕ ਸਮੇਂ ਚਾਰ ਅਤੇ ਇੱਕ ਸਮੇਂ ਪੰਜ ਬੋਰਡ ਆਫ ਟਰੱਸਟੀ ਯਾਨੀ ਮੈਂਬਰ ਚੁਣੇ ਜਾਂਦੇ ਹਨ। ਸਾਲ 2022 ਵਿੱਚ ਚੋਣਾਂ ਹੋਈਆਂ ਸਨ; ਜਦਕਿ ਕੋਵਿਡ-19 ਦੌਰਾਨ ਕਰੋਨਾ ਦੇ ਡਰੋਂ ਸਰਕਾਰੀ/ਪ੍ਰਸ਼ਾਸਕੀ ਪਾਬੰਦੀਆਂ ਦੇ ਮੱਦੇਨਜ਼ਰ ਸਾਲ 2020 ਅਤੇ ਫਿਰ ਸਾਲ 2024 ਵਿੱਚ ਚੋਣਾਂ ਨਹੀਂ ਸਨ ਹੋਈਆਂ।

ਹੁਣ ਸੰਗਤ ਦੇ ਕੁਝ ਮੈਂਬਰਾਂ ਵਿੱਚੋਂ ਇਹ ਆਵਾਜ਼ ਉਠ ਰਹੀ ਹੈ ਕਿ ਇਲੈਕਸ਼ਨ ਨਾਲੋਂ ਸਿਲੈਕਸ਼ਨ ਨੂੰ ਤਰਜੀਹ ਦੇਣ ਨਾਲ ਚੋਣਾਂ ਸਮੇਂ ਆਉਂਦੇ ਖਰਚ ਦੀ ਬੱਚਤ ਤਾਂ ਹੋਵੇਗੀ ਹੀ, ਸਗੋਂ ਇਸ ਤਰ੍ਹਾਂ ਭਾਈਚਾਰਕ ਆਪਸੀ ਇਤਫਾਕ ਵੀ ਬਣਿਆ ਰਹੇਗਾ; ਪਰ ਦੂਜਾ ਪਹਿਲੂ ਇਹ ਵੀ ਹੈ ਕਿ ਕੁਝ ਸੰਗਤ ਮੈਂਬਰ ਇਹ ਦਲੀਲ ਦੇ ਕੇ ਵੋਟਾਂ ਕਰਵਾਏ ਜਾਣ ਨੂੰ ਸਹੀ ਦੱਸ ਰਹੇ ਹਨ ਕਿ ਬੋਰਡ ਆਫ ਟਰੱਸਟੀ ਲਈ ਮੈਂਬਰ ਵੋਟਾਂ ਰਾਹੀਂ ਚੁਣ ਕੇ ਆਉਣੇ ਚਾਹੀਦੇ ਹਨ ਤਾਂ ਜੋ ਸੰਗਤ ਨੂੰ ਇਹ ਨਾ ਲੱਗੇ ਕਿ ਉਨ੍ਹਾਂ ਤੋਂ ਵੋਟ ਪਾਉਣ ਦਾ ਹੱਕ ਖੋਹ ਲਿਆ ਗਿਆ ਹੈ; ਕਿਉਂਕਿ ਗੁਰਦੁਆਰਾ ਸਾਹਿਬ ਲਈ ਸੰਗਤ ਦੀ ਮੈਂਬਰਸ਼ਿਪ ਭਰਾਏ ਜਾਣ ਦੇ ਕੁਝ ਮਕਸਦਾਂ ਵਿੱਚੋਂ ਇੱਕ ਮਕਸਦ ਨੂੰ ਵੋਟਾਂ ਦੀ ਗਿਣਤੀ ਪੱਖੋਂ ਵੀ ਦੇਖਿਆ ਜਾਂਦਾ ਹੈ। ਉਂਜ ਵੋਟ ਸਿਸਟਮ ਰਾਹੀਂ ਮੈਂਬਰ ਚੁਣੇ ਜਾਣ ਨਾਲ ਇਹ ਪੱਖ ਸਪਸ਼ਟ ਹੁੰਦਾ ਹੈ ਕਿ ਸੰਗਤ ਕਿਨ੍ਹਾਂ ਮੈਂਬਰਾਂ ਨੂੰ ਗੁਰਦੁਆਰਾ ਪ੍ਰਬੰਧ ਚਲਾਉਣ ਲਈ ਬਹੁਮਤ ਦਿੰਦੀ ਹੈ। ਜੇ ਚੋਣਾਂ ਤੋਂ ਪਹਿਲਾਂ ਸਰਬਸੰਮਤੀ ਲਈ ਸਹਿਮਤੀ ਬਣ ਕੇ ਪਰਚੀ ਸਿਸਟਮ 'ਤੇ ਗੱਲ ਨਿਬੜਦੀ ਹੈ ਤਾਂ ਨਿਰਸੰਦੇਹ ਚੋਣਾਂ ਰੱਦ ਹੋ ਜਾਣਗੀਆਂ, ਪਰ ਜੇ ਸਹਿਮਤੀ ਨਹੀਂ ਬਣਦੀ ਤਾਂ ਚੋਣਾਂ ਕਰਵਾਏ ਜਾਣ ਲਈ ਰਾਹ ਪਹਿਲਾਂ ਹੀ ਪੱਧਰਾ ਹੈ।

ਇਸ ਤੋਂ ਇਲਾਵਾ ਗੁਰਦੁਆਰਾ ਮਾਹੌਲ ਵਿੱਚ ਕੁਝ ਮੁੱਦਿਆਂ ਨੂੰ ਲੈ ਕੇ ਹਲਚਲ ਵੀ ਵਧੀ ਹੈ। ਉਂਜ ਚੋਣਾਂ ਸਮੇਂ ਵਿਰੋਧਾਭਾਸੀ ਸਥਿਤੀ ਸੁਭਾਵਿਕ ਬਣ ਜਾਣੀ ਜਾਂ ਬਣਾ ਦੇਣੀ ਆਮ ਵਰਤਾਰਾ ਸਮਝਿਆ ਜਾਂਦਾ ਹੈ, ਪਰ ਕੁਝ ਗੱਲਾਂ ਨੂੰ ਲੈ ਕੇ ਗੁਰਦੁਆਰਾ ਪ੍ਰਬੰਧਾਂ ਨਾਲ ਸਿੱਧੇ-ਅਸਿੱਧੇ ਤੌਰ 'ਤੇ ਜੁੜੀਆਂ ਧਿਰਾਂ ਵਿਚਾਲੇ ਮਤਭੇਦ ਪਿਛਲੇ ਕੁਝ ਸਮੇਂ ਤੋਂ ਨਿਰੰਤਰ ਉਭਰੇ ਹੋਏ ਹਨ ਤੇ ਗਾਹੇ-ਬਗਾਹੇ ਉਨ੍ਹਾਂ 'ਤੇ ਦਲੀਲ-ਬਾਦਲੀਲ ਚਰਚਾ ਵੀ ਛਿੜਦੀ ਰਹੀ ਹੈ। ਇਨ੍ਹਾਂ ਚਰਚਿਆਂ ਲਈ ਵੀ ਰਾਹ ਮੋਕਲਾ ਹੋਇਆ ਹੈ ਕਿ ਜਿਹੜੇ ਸ਼ਖਸ ਗੁਰਦੁਆਰੇ ਵਿੱਚ ਸਿਆਸਤ ਨੂੰ ਪਹਿਲ ਦੇ ਕੇ ਸਿਰਫ਼ ਆਪਣੇ ਆਪ ਨੂੰ ਮੂਹਰੈਲ ਸਫ਼ਾਂ ਵਿੱਚ ਰੱਖਣ ਦੀ ਤਾਕ ਵਿੱਚ ਹਨ ਅਤੇ ਜਿਹੜੇ ਸੇਵਾ ਭਾਵਨਾ ਦੇ ਨਜ਼ਰੀਏ ਤੋਂ ਤੰਗਦਿਲ ਹਨ, ਉਨ੍ਹਾਂ ਨੂੰ ਗੁਰੂ ਦਾ ਭੈਅ ਮੰਨਣਾ ਚਾਹੀਦਾ ਹੈ।

ਕੁਝ ਗੱਲਾਂ ਉਤੇ ਮੌਜੂਦਾ ਪ੍ਰਬੰਧਕੀ ਕਮੇਟੀ ਦੇ ਕੁਝ ਨੁਮਾਇੰਦਿਆਂ ਅਤੇ ਨਿੱਜੀ ਧਿਰਾਂ ਵਿਚਾਲੇ ਆਪਸੀ ਮਤਭੇਦ ਹਨ, ਜਿਸ ਕਾਰਨ ਹਲਕੀ-ਫੁਲਕੀ ਗਹਿਮਾ-ਗਹਿਮੀ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਵਿੱਚ ਦੋ ਰਾਵਾਂ ਨਹੀਂ ਕਿ ਇਸ ਤਰ੍ਹਾਂ ਦੇ ਮਾਹੌਲ ਨੇ ਗੁਰਦੁਆਰਾ ਅਹਾਤੇ ਵਿੱਚ ਨਾਂਹਪੱਖੀ ਅਸਰ ਪੈਦਾ ਕੀਤਾ ਹੈ, ਜੋ ਕਿ ਗੁਰਬਾਣੀ ਦੇ ਆਸੇ ਤੋਂ ਉਲਟ ਚੱਲਣ ਦੀ ਪ੍ਰਵਿਰਤੀ ਨੂੰ ਉਜਾਗਰ ਕਰਦਾ ਹੈ। ਸੰਗਤ ਦੇ ਕੁਝ ਮੈਂਬਰਾਂ ਨੂੰ ਇਹ ਸਭ ਖਟਕ ਰਿਹਾ ਹੈ। ਉਂਝ ਪੈਲਾਟਾਈਨ ਗੁਰੂਘਰ ਵਿੱਚ ਸਮੇਂ ਸਮੇਂ ਉਭਰਦੀਆਂ ਰਹੀਆਂ ਵਿਚਾਰਧਾਰਕ ਤਲਖ਼ੀਆਂ ਦੇ ਇਤਿਹਾਸ ਤੋਂ ਇਸ ਨਾਲ ਲੰਮੇ ਸਮੇਂ ਤੋਂ ਜੁੜੀ ਸੰਗਤ ਭਲੀਭਾਂਤ ਜਾਣੂੰ ਹੈ। ਇਨ੍ਹਾਂ ਦਾ ਅਗਾਮੀ ਸੰਭਾਵੀ ਚੋਣਾਂ ਉਤੇ ਕੀ ਅਸਰ ਪੈਂਦਾ ਹੈ, ਇਹ ਦੇਖਣਾ ਵੀ ਦਿਲਚਸਪੀ ਭਰਿਆ ਹੋਵੇਗਾ।

ਇਸੇ ਦੌਰਾਨ ਗੁਰਦੁਆਰਾ ਕਾਰ ਸੇਵਾ ਜਥੇ ਦੇ ਇੱਕ ਸੱਜਣ ਸਤਨਾਮ ਸਿੰਘ ਔਲਖ ਨੇ 'ਪੰਜਾਬੀ ਪਰਵਾਜ਼' ਨੂੰ ਭੇਜੇ ਇੱਕ ਬਿਆਨ ਵਿੱਚ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਖ਼ੇ ਧਾਰਮਿਕ ਸਿਸਟਮ, ਗੁਰਮਤਿ ਸਿੱਖੀ ਪ੍ਰਚਾਰ, ਰੁੱਖਾਂ ਦੀ ਲਵਾਈ ਅਤੇ ਵਾਤਾਵਰਨ ਦੀ ਅੰਦਰੋਂ ਸਾਫ-ਸਫ਼ਾਈ ਵਿੱਚ ਦਿਨ-ਬਦਿਨ ਹੋ ਰਹੇ ਵਾਧੇ ਦੀ ਪ੍ਰਿੰਟਿੰਗ ਤੇ ਸੋਸ਼ਲ ਮੀਡੀਆ ਰਾਹੀਂ ਹੋ ਰਹੀ ਪ੍ਰਸ਼ੰਸਾ ਨੂੰ ਬਰਕਰਾਰ ਰੱਖਣ ਲਈ ਧੜੇਬਾਜ਼ੀ ਤੋਂ ਉਪਰ ਉੱਠ ਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਢਾਂਚੇ ਨੂੰ ਆਦਰਸ਼ ਮਿਆਰੀ ਬਣਾਉਣ ਵਾਸਤੇ ਰੋਲ ਮਾਡਲ ਟਰੱਸਟੀ ਦੀ ਇਲੈਕਸ਼ਨ ਜਾਂ ਸਿਲੈਕਸ਼ਨ ਕਰਨ ਦੀ ਅਪੀਲ ਕੀਤੀ ਹੈ।

ਇਸ ਦੇ ਨਾਲ ਹੀ ਗੁਰੂਘਰ ਵਿੱਚ ਮੈਂਬਰਸ਼ਿਪ ਫਾਰਮ ਭਰਨ ਦਾ ਸਿਲਸਿਲਾ ਵੀ ਜਾਰੀ ਹੈ ਅਤੇ ਸੰਗਤ ਦੇ ਮੈਂਬਰ ਬਣਦੀ ਫੀਸ ਜਮ੍ਹਾਂ ਕਰਵਾ ਰਹੇ ਹਨ। ਜਿਨ੍ਹਾਂ ਨੇ ਮੈਂਬਰਸ਼ਿਪ ਹਾਲੇ ਤੱਕ ਨਹੀਂ ਲਈ ਹੋਈ, ਉਨ੍ਹਾਂ ਨੂੰ ਇਸ ਦੇ ਫਾਇਦੇ ਦੱਸ ਕੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਚੇਤੇ ਰਹੇ, ਇਨ੍ਹੀਂ ਦਿਨੀਂ ਪਹਿਲੀ ਵਾਰ ਮੈਂਬਰਸ਼ਿਪ ਲੈਣ ਲਈ ਫਾਰਮ ਭਰਨ ਵਾਲੀ ਸੰਗਤ ਨੂੰ ਇਸ ਸਾਲ ਦੀ ਅਗਾਮੀ ਚੋਣ ਸਮੇਂ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।

**Matrimonial**

**Jat Sikh Grewal family looking for a compatible match for their US born and raised sweet, homely MD working daughter, age 31, height 5'-9", preferably US born and raised doctor or other compatible profession. Height 6' plus please.**

**Contact 414-737-8624 via text and/or What'sApp only to begin with/email at: ranigrewal72@gmail.com**

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh
**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਦੋ ਹਿੱਸਿਆਂ ਵਿੱਚ ਟੁੱਟ ਰਿਹਾ ਹੈ ਅਫ਼ਰੀਕਾ ਮਹਾਂਦੀਪ

## ਵਿਗਿਆਨੀਆਂ ਦਾ ਖ਼ੁਲਾਸਾ

**ਵਿਵੇਕ ਸਿੰਘ**

ਅਫ਼ਰੀਕਾ ਮਹਾਂਦੀਪ ਇਸ ਸਮੇਂ ਧਰਤੀ ਦੇ ਅੰਦਰ ਹੋ ਰਹੀ ਇੱਕ ਅਸਾਧਾਰਨ ਭੂਗਰਭੀ ਹਲਚਲ ਦਾ ਸਾਹਮਣਾ ਕਰ ਰਿਹਾ ਹੈ। ਵਿਗਿਆਨੀਆਂ ਅਨੁਸਾਰ ਇਹ ਹਲਚਲ ਅਫ਼ਰੀਕਾ ਨੂੰ ਹੌਲੀ-ਹੌਲੀ ਦੋ ਵੱਖ-ਵੱਖ ਹਿੱਸਿਆਂ ਵਿੱਚ ਵੰਡ ਰਹੀ ਹੈ। ਇਸ ਖੋਜ ਨੇ ਸਾਰੀ ਦੁਨੀਆ ਦੇ ਭੂਗੋਲ ਅਤੇ ਧਰਤੀ ਵਿਗਿਆਨ ਨਾਲ ਜੁੜੇ ਵਿਗਿਆਨੀਆਂ ਦੀ ਦਿਲਚਸਪੀ ਵਧਾ ਦਿੱਤੀ ਹੈ।

ਤਾਜ਼ਾ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਅਫ਼ਰੀਕਾ ਮਹਾਂਦੀਪ ਵਿੱਚ ਇੱਕ ਵੱਡੀ ਦਰਾਰ ਪੈ ਰਹੀ ਹੈ। ਇਹ ਦਰਾਰ ਈਸਟ ਅਫ਼ਰੀਕਨ ਰਿਫ਼ਟ (East African Rift – EAR) ਦੇ ਨਾਲ਼-ਨਾਲ਼ ਬਣ ਰਹੀ ਹੈ। ਇਸ ਪ੍ਰਕਿਰਿਆ ਵਿੱਚ ਅਫ਼ਰੀਕਾ ਦਾ ਪੂਰਬੀ ਹਿੱਸਾ, ਜੋ ਸੋਮਾਲੀਅਨ ਪਲੇਟ 'ਤੇ ਟਿਕਿਆ ਹੈ, ਹੌਲੀ-ਹੌਲੀ ਮੁੱਖ ਨਿਊਬੀਅਨ ਪਲੇਟ ਤੋਂ ਵੱਖ ਹੋ ਰਿਹਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਆਉਣ ਵਾਲੇ ਲੱਖਾਂ ਸਾਲਾਂ ਵਿੱਚ ਇਹ ਦਰਾਰ ਏਨੀ ਵੱਡੀ ਹੋ ਸਕਦੀ ਹੈ ਕਿ ਦੋ ਵੱਡੇ ਭੂਮੀ ਹਿੱਸਿਆਂ ਦੇ ਵਿਚਕਾਰ ਇੱਕ ਨਵਾਂ ਮਹਾਂਸਾਗਰ ਬਣ ਜਾਵੇ।

### ਹੌਲੀ ਪਰ ਲਗਾਤਾਰ ਵੱਧ ਰਹੀ ਦਰਾਰ

ਵਿਗਿਆਨੀਆਂ ਮੁਤਾਬਕ ਇਸ ਵੇਲੇ ਇਹ ਦਰਾਰ ਬਹੁਤ ਹੌਲੀ ਰਫ਼ਤਾਰ ਨਾਲ ਵਧ ਰਹੀ ਹੈ, ਪਰ ਇਹ ਪ੍ਰਕਿਰਿਆ ਰੁਕਣ ਵਾਲੀ ਨਹੀਂ। ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਹਰ ਸਾਲ ਇਹ ਦਰਾਰ ਕੁਝ ਮਿਲੀਮੀਟਰ ਤੱਕ ਵਧ ਰਹੀ ਹੈ। ਇਸ ਪੂਰੀ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ ਲੱਖਾਂ ਤੋਂ ਕਰੋੜਾਂ ਸਾਲ ਲੱਗ ਸਕਦੇ ਹਨ।

ਖੋਜਾਂ ਦੱਸਦੀਆਂ ਹਨ ਕਿ ਨਿਊਬੀਅਨ ਅਤੇ ਸੋਮਾਲੀਅਨ ਪਲੇਟਾਂ, ਉੱਤਰ ਵੱਲ ਮੌਜੂਦ ਅਰਬੀਅਨ ਪਲੇਟ ਤੋਂ ਵੀ ਵੱਖ ਹੋ ਰਹੀਆਂ ਹਨ। ਇਸ ਕਾਰਨ ਧਰਤੀ ਦੇ ਅੰਦਰ ਇੱਕ Y-ਆਕਾਰ ਦਾ ਰਿਫ਼ਟ ਸਿਸਟਮ ਬਣ ਰਿਹਾ ਹੈ।

## *ਧਰਤੀ 'ਤੇ ਬਣ ਸਕਦਾ ਹੈ ਇੱਕ ਨਵਾਂ ਮਹਾਂਸਾਗਰ



ਇਹ ਤਿੰਨ ਪਲੇਟਾਂ ਇਥੋਪੀਆ ਦੇ ਅਫ਼ਾਰ ਖੇਤਰ ਵਿੱਚ ਮਿਲਦੀਆਂ ਹਨ, ਜਿਸਨੂੰ ਟ੍ਰਿਪਲ ਜੰਕਸ਼ਨ ਕਿਹਾ ਜਾਂਦਾ ਹੈ। ਇਹ ਧਰਤੀ 'ਤੇ ਬਹੁਤ ਹੀ ਦੁਰਲਭ ਥਾਵਾਂ ਵਿੱਚੋਂ ਇੱਕ ਹੈ, ਜਿੱਥੇ ਤਿੰਨ ਵੱਡੀਆਂ ਟੈਕਟੋਨਿਕ ਦਰਾਰਾਂ ਇਕੱਠੀਆਂ ਹੁੰਦੀਆਂ ਹਨ। ਇਨ੍ਹਾਂ ਵਿੱਚ ਇਥੋਪੀਆਈ ਰਿਫ਼ਟ, ਲਾਲ ਸਾਗਰ (Red Sea) ਰਿੱਟ ਅਤੇ ਅਦਨ ਦੀ ਖਾੜੀ (Gulf of Aden) ਰਿਫ਼ਟ ਸ਼ਾਮਲ ਹਨ।

### ਦਰਾਰਾਂ 'ਚ ਦਾਖ਼ਲ ਹੋਵੇਗਾ ਸਮੁੰਦਰ ਦਾ ਪਾਣੀ

ਵਰਜੀਨੀਆ ਟੈਕ ਯੂਨੀਵਰਸਿਟੀ ਦੀ ਜਿਓਫ਼ਿਜ਼ਿਸਟ ਡਾ. ਸਾਰਾ ਸਟੈਂਪਸ ਅਨੁਸਾਰ ਦਰਾਰ ਸਭ ਤੋਂ ਤੇਜ਼ੀ ਨਾਲ ਉੱਤਰੀ ਹਿੱਸੇ ਵਿੱਚ ਵਧ ਰਹੀ ਹੈ। ਇਸ ਕਰ ਕੇ ਸਭ ਤੋਂ ਪਹਿਲਾਂ ਉਥੇ ਹੀ ਸਮੁੰਦਰ ਬਣਨ ਦੀ ਸੰਭਾਵਨਾ ਹੈ।

ਵਿਗਿਆਨੀ ਦੱਸਦੇ ਹਨ ਕਿ ਇਥੋਪੀਆ ਦੇ ਅਫ਼ਾਰ ਖੇਤਰ ਵਿੱਚ ਧਰਤੀ ਦੀ ਉੱਪਰੀ ਪਰਤ ਪਹਿਲਾਂ ਹੀ ਕਾਫ਼ੀ ਪਤਲੀ ਹੋ ਚੁੱਕੀ ਹੈ। ਇੱਥੋਂ ਦੀ ਕੁਝ ਜ਼ਮੀਨ ਸਮੁੰਦਰ ਦੀ ਸਤ੍ਹਾ ਤੋਂ ਹੇਠਾਂ ਵੀ ਹੈ। ਦਰਾਰ ਦੀਆਂ ਦੋ ਬਾਂਹਾਂ ਪਹਿਲਾਂ ਹੀ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿੱਚ ਡੁੱਬ ਚੁੱਕੀਆਂ ਹਨ।

ਜਦੋਂ ਇਹ ਦਰਾਰ ਦਰਮਿਆਨੀ ਘਾਟੀ ਸਮੁੰਦਰ ਦੀ ਸਤ੍ਹਾ ਤੋਂ ਹੋਰ ਹੇਠਾਂ ਚਲੀ ਜਾਵੇਗੀ, ਤਾਂ ਸਮੁੰਦਰ ਦਾ ਪਾਣੀ ਤੇਜ਼ੀ ਨਾਲ ਇਨ੍ਹਾਂ ਵੱਖ ਹੋ ਰਹੀਆਂ ਪਲੇਟਾਂ ਦੇ ਵਿਚਕਾਰ ਵਗਣਾ ਸ਼ੁਰੂ ਕਰ ਦੇਵੇਗਾ। ਇਸ ਨਾਲ ਹੌਲੀ-ਹੌਲੀ ਇੱਕ ਨਵਾਂ ਮਹਾਂਸਾਗਰੀ ਖੱਡ (Ocean Basin) ਬਣ ਜਾਵੇਗਾ।

### ਭੂਚਾਲ ਅਤੇ ਜਵਾਲਾਮੁਖੀ ਦਾ ਖ਼ਤਰਾ ਵੀ

ਰਿਪੋਰਟ ਮੁਤਾਬਕ ਹਰ ਸਾਲ ਪਲੇਟਾਂ ਇੱਕ-ਦੂਜੇ ਤੋਂ ਲਗਭਗ 0.28 ਇੰਚ ਦੂਰ ਹੋ ਰਹੀਆਂ ਹਨ। ਇਸ ਰਫ਼ਤਾਰ ਨਾਲ ਪੂਰੇ ਮਹਾਂਸਾਗਰ ਨੂੰ ਬਣਨ ਵਿੱਚ ਦਹਾਕੇ ਨਹੀਂ, ਸਗੋਂ ਲੱਖਾਂ ਸਾਲ ਲੱਗਣਗੇ। ਪਰ ਵਿਗਿਆਨੀ ਚੇਤਾਵਨੀ ਦੇ ਰਹੇ ਹਨ ਕਿ ਇਸ ਪ੍ਰਕਿਰਿਆ ਦੇ ਪ੍ਰਭਾਵ ਜ਼ਿੰਦਗੀ 'ਤੇ ਜਲਦੀ ਵੀ ਪੈ ਸਕਦੇ ਹਨ। ਖ਼ਾਸ ਕਰ ਕੇ

- ਭੂਚਾਲਾਂ ਦੀ ਗਿਣਤੀ ਵਿੱਚ ਵਾਧਾ
- ਜਵਾਲਾਮੁਖੀ ਫਟਣ ਦੀ ਸੰਭਾਵਨਾ
- ਜ਼ਮੀਨੀ ਬਣਤਰ ਵਿੱਚ ਅਚਾਨਕ ਬਦਲਾਅ, ਆਦਿ।

ਧਰਤੀ ਦੀ ਉੱਪਰੀ ਪਰਤ ਲਗਭਗ 15 ਤੋਂ 20 ਵੱਡੀਆਂ ਟੈਕਟੋਨਿਕ ਪਲੇਟਾਂ ਤੋਂ ਬਣੀ ਹੋਈ ਹੈ, ਜੋ ਹੇਠਾਂ ਮੌਜੂਦ ਗਰਮ ਅਤੇ ਪਿਘਲੇ ਹੋਏ ਮੈਗਮਾ 'ਤੇ ਤੈਰ ਰਹੀਆਂ ਹਨ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਅਫ਼ਾਰ ਖੇਤਰ ਦੇ ਹੇਠਾਂ ਇੱਕ ਮੈਂਟਲ ਪਲੂਮ ਮੌਜੂਦ ਹੈ। ਇਹ ਧਰਤੀ ਦੇ ਅੰਦਰੋਂ ਉੱਪਰ ਵੱਲ ਚੜ੍ਹਦਾ ਹੋਇਆ ਗਰਮ ਪਦਾਰਥ ਦਾ ਸਤੰਭ ਹੁੰਦਾ ਹੈ, ਜੋ ਧਰਤੀ ਦੀ ਉੱਪਰੀ ਪਰਤ ਨੂੰ ਕਮਜ਼ੋਰ ਕਰ ਕੇ ਤੋੜ ਰਿਹਾ ਹੈ।

### ਕੁਝ ਹੋਰ ਮਹੱਤਵਪੂਰਨ ਤੱਥ

- ਇਹੋ ਜਿਹੀ ਪ੍ਰਕਿਰਿਆ ਲੱਖਾਂ ਸਾਲ ਪਹਿਲਾਂ ਹੋਈ ਸੀ, ਜਿਸ ਨਾਲ ਅਟਲਾਂਟਿਕ ਮਹਾਂਸਾਗਰ ਬਣਿਆ।
- ਅਫ਼ਰੀਕਾ ਦੇ ਦੋ ਹਿੱਸਿਆਂ ਵਿੱਚ ਵੰਡੇ ਜਾਣ ਨਾਲ ਭਵਿੱਖ ਵਿੱਚ ਦੁਨੀਆ ਦਾ ਨਕਸ਼ਾ ਹੀ ਬਦਲ ਸਕਦਾ ਹੈ।
- ਕੀਨੀਆ, ਇਥੋਪੀਆ ਅਤੇ ਤਨਜ਼ਾਨੀਆ ਵਰਗੇ ਦੇਸ਼ ਇਸ ਭੂਗਰਭੀ ਬਦਲਾਅ ਦਾ ਕੇਂਦਰ ਬਣ ਸਕਦੇ ਹਨ।
- ਵਿਗਿਆਨੀਆਂ ਅਨੁਸਾਰ ਇਹ ਕੁਦਰਤੀ ਪ੍ਰਕਿਰਿਆ ਹੈ, ਇਸਨੂੰ ਰੋਕਿਆ ਨਹੀਂ ਜਾ ਸਕਦਾ; ਸਿਰਫ਼ ਸਮਝਿਆ ਜਾ ਸਕਦਾ ਹੈ।

# 'ਐਸ.ਆਰ.ਐਸ. ਖਾਲਸਾ ਰੋਬੋ ਵਾਰੀਅਰਜ਼' ਦੀ ਸਟੇਟ ਪੱਧਰੀ ਪੁਲਾਂਘ

**ਸ਼ਿਕਾਗੋ:** ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ (ਐਸ.ਆਰ.ਐਸ.) ਦੇ ਖਾਲਸਾ ਰੋਬੋ ਵਾਰੀਅਰਜ਼ ਨੇ ਇਲੀਨਾਏ ਸੈਕਸ਼ਨਲਜ਼ ਜਿੱਤੇ ਹਨ ਅਤੇ ਰਾਜ ਪੱਧਰ 'ਤੇ ਅੱਗੇ ਵਧ ਰਹੇ ਹਨ। ਇਹ ਪ੍ਰਾਪਤੀ ਸਿੱਖ ਭਾਈਚਾਰੇ ਦੇ ਨਿਰੰਤਰ ਸਮਰਥਨ ਦੇ ਨਾਲ ਮਾਪਿਆਂ, ਕੋਚਾਂ ਤੇ ਹਾਈ ਸਕੂਲ (ਜੂਨੀਅਰ) ਕੋਚਾਂ ਦੇ ਸਮਰਪਣ, ਟੀਮ ਵਰਕ ਅਤੇ ਨਿਰਸਵਾਰਥ ਸੇਵਾ ਨੂੰ ਦਰਸਾਉਂਦੀ ਹੈ। ਉਨ੍ਹਾਂ ਦੇ ਮਾਰਗਦਰਸ਼ਨ ਅਤੇ ਵਚਨਬੱਧਤਾ ਨੇ ਇਸ ਸਫਲਤਾ ਵਿੱਚ ਮੁੱਖ ਭੂਮਿਕਾ ਨਿਭਾਈ। ਜਿੱਤ ਤੋਂ ਵੱਧ ਇਹ ਪ੍ਰਾਪਤੀ ਸਾਡੇ ਬੱਚਿਆਂ-ਨੌਜਵਾਨਾਂ ਲਈ ਸਿੱਖਣ, ਅਗਵਾਈ ਕਰਨ ਅਤੇ ਵੱਡੇ ਸੁਪਨੇ ਦੇਖਣ ਲਈ ਇੱਕ ਪ੍ਰੇਰਨਾ ਹੈ।







ਅਭਿਜਯੋਤ ਸਿੰਘ ਦੁਆਰਾ ਕੋਚ ਕੀਤੀ ਗਈ ਐਸ.ਆਰ.ਐਸ. ਸੀਨੀਅਰ ਟੀਮ ਨੇ ਪਿਛਲੇ ਸਾਲ ਕੁਆਲੀਫਾਇਰ ਅਤੇ ਇਸ ਸਾਲ ਸੈਕਸ਼ਨਲ ਜਿੱਤੇ। ਇੱਕ ਜਿੱਤ ਤੋਂ ਵੱਧ ਇਹ ਉਦਮ ਸਾਡੇ ਨੌਜਵਾਨਾਂ ਲਈ ਸਿੱਖਣ, ਅਗਵਾਈ ਕਰਨ ਅਤੇ ਵੱਡੇ ਸੁਪਨੇ ਦੇਖਣ ਲਈ ਇੱਕ ਪ੍ਰੇਰਨਾ ਹੈ। 'ਐਸ.ਆਰ.ਐਸ. ਖਾਲਸਾ ਰੋਬੋ ਵਾਰੀਅਰਜ਼' ਇਲੀਨਾਏ ਰਾਜ ਦੀਆਂ ਚੋਟੀ ਦੀਆਂ 7% ਟੀਮਾਂ ਵਿੱਚ ਹਨ ਅਤੇ ਇਸ ਮਹੀਨੇ ਰਾਜ ਪੱਧਰ ਲਈ ਮੁਕਾਬਲੇ ਵਿੱਚ ਹਿੱਸਾ ਲੈਣਗੇ। ਜੂਨੀਅਰ ਟੀਮ ਮਾਰਚ ਵਿੱਚ ਹੋਣ ਵਾਲੇ ਮੁਕਾਬਲੇ ਲਈ ਤਿਆਰੀ ਕਰ ਰਹੀ ਹੈ ਅਤੇ ਇਸ ਸਮੇਂ ਰਣਸ਼ੇਰ ਸਿੰਘ ਦੁਆਰਾ ਕੋਚ ਕੀਤਾ ਜਾ ਰਿਹਾ ਹੈ।

ਸੀਨੀਅਰ ਟੀਮ ਵਿੱਚ ਕਵਨਜੋਤ ਸਿੰਘ ਚੱਢਾ, ਆਰਵ ਭਾਟੀਆ, ਰਿਸ਼ਵੀਨ ਕੌਰ, ਪਰੀ ਖੁਰਾਣਾ, ਸੁਖਮੀਤ ਕੌਰ ਲੁਣਾਵਥ, ਅਗਮ ਸੁਡਾਨ ਸ਼ਾਮਲ ਹਨ ਅਤੇ ਜੂਨੀਅਰ ਟੀਮ ਵਿੱਚ ਨਾਨਕ ਸਿੰਘ, ਏਕਮਵੀਰ ਕਲਸੀ, ਮੇਹਰ ਕੌਰ ਲੁਣਾਵਥ, ਅਯਾਨ ਸਿੰਘ, ਆਰੁਸ਼ ਪਿਆ ਤੇ ਅਮਰਾਜ਼ ਘੁੰਮਣ ਸ਼ਾਮਲ ਹਨ।

ਅਭਿਜਯੋਤ ਸਿੰਘ ਨੇ ਸਰਵੋਤਮ ਕੋਚ ਪੁਰਸਕਾਰ ਵੀ ਜਿੱਤਿਆ ਅਤੇ ਟੀਮ ਨੇ ਇੰਜੀਨੀਅਰਿੰਗ ਐਕਸੀਲੈਂਸ ਪੁਰਸਕਾਰ ਤੇ ਰੋਬੋਟ ਪ੍ਰਦਰਸ਼ਨ ਪੁਰਸਕਾਰ ਜਿੱਤਿਆ।

ਜ਼ਿਕਰਯੋਗ ਹੈ ਕਿ ਇਸ ਟੀਮ ਦੀ ਸ਼ੁਰੂਆਤ ਤਰਨਬੀਰ ਸਿੰਘ ਚੱਢਾ ਅਤੇ ਨਿਸ਼ੀਕੌਰ ਚੱਢਾ ਨੇ ਗੁਰਦੁਆਰਾ ਸਾਹਿਬ ਵਿਖੇ ਇੱਕ ਸਟੈੱਮ (STEM) ਸੇਵਾ ਵਜੋਂ ਕੀਤੀ ਹੈ। 12 ਤੋਂ 16 ਹਫ਼ਤਿਆਂ ਦੇ ਪ੍ਰੋਗਰਾਮ ਵਿੱਚ ਬੱਚੇ ਅਸਲ-ਸੰਸਾਰ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਰੋਬੋਟ ਸਿੱਖਦੇ, ਡਿਜ਼ਾਈਨ ਕਰਦੇ ਅਤੇ ਬਣਾਉਂਦੇ ਹਨ। ਹਰ ਐਤਵਾਰ ਸਿੱਖ ਰਿਲੀਜੀਅਸ ਸੁਸਾਇਟੀ ਦੇ ਕਮਿਊਨਿਟੀ ਸੈਂਟਰ ਵਿਖੇ 3 ਘੰਟੇ ਦੇ ਟੀਮ ਸੈਸ਼ਨ ਚੱਲਦੇ ਹਨ।

ਸਿੱਖ ਰਿਲੀਜੀਅਸ ਸੁਸਾਇਟੀ ਵਿਖੇ ਪਹਿਲੀ ਲੈਗੋ ਲੀਗ ਵਿੱਚ ਕੁੱਲ 14 ਬੱਚਿਆਂ ਨੇ ਭਾਗ ਲਿਆ ਸੀ। ਲੈਗੋ ਲੀਗ ਬੱਚਿਆਂ ਨੂੰ ਰੋਬੋਟਿਕਸ, ਕੋਡਿੰਗ ਅਤੇ ਸਟੈੱਮ (STEM) ਆਧਾਰਿਤ ਸਮੱਸਿਆ ਹੱਲ ਕਰਨ ਬਾਰੇ ਵੀ ਜਾਣੂੰ ਕਰਵਾਉਂਦੀ ਹੈ। ਹੈਂਡਸ-ਆਨ ਸਟੈੱਮ ਸਿਖਲਾਈ ਦੁਆਰਾ ਭਾਈਚਾਰਕ ਕਦਰਾਂ-ਕੀਮਤਾਂ ਨੂੰ ਮਜਬੂਤ ਕਰਦੇ ਹੋਏ ਉਤਸੁਕਤਾ, ਰਚਨਾਤਮਕਤਾ ਅਤੇ ਟੀਮ ਵਰਕ ਨੂੰ ਪ੍ਰੇਰਿਤ ਕਰਦੀ ਹੈ।




ਇਸ ਤੋਂ ਇਲਾਵਾ ਵਿਦਿਆਰਥੀਆਂ/ਬੱਚਿਆਂ ਨੂੰ 'ਲੈਗੋ ਲੀਗ' ਦੇ ਫਾਇਦੇ ਇਸ ਪ੍ਰਕਾਸ ਹਨ: ਇਹ ਮੋਟਰ ਸਕਿੱਲ ਡਿਵੈਲਪ ਕਰਨ ਵਿੱਚ ਫੋਕਸ ਵਧਾਉਣ, ਸਮੱਸਿਆ ਹੱਲ ਕਰਨ ਤੇ ਤਰਕ ਨੂੰ ਵਧਾਉਣ, ਦਿਮਾਗੀ ਵਿਕਾਸ ਨੂੰ ਵਧਾਉਣ, ਦੋਹਾਂ ਹੱਥਾਂ ਦੀ ਤਾਕਤ ਨੂੰ ਵਧਾਉਣ ਵਿੱਚ ਸਹਾਈ ਹੋਣ ਦੇ ਨਾਲ ਨਾਲ ਬੱਚਿਆਂ ਨੂੰ ਸਕਰੀਨ ਤੋਂ ਦੂਰ ਰੱਖਦੀ ਹੈ। ਇਸ ਤੋਂ ਇਲਾਵਾ ਸਿੱਖਿਆ ਤੇ ਨਵੀਨਤਾ ਨੂੰ ਵਧਾਉਣ ਦੇ ਨਾਲ ਨਾਲ ਇਮਾਰਤ ਬਣਾਉਣ ਵਿੱਚ ਮਦਦ ਕਰਦੀ ਹੈ ਤੇ ਟੀਮ ਵਰਕ ਸਿਖਾਉਂਦੀ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅਭਿਜਯੋਤ ਸਿੰਘ ਇੱਕ ਲੀਗੋ ਲੀਗ ਹੈ ਅਤੇ 3 ਸਾਲਾਂ ਲਈ ਰਾਜ ਪੱਧਰੀ ਭਾਗੀਦਾਰ ਅਤੇ ਕੋਚ ਹੈ। ਉਹ ਦੋ ਵਾਰ ਸਾਇੰਸ ਓਲੰਪੀਆਡ ਰਾਸ਼ਟਰੀ ਪੁਰਸਕਾਰ ਜੇਤੂ ਹੈ ਅਤੇ ਮੈਥ ਕਾਉਂਟ ਵਿੱਚ ਰਾਜ ਪੱਧਰੀ ਚੌਥਾ ਸਥਾਨ ਪ੍ਰਾਪਤ ਕਰ ਚੁਕਾ ਹੈ। ਉਹ AIME ਕੁਆਲੀਫਾਇਰ ਅਤੇ ਸਟੀਵਨਸਨ ਹਾਈ ਸਕੂਲ ਲਈ ਈਕੋਟੀਨ ਐਪ ਦਾ ਡਿਵੈਲਪਰ ਵੀ ਹੈ।

# ਵਾਸ਼ਿੰਗਟਨ ਪੋਸਟ 'ਚ ਵੱਡੀ ਛਾਂਟੀ-ਇੱਕ ਤਿਹਾਈ ਮੁਲਾਜ਼ਮ ਕੱਢੇ

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਦੇ ਪ੍ਰਸਿੱਧ ਅਤੇ ਇਤਿਹਾਸਕ ਅਖ਼ਬਾਰ 'ਦ ਵਾਸ਼ਿੰਗਟਨ ਪੋਸਟ' ਵਿੱਚ ਇਨ੍ਹੀਂ ਦਿਨੀਂ ਹੋਈ ਵੱਡੀ ਛਾਂਟੀ ਨੇ ਸਿਰਫ਼ ਅਮਰੀਕਾ ਹੀ ਨਹੀਂ, ਸਗੋਂ ਦੁਨੀਆ ਭਰ ਦੀ ਪੱਤਰਕਾਰਤਾ ਲਈ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਲਗਭਗ ਇੱਕ-ਤਿਹਾਈ ਮੁਲਾਜ਼ਮਾਂ ਨੂੰ ਇੱਕੋ ਈਮੇਲ ਰਾਹੀਂ ਨੌਕਰੀ ਤੋਂ ਹਟਾ ਦਿੱਤਾ ਗਿਆ ਹੈ। ਖ਼ਬਰਾਂ, ਵਿਸ਼ਲੇਸ਼ਣ ਅਤੇ ਖੋਜੀ ਪੱਤਰਕਾਰਤਾ ਨਾਲ ਜੁੜੇ ਸੈਂਕੜੇ ਪੱਤਰਕਾਰ ਇਸ ਫ਼ੈਸਲੇ ਦੀ ਭੇਟ ਚੜ੍ਹ ਗਏ ਹਨ। ਇਹ ਛਾਂਟੀ ਵਾਸ਼ਿੰਗਟਨ ਪੋਸਟ ਦੇ 150 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਮੰਨੀ ਜਾ ਰਹੀ ਹੈ।

### ਇੱਕ ਅਖ਼ਬਾਰ ਨਹੀਂ, ਇੱਕ ਸੰਸਥਾ

1877 ਵਿੱਚ ਸ਼ੁਰੂ ਹੋਇਆ ਵਾਸ਼ਿੰਗਟਨ ਪੋਸਟ ਸਿਰਫ਼ ਇੱਕ ਅਖ਼ਬਾਰ ਨਹੀਂ ਸੀ, ਬਲਕਿ ਅਮਰੀਕੀ ਲੋਕਤੰਤਰ ਦੀ ਇੱਕ ਮਾਣਮੱਤੀ ਸੰਸਥਾ ਰਿਹਾ ਹੈ। ਵਾਟਰਗੇਟ ਘੋਟਾਲੇ ਦਾ ਪਰਦਾਫਾਸ਼ ਕਰ ਕੇ ਇਸ ਅਖ਼ਬਾਰ ਨੇ ਇਹ ਸਾਬਤ ਕੀਤਾ ਕਿ ਜੇ ਪੱਤਰਕਾਰਤਾ ਨਿਡਰ ਹੋਵੇ ਤਾਂ ਉਹ ਸਭ ਤੋਂ ਤਾਕਤਵਰ ਸੱਤਾ ਨੂੰ ਵੀ ਜਵਾਬਦੇਹ ਬਣਾ ਸਕਦੀ ਹੈ। "ਡੈਮੋਕ੍ਰੇਸੀ ਡਾਈਜ਼ ਇਨ ਡਾਰਕਨੈੱਸ" ਵਰਗਾ ਨਾਅਰਾ ਸਿਰਫ਼ ਲਫ਼ਜ਼ ਨਹੀਂ, ਬਲਕਿ ਇਸ ਅਖ਼ਬਾਰ ਦੀ ਰੂਹ ਸੀ।

ਲੰਮੇ ਸਮੇਂ ਤੱਕ ਗ੍ਰਾਹਮ ਪਰਿਵਾਰ ਦੀ ਮਲਕੀਅਤ ਹੇਠ ਇਹ ਅਖ਼ਬਾਰ ਖੋਜੀ ਪੱਤਰਕਾਰਤਾ ਦਾ ਮਿਆਰ ਮੰਨਿਆ ਜਾਂਦਾ ਰਿਹਾ। ਦੇਸ਼ੀ-ਵਿਦੇਸ਼ੀ ਰਾਜਨੀਤੀ, ਯੁੱਧ, ਮਨੁੱਖੀ ਅਧਿਕਾਰਾਂ ਅਤੇ ਸਰਕਾਰੀ ਭ੍ਰਿਸ਼ਟਾਚਾਰ 'ਤੇ ਇਸ ਦੀ ਰਿਪੋਰਟਿੰਗ ਨੇ ਦੁਨੀਆ ਭਰ 'ਚ ਭਰੋਸਾ ਬਣਾਇਆ।

### ਬੇਜ਼ੋਸ ਦੀ ਆਮਦ: ਉਮੀਦ ਤੋਂ ਵਿਵਾਦ ਤੱਕ

2013 ਵਿੱਚ ਜਦੋਂ ਪ੍ਰਿੰਟ ਮੀਡੀਆ ਡਿਜ਼ਿਟਲ ਬਦਲਾਅ ਨਾਲ ਜੂਝ ਰਿਹਾ ਸੀ, ਐਮਾਜ਼ੋਨ ਦੇ ਬਾਨੀ ਜੇਫ ਬੇਜ਼ੋਸ ਨੇ ਵਾਸ਼ਿੰਗਟਨ ਪੋਸਟ ਨੂੰ 25 ਕਰੋੜ ਡਾਲਰ 'ਚ ਖਰੀਦ ਲਿਆ। ਉਸ ਵੇਲੇ ਇਸ ਫ਼ੈਸਲੇ ਨੂੰ ਸਕਾਰਾਤਮਕ ਤੌਰ 'ਤੇ ਵੇਖਿਆ ਗਿਆ। ਡਿਜ਼ਿਟਲ ਤਕਨਾਲੋਜੀ, ਨਵਾਂ ਇੰਟਰਫੇਸ ਅਤੇ ਸਟਾਫ਼ ਵਿੱਚ ਵਾਧਾ ਕੀਤਾ ਗਿਆ। ਕੁਝ ਸਾਲਾਂ ਤੱਕ ਅਖ਼ਬਾਰ ਨੇ ਵਾਹਵਾ ਤਰੱਕੀ ਵੀ ਕੀਤੀ।

ਪਰ ਸਮੇਂ ਦੇ ਨਾਲ ਇਹ ਉਮੀਦਾਂ ਧੁੰਦਲੀਆਂ ਹੋਣ ਲੱਗੀਆਂ। ਸਬਸਕ੍ਰਾਈਬਰਾਂ ਦੀ ਗਿਣਤੀ ਘਟਣੀ ਸ਼ੁਰੂ ਹੋਈ ਅਤੇ ਪਿਛਲੇ ਦੋ ਸਾਲਾਂ ਵਿੱਚ ਲਗਭਗ 17.7 ਕਰੋੜ ਡਾਲਰ ਦੇ ਵਿੱਤੀ ਨੁਕਸਾਨ ਦੀ ਗੱਲ ਸਾਹਮਣੇ ਆਈ। ਇੱਥੇ ਸਵਾਲ ਉੱਠਦਾ ਹੈ ਕਿ ਕੀ ਇਹ ਨੁਕਸਾਨ ਇੱਕ ਅਰਬਪਤੀ ਮਾਲਕ ਲਈ ਅਸਹਿਨਣਸ਼ੀਲ ਸੀ?

## *ਪੱਤਰਕਾਰਤਾ, ਪੂੰਜੀ ਅਤੇ ਲੋਕਤੰਤਰ ਦਾ ਸੰਕਟ




*ਵਾਸ਼ਿੰਗਟਨ ਪੋਸਟ ਵਿੱਚ ਹੋਈ ਇਹ ਛਾਂਟੀ ਸਿਰਫ਼ ਇੱਕ ਅਖ਼ਬਾਰ ਦੀ ਘਟਨਾ ਨਹੀਂ। ਇਹ ਦੁਨੀਆ ਭਰ ਦੀ ਪੱਤਰਕਾਰਤਾ 'ਤੇ ਪੂੰਜੀ, ਰਾਜਨੀਤੀ ਅਤੇ ਕਾਰਪੋਰੇਟ ਸੋਚ ਦੇ ਵਧਦੇ ਦਬਾਅ ਦੀ ਨਿਸ਼ਾਨੀ ਹੈ। ਜਦੋਂ ਮੀਡੀਆ ਸੰਸਥਾਵਾਂ ਅਰਬਪਤੀਆਂ ਦੇ ਫ਼ੈਸਲਿਆਂ 'ਤੇ ਨਿਰਭਰ ਹੋ ਜਾਣ, ਤਾਂ ਲੋਕਤੰਤਰ ਦੀ ਨਿਗਰਾਨੀ ਕੌਣ ਕਰੇਗਾ?*

### ਛਾਂਟੀ ਦਾ ਦਰਦਨਾਕ ਪੈਮਾਨਾ

ਛਾਂਟੀ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ। ਸਪੋਰਟਸ ਅਤੇ ਬੁਕਸ ਸੈਕਸ਼ਨ ਵਰਗੇ ਦਹਾਕਿਆਂ ਪੁਰਾਣੇ ਵਿਭਾਗ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਗਏ ਹਨ। ਮੈਟਰੋ ਡੈਸਕ, ਜੋ ਸਥਾਨਕ ਲੋਕਤੰਤਰ ਦੀ ਨਬਜ਼ ਹੁੰਦਾ ਹੈ, ਉਸ ਵਿੱਚ 70 ਫ਼ੀਸਦੀ ਕਮੀ ਆਈ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਨੁਕਸਾਨ ਹੋਰ ਵੀ ਗੰਭੀਰ ਹੈ। ਨਵੀਂ ਦਿੱਲੀ, ਯੇਰੂਸ਼ਲਮ, ਯੂਕਰੇਨ ਅਤੇ ਪੱਛਮੀ ਏਸ਼ੀਆ ਵਰਗੇ ਸੰਵੇਦਨਸ਼ੀਲ ਖੇਤਰਾਂ ਤੋਂ ਰਿਪੋਰਟਿੰਗ ਖ਼ਤਮ ਕਰ ਦਿੱਤੀ ਗਈ ਹੈ। ਇਸ ਨਾਲ ਨਾ ਸਿਰਫ਼ ਅਮਰੀਕੀ ਪਾਠਕਾਂ ਦੀ ਸਮਝ ਸੀਮਤ ਹੋਵੇਗੀ, ਸਗੋਂ ਵਿਸ਼ਵ ਪੱਧਰ 'ਤੇ ਤਾਕਤਵਰ ਰਾਜਨੀਤਕ ਕਹਾਣੀਆਂ 'ਤੇ ਨਿਗਰਾਨੀ ਵੀ ਕਮਜ਼ੋਰ ਪਏਗੀ।

### ਮੈਨੇਜਮੈਂਟ ਦੀ ਦਲੀਲ ਅਤੇ ਉਸ 'ਤੇ ਸਵਾਲ

ਅਖ਼ਬਾਰ ਦੇ ਮੌਜੂਦਾ ਸੰਪਾਦਕਾਂ ਨੇ ਇਸ ਫੈਸਲੇ ਨੂੰ "ਰਣਨੀਤਕ ਰੀਸੈਟ" ਕਿਹਾ ਹੈ। ਉਨ੍ਹਾਂ ਮੁਤਾਬਕ ਡਿਜ਼ਿਟਲ ਯੁੱਗ ਵਿੱਚ ਅਖ਼ਬਾਰ ਨੂੰ ਆਪਣੇ ਸਰੋਤ ਉੱਥੇ ਲਗਾਉਣੇ ਚਾਹੀਦੇ ਹਨ, ਜਿੱਥੇ ਸਭ ਤੋਂ ਵੱਧ ਅਸਰ ਪੈਂਦਾ ਹੈ। ਪਰ ਆਲੋਚਕ ਪੁੱਛਦੇ ਹਨ-ਕੀ ਲੋਕਤੰਤਰ ਸਿਰਫ਼ ਵਾਸ਼ਿੰਗਟਨ ਦੀ ਫੈਡਰਲ ਰਾਜਨੀਤੀ ਤੱਕ ਸੀਮਤ ਹੈ?

ਖੋਜੀ ਪੱਤਰਕਾਰਤਾ, ਸੱਭਿਆਚਾਰ, ਕਿਤਾਬਾਂ ਅਤੇ ਖੇਡਾਂ ਨੂੰ ਹਟਾ ਕੇ ਅਖ਼ਬਾਰ ਕਿਵੇਂ ਸਮਾਜ ਦੀ ਪੂਰੀ ਤਸਵੀਰ ਪੇਸ਼ ਕਰੇਗਾ? ਇਹ ਸਵਾਲ ਅਜੇ ਵੀ ਜਵਾਬ ਮੰਗ ਰਹੇ ਹਨ।

### ਪੱਤਰਕਾਰਾਂ ਦੀ ਆਵਾਜ਼

ਨੌਕਰੀ ਤੋਂ ਹਟਾਏ ਗਏ ਪੱਤਰਕਾਰਾਂ ਨੇ ਇਸ ਛਾਂਟੀ ਨੂੰ ਅਚਾਨਕ ਅਤੇ ਗ਼ੈਰ-ਮਨੁੱਖੀ ਦੱਸਿਆ ਹੈ। ਯੁੱਧ ਖੇਤਰਾਂ 'ਚ ਕੰਮ ਕਰਦੇ ਰਿਪੋਰਟਰਾਂ ਤੋਂ ਲੈ ਕੇ ਦਹਾਕਿਆਂ ਦਾ ਤਜਰਬਾ ਰੱਖਣ ਵਾਲੇ ਸੰਪਾਦਕਾਂ ਤੱਕ, ਸਭ ਨੇ ਇੱਕੋ ਗੱਲ ਕਹੀ-ਇਹ ਫ਼ੈਸਲਾ ਪੱਤਰਕਾਰਤਾ ਦੇ ਮੂਲ ਸਿਧਾਂਤਾਂ ਨਾਲ ਧੋਖਾ ਹੈ। ਵਾਸ਼ਿੰਗਟਨ ਪੋਸਟ ਦੀ ਯੂਨੀਅਨ ਨੇ ਖੁੱਲ੍ਹੇ ਤੌਰ 'ਤੇ ਕਿਹਾ ਹੈ ਕਿ ਜੇ ਮਾਲਕ ਅਖ਼ਬਾਰ ਦੇ ਮਿਸ਼ਨ 'ਚ ਨਿਵੇਸ਼ ਨਹੀਂ ਕਰਨਾ ਚਾਹੁੰਦਾ, ਤਾਂ ਇਸ ਸੰਸਥਾ ਨੂੰ ਅਜਿਹੇ ਸਰਪ੍ਰਸਤ ਦੀ ਲੋੜ ਹੈ, ਜੋ ਇਸ ਦੀ ਕਦਰ ਕਰ ਸਕੇ।

### ਬੇਜ਼ੋਸ ਦੀ ਦੌਲਤ ਅਤੇ ਨੈਤਿਕਤਾ ਦਾ ਸਵਾਲ

ਜੇਫ ਬੇਜ਼ੋਸ ਦੀ ਕੁੱਲ ਦੌਲਤ ਲਗਭਗ 22 ਲੱਖ ਕਰੋੜ ਰੁਪਏ ਹੈ। ਉਸ ਦੀ ਸ਼ਾਨਦਾਰ ਨਿੱਜੀ ਜ਼ਿੰਦਗੀ, ਮਹਿੰਗੇ ਵਿਆਹ ਅਤੇ ਆਲੀਸ਼ਾਨ ਜੀਵਨ 'ਤੇ ਹੋਣ ਵਾਲਾ ਖਰਚਾ ਛਾਂਟੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਜਿੱਥੇ ਇੱਕ ਪਾਸੇ ਪੱਤਰਕਾਰ ਨੌਕਰੀ ਗੁਆ ਰਹੇ ਹਨ, ਉੱਥੇ ਦੂਜੇ ਪਾਸੇ ਅਰਬਪਤੀ ਮਾਲਕ ਦੀ ਵਿਲਾਸਤਾ ਲੋਕਾਂ ਨੂੰ ਚੁਭ ਰਹੀ ਹੈ।

### ਟਰੰਪ ਦੀ ਵਾਪਸੀ ਅਤੇ ਸੰਪਾਦਕੀ ਦ੍ਰਿਸ਼ਟੀ

ਡੋਨਾਲਡ ਟਰੰਪ ਦੀ ਵਾਪਸੀ ਤੋਂ ਬਾਅਦ ਅਖ਼ਬਾਰ ਦੇ ਸੰਪਾਦਕੀ ਰੁਖ 'ਚ ਆਏ ਬਦਲਾਅ 'ਤੇ ਵੀ ਸਵਾਲ ਉੱਠੇ ਹਨ। 2024 ਦੀਆਂ ਚੋਣਾਂ ਵਿੱਚ ਕਿਸੇ ਉਮੀਦਵਾਰ ਦਾ ਸਮਰਥਨ ਨਾ ਕਰਨਾ ਅਤੇ ਓਪੀਨੀਅਨ ਸੈਕਸ਼ਨ ਦਾ ਨਵਾਂ ਰੁਝਾਨ ਇਸ ਗੱਲ ਨੂੰ ਹੋਰ ਗਹਿਰਾ ਕਰਦਾ ਹੈ ਕਿ ਕੀ ਅਖ਼ਬਾਰ ਹੁਣ ਸੱਤਾ ਨਾਲ ਟਕਰਾਉਣ ਦੀ ਥਾਂ ਸਮਝੌਤਾ ਕਰ ਰਿਹਾ ਹੈ।


ਵਾਸ਼ਿੰਗਟਨ ਪੋਸਟ ਵਿੱਚ ਹੋਈ ਇਹ ਛਾਂਟੀ ਸਿਰਫ਼ ਇੱਕ ਅਖ਼ਬਾਰ ਦੀ ਘਟਨਾ ਨਹੀਂ। ਇਹ ਦੁਨੀਆ ਭਰ ਦੀ ਪੱਤਰਕਾਰਤਾ 'ਤੇ ਪੂੰਜੀ, ਰਾਜਨੀਤੀ ਅਤੇ ਕਾਰਪੋਰੇਟ ਸੋਚ ਦੇ ਵਧਦੇ ਦਬਾਅ ਦੀ ਨਿਸ਼ਾਨੀ ਹੈ। ਜਦੋਂ ਮੀਡੀਆ ਸੰਸਥਾਵਾਂ ਅਰਬਪਤੀਆਂ ਦੇ ਫ਼ੈਸਲਿਆਂ 'ਤੇ ਨਿਰਭਰ ਹੋ ਜਾਣ, ਤਾਂ ਲੋਕਤੰਤਰ ਦੀ ਨਿਗਰਾਨੀ ਕੌਣ ਕਰੇਗਾ? ਇਹ ਹੀ ਸਭ ਤੋਂ ਵੱਡਾ ਸਵਾਲ ਹੈ।

# ਪਾਕਿਸਤਾਨ ਵਿੱਚ ਅਜੀਬੋ-ਗਰੀਬ ਫ਼ਰਮਾਨ

ਪੰਜਾਬੀ ਪਰਵਾਜ਼ ਬਿਊਰੋ

**ਮੁਲਕ ਵਿੱਚ ਸਿਰੇ ਦੀ ਮਹਿੰਗਾਈ, ਫਿਰ ਵੀ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੇ ਮੇਕਅੱਪ ਲਈ ਚਾਰ ਕਰੋੜ ਦਾ ਬਜਟ**





Government of Punjab

Lahore, the 12th January, 2026

**NOTIFICATION**

SUBJECT: **GRANT OF FUNDS FOR PERSONAL MAKEUP OF PROVINCIAL MINISTERS.**

The Competent Authority is pleased to accord sanction to the release of a special grant of **Rs. 4,00,00,000/- (Rupees Four Crore only)** in favor of **Ms. Mariyum Aurangzeb, Senior Minister**, and **Ms. Azma Zahid Bukhari, Minister** for Information, Government of the Punjab, for their personal makeup and presentation expenses.

**SECTION OFFICER**
**(CABINET-I)**

**Distribution:**

1. Ms. Mariyum: Aurangzeb, Ms. Government of Punjab.

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਧੀ ਅਤੇ ਪੰਜਾਬ ਸੂਬੇ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੇ ਸਜਣ-ਸੰਵਰਨ (ਮੇਕਅਪ) ਲਈ ਪਾਕਿਸਤਾਨ ਸਰਕਾਰ ਵੱਲੋਂ ਚਾਰ ਕਰੋੜ ਰੁਪਏ ਦਾ ਬਜਟ ਜਾਰੀ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪਾਕਿਸਤਾਨ ਦੇ ਪੰਜਾਬ ਸੂਬੇ ਤੋਂ ਜਾਰੀ ਹੋਏ ਇਸ ਅਜੀਬੋ-ਗਰੀਬ ਹੁਕਮ ਦੀ ਸਰਕਾਰੀ ਕਾਪੀ ਪੰਜਾਬੀ ਪਰਵਾਜ਼ ਬਿਊਰੋ ਕੋਲ ਮੌਜੂਦ ਹੈ। ਮੁੱਖ ਮੰਤਰੀ ਮਰੀਅਮ ਨਵਾਜ਼ ਨਾਲ ਜੁੜਿਆ ਇਹ ਮਾਮਲਾ ਆਖ਼ਰ ਇੰਨਾ ਚਰਚਾ ਵਿੱਚ ਕਿਉਂ ਹੈ? ਇਸ ਰਿਪੋਰਟ ਵਿੱਚ ਜਾਣੋ।

ਗਰੀਬੀ ਅਤੇ ਕੰਗਾਲੀ ਨਾਲ ਜੂਝ ਰਹੇ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਲਈ ਉਨ੍ਹਾਂ ਦੀ ਆਪਣੀ ਸਰਕਾਰ ਨੇ ਚਾਰ ਕਰੋੜ ਰੁਪਏ ਦਾ ਐਸਾ ਫੰਡ ਜਾਰੀ ਕੀਤਾ ਹੈ, ਜਿਸ ਕਾਰਨ ਦੇਸ਼ ਭਰ ਵਿੱਚ ਹੰਗਾਮਾ ਮਚ ਗਿਆ ਹੈ। ਦਰਅਸਲ ਇਹ ਫੰਡ ਮਰੀਅਮ ਨਵਾਜ਼ ਦੇ ਮੇਕਅਪ ਲਈ ਜਾਰੀ ਕੀਤਾ ਗਿਆ ਹੈ।

ਇਹੀ ਨਹੀਂ, ਪਾਕਿਸਤਾਨ ਸਰਕਾਰ ਨੇ ਇਸੇ ਤਰ੍ਹਾਂ ਦਾ ਫੰਡ ਸੂਚਨਾ ਮੰਤਰੀ ਆਜ਼ਮ ਜਾਹਿਰ ਬੁਖ਼ਾਰੀ ਲਈ ਵੀ ਜਾਰੀ ਕੀਤਾ ਹੈ, ਜੋ ਉਨ੍ਹਾਂ ਦੇ ਮੇਕਅਪ ਅਤੇ ਪ੍ਰਜ਼ੈਂਟੇਸ਼ਨ ਖ਼ਰਚਾਂ ਲਈ ਦੱਸਿਆ ਗਿਆ ਹੈ।

ਇਸ ਤੋਂ ਪਹਿਲਾਂ ਵੀ ਮਰੀਅਮ ਨਵਾਜ਼ ਦੀ ਸਰਕਾਰੀ ਗੱਡੀ ਦੇ ਟਾਇਰ ਬਦਲਵਾਉਣ ਲਈ ਇੱਕ ਕਰੋੜ ਪਾਕਿਸਤਾਨੀ ਰੁਪਏ ਖ਼ਰਚ ਕਰਨ ਦਾ ਮਾਮਲਾ ਕਾਫ਼ੀ ਚਰਚਾ ਵਿੱਚ ਰਹਿ ਚੁੱਕਾ ਹੈ। ਹੁਣ ਜਦੋਂ ਇਹ ਨਵਾਂ ਬਜਟ ਸਾਹਮਣੇ ਆਇਆ ਹੈ, ਤਾਂ ਪਾਕਿਸਤਾਨ ਵਿੱਚ ਲੋਕਾਂ ਦਾ ਗੁੱਸਾ ਹੋਰ ਭੜਕ ਗਿਆ ਹੈ। ਲੋਕ ਕਹਿ ਰਹੇ ਹਨ ਕਿ ਜਦੋਂ ਦੇਸ਼ ਵਿੱਚ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਬੇਹੱਦ ਮਹਿੰਗੀਆਂ ਹੋ ਚੁੱਕੀਆਂ ਹਨ, ਤਾਂ ਗਰੀਬ ਮੁਲਕ ਵਿੱਚ ਇੱਕ ਮੁੱਖ ਮੰਤਰੀ ਦੇ ਸਿਰਫ਼ ਸਜਣ-ਸੰਵਰਨ ਲਈ ਕਰੋੜਾਂ ਰੁਪਏ ਕਿਵੇਂ ਖ਼ਰਚੇ ਜਾ ਸਕਦੇ ਹਨ!

### ਮਰੀਅਮ ਨਵਾਜ਼ ਲਈ ਜਵਾਬ ਦੇਣਾ ਔਖਾ

ਪਾਕਿਸਤਾਨ ਵਿੱਚ ਇਸ ਸਮੇਂ ਇੱਕ ਲੀਟਰ ਦੁੱਧ ਦੀ ਕੀਮਤ 200 ਰੁਪਏ ਤੋਂ ਲੈ ਕੇ 370 ਰੁਪਏ ਤੱਕ ਪਹੁੰਚ ਚੁੱਕੀ ਹੈ। ਇੱਕ ਲੀਟਰ ਪੈਟਰੋਲ ਲਈ ਲੋਕਾਂ ਨੂੰ 250 ਰੁਪਏ ਤੋਂ ਵੱਧ ਦੇਣੇ ਪੈਂਦੇ ਹਨ।

ਖ਼ਰਾਬ ਆਰਥਿਕ ਹਾਲਾਤ ਕਾਰਨ ਪਾਕਿਸਤਾਨ ਵਿੱਚ ਇਸ ਵੇਲੇ ਕੇਲਿਆਂ ਦਾ ਇੱਕ ਦਰਜਨ 400 ਤੋਂ 500 ਰੁਪਏ ਵਿੱਚ ਵਿਕ ਰਿਹਾ ਹੈ, ਜਦਕਿ ਸੇਬਾਂ ਦੀ ਕੀਮਤ ਲਗਭਗ 500 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ।

ਇਸ ਤਰ੍ਹਾਂ ਦੀ ਕੰਗਾਲੀ ਦੇ ਹਾਲਾਤ ਦੇ ਬਾਵਜੂਦ ਲਾਹੌਰ ਵਿੱਚ ਪੰਜਾਬ ਸਰਕਾਰ ਦੇ ਕੈਬਿਨੇਟ ਸਕੱਤਰ ਵੱਲੋਂ ਚਾਰ ਕਰੋੜ ਰੁਪਏ ਦੀ ਇੱਕ ਖ਼ਾਸ ਗ੍ਰਾਂਟ ਜਾਰੀ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਇਸ ਹੁਕਮ ਵਿੱਚ ਮਰੀਅਮ ਔਰੰਗਜ਼ੇਬ (ਨਵਾਜ਼) ਅਤੇ ਪਾਕਿਸਤਾਨ ਦੇ ਸੂਚਨਾ ਮੰਤਰੀ ਆਜ਼ਮ ਜਾਹਿਦ ਬੁਖਾਰੀ ਦਾ ਨਾਂ ਲੈਂਦਿਆਂ ਪਾਰਟੀਆਂ, ਮੀਟਿੰਗਾਂ ਅਤੇ ਭੀੜ ਵਿੱਚ ਆਪਣੇ ਆਪ ਨੂੰ ਢੰਗ ਨਾਲ ਪੇਸ਼ ਕਰਨ ਲਈ ਮੇਕਅਪ ਆਦਿ ਦੇ ਖ਼ਰਚਾਂ ਦਾ ਜ਼ਿਕਰ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਕ ਇਹ ਹੁਕਮ ਬਹੁਤ ਹੀ ਗੁਪਤ ਤਰੀਕੇ ਨਾਲ ਜਾਰੀ ਕੀਤਾ ਗਿਆ ਸੀ, ਪਰ ਸਰਕਾਰ ਦੇ ਅੰਦਰਲੇ ਕੁਝ ਲੋਕਾਂ ਨੇ ਹੀ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਹੁਣ ਹਾਲਾਤ ਇਹ ਬਣ ਗਏ ਹਨ ਕਿ ਪਾਕਿਸਤਾਨ ਵਿੱਚ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਲਈ ਇਸ ਮਾਮਲੇ 'ਤੇ ਜਵਾਬ ਦੇਣਾ ਮੁਸ਼ਕਲ ਹੋ ਗਿਆ ਹੈ।

### ਮਹਿੰਗਾਈ ਦੀ ਮਾਰ: ਪੁਰਾਣੇ ਬਕਾਇਆ ਬਿਲ ਵੀ ਅਦਾ ਨਹੀਂ

ਪਾਕਿਸਤਾਨ ਨੂੰ ਨੇੜੇ ਤੋਂ ਸਮਝਣ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਸਰਕਾਰਾਂ ਵਿੱਚ ਕਾਬਜ਼ ਰਹੇ ਸਿਆਸਤਦਾਨਾਂ ਦੀ ਆਦਤ ਹਮੇਸ਼ਾ ਤੋਂ ਇਹ ਰਹੀ ਹੈ ਕਿ ਉਹ ਆਪਣੀ ਅਵਾਮ ਨੂੰ ਛੱਡ ਕੇ ਆਪਣੇ ਲਈ ਹੀ ਪੈਸਾ ਖ਼ਰਚ ਕਰਦੇ ਰਹੇ ਹਨ। ਕਈ ਵਾਰ ਹਾਲਾਤ ਇੰਨੇ ਮਾੜੇ ਹੋ ਗਏ ਕਿ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਕੰਗਾਲੀ ਅਤੇ ਗਰੀਬੀ ਕਾਰਨ ਬੇਇਜ਼ਤੀ ਦਾ ਸਾਹਮਣਾ ਕਰਨਾ ਪਿਆ।

ਪਿਛਲੇ ਦੋ ਸਾਲਾਂ ਵਿੱਚ ਪਾਕਿਸਤਾਨ ਨੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਸਥਿਤ ਆਪਣੇ ਦੂਤਾਵਾਸਾਂ ਅਤੇ ਕੌਂਸਲੇਟਾਂ ਦੇ ਬਿਲ ਤੱਕ ਅਦਾ ਨਹੀਂ ਕੀਤੇ। ਨਤੀਜੇ ਵਜੋਂ ਕਈ ਦੇਸ਼ਾਂ ਵਿੱਚ ਜਾਣ ਵਾਲੇ ਪਾਕਿਸਤਾਨੀ ਮੰਤਰੀਆਂ ਨੂੰ ਦੂਤਾਵਾਸਾਂ ਦੀਆਂ ਗੱਡੀਆਂ ਤੱਕ ਉਪਲਬਧ ਨਹੀਂ ਹੋ ਸਕੀਆਂ। ਮੀਡੀਆ ਕੋਲ ਉਹ ਚਿੱਠੀਆਂ ਵੀ ਮੌਜੂਦ ਹਨ, ਜੋ ਪਾਕਿਸਤਾਨੀ ਦੂਤਾਵਾਸਾਂ ਵੱਲੋਂ ਸਰਕਾਰ ਨੂੰ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿੱਚ ਪੁਰਾਣੇ ਬਕਾਇਆ ਬਿਲਾਂ ਦੀ ਅਦਾਇਗੀ ਨਾ ਹੋਣ ਦਾ ਜ਼ਿਕਰ ਕੀਤਾ ਗਿਆ ਹੈ।

ਨਿਊ ਯਾਰਕ ਵਿੱਚ ਸਥਿਤ ਪਾਕਿਸਤਾਨੀ ਕੌਂਸਲੇਟ ਵੱਲੋਂ ਇਸਲਾਮਾਬਾਦ ਦੇ ਡਿਪਟੀ ਅਕਾਊਂਟ ਅਫ਼ਸਰ ਨੂੰ ਭੇਜੀ ਗਈ ਇੱਕ ਚਿੱਠੀ ਵਿੱਚ ਸਾਫ਼ ਤੌਰ 'ਤੇ ਦਰਜ ਹੈ ਕਿ 1 ਜੁਲਾਈ 2023 ਤੋਂ 30 ਜੂਨ 2024 ਤੱਕ ਦੇ ਸਾਢੇ ਤਿੰਨ ਕਰੋੜ ਪਾਕਿਸਤਾਨੀ ਰੁਪਏ ਬਕਾਇਆ ਹਨ। ਇਹ ਰਕਮ ਦੂਤਾਵਾਸ ਵਿੱਚ ਲਿਫ਼ਟ ਤੇ ਹੀਟਰ ਦੀ ਮੁਰੰਮਤ ਤੋਂ ਲੈ ਕੇ ਗੱਡੀਆਂ ਦੇ ਖ਼ਰਚਾਂ ਲਈ ਅਦਾ ਕੀਤੀ ਜਾਣੀ ਸੀ, ਪਰ ਸਰਕਾਰ ਵੱਲੋਂ ਇਹ ਪੈਸਾ ਜਾਰੀ ਹੀ ਨਹੀਂ ਕੀਤਾ ਗਿਆ।

### ਪਾਕਿਸਤਾਨ ਵਿੱਚ ਲੰਮੇ ਸਮੇਂ ਤੋਂ ਬਦਹਾਲੀ

ਦੁਨੀਆ ਦੇ ਕਈ ਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਵਿੱਚ ਸੇਵਾ ਨਿਭਾਅ ਚੁੱਕੇ ਰਿਟਾਇਰਡ ਕਰਨਲ ਮਨਦੀਪ ਸਿੰਘ ਢਿੱਲੋਂ ਕਹਿੰਦੇ ਹਨ ਕਿ 2024 ਤੋਂ 2026 ਦੇ ਦਰਮਿਆਨ ਪਾਕਿਸਤਾਨ ਨੇ ਆਪਣੇ ਦੂਤਾਵਾਸਾਂ ਨੂੰ ਕਈ ਅਜਿਹੀਆਂ ਚਿੱਠੀਆਂ ਲਿਖੀਆਂ, ਜਿਨ੍ਹਾਂ ਨਾਲ ਉਸ ਦੀ ਕੰਗਾਲੀ ਅਤੇ ਗ਼ਰੀਬੀ ਸਾਫ਼ ਨਜ਼ਰ ਆਉਂਦੀ ਹੈ। ਉਹ ਕਹਿੰਦੇ ਹਨ ਕਿ ਅੱਜ ਵੀ ਪਾਕਿਸਤਾਨ ਵਿੱਚ ਹਾਲਾਤ ਬਿਲਕੁਲ ਉਹੋ ਜਿਹੇ ਹਨ। ਐਸੇ ਵਿੱਚ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਮੁੱਖ ਮੰਤਰੀ ਅਤੇ ਇੱਕ ਮੰਤਰੀ ਦੇ ਮੇਕਅਪ 'ਤੇ ਚਾਰ ਕਰੋੜ ਰੁਪਏ ਖ਼ਰਚ ਕਰਨਾ ਇਹ ਸਾਬਤ ਕਰਦਾ ਹੈ ਕਿ ਇਹ ਦੇਸ਼ ਕਦੇ ਵੀ ਆਪਣੀ ਅਵਾਮ ਲਈ ਗੰਭੀਰ ਨਹੀਂ ਰਿਹਾ।

# ਭਾਰਤੀ ਨਿਊਜ਼ ਚੈਨਲਾਂ ਦਾ ਗੁਆਚਦਾ ਭਰੋਸਾ, ਦਰਸ਼ਕ ਅਤੇ ਭਵਿੱਖ

## 3 ਸਾਲਾਂ ਵਿੱਚ 50 ਨਿਊਜ਼ ਚੈਨਲਾਂ ਨੇ ਲਾਇਸੈਂਸ ਸਰੈਂਡਰ ਕੀਤੇ

***ਹਜ਼ਾਰਾਂ ਪੱਤਰਕਾਰ ਨੌਕਰੀਆਂ ਗੁਆ ਚੁੱਕੇ ਹਨ ਜਾਂ ਘੱਟ ਤਨਖ਼ਾਹ ’ਤੇ ਕੰਮ ਕਰਨ ਲਈ ਮਜਬੂਰ ਹੋਏ ਹਨ। ਜਦੋਂ ਪੱਤਰਕਾਰ ਆਰਥਿਕ ਦਬਾਅ ਹੇਠ ਕੰਮ ਕਰਦਾ ਹੈ ਤਾਂ ਨਿਰਪੱਖ ਅਤੇ ਨਿਡਰ ਰਿਪੋਰਟਿੰਗ ਕਰਨਾ ਔਖਾ ਹੋ ਜਾਂਦਾ ਹੈ। ਇਸ ਦਾ ਸਿੱਧਾ ਅਸਰ ਖ਼ਬਰ ਦੀ ਗੁਣਵੱਤਾ ’ਤੇ ਪੈਂਦਾ ਹੈ, ਜੋ ਦਰਸ਼ਕ ਤੁਰੰਤ ਮਹਿਸੂਸ ਕਰ ਲੈਂਦੇ ਹਨ।***

**ਪਵਨ ਸਿੰਘ**

ਇੱਕ ਸਮਾਂ ਸੀ ਜਦੋਂ ਟੈਲੀਵਿਜ਼ਨ ਨਿਊਜ਼ ਚੈਨਲ ਹਰ ਘਰ ਦੀ ਲੋੜ ਮੰਨੇ ਜਾਂਦੇ ਸਨ। ਸਵੇਰੇ ਦੀ ਖ਼ਬਰ ਤੋਂ ਲੈ ਕੇ ਰਾਤ ਦੀ ਡਿਬੇਟ ਤੱਕ ਲੋਕ ਟੀ.ਵੀ. ਅੱਗੇ ਬੈਠੇ ਰਹਿੰਦੇ ਸਨ; ਪਰ ਅੱਜ ਹਾਲਾਤ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਨਿਊਜ਼ ਚੈਨਲਾਂ ਨੂੰ ਦਰਸ਼ਕ ਨਹੀਂ ਮਿਲ ਰਹੇ। ਬਹੁਤ ਸਾਰੇ ਦਰਸ਼ਕ ਤਾਂ ਕਹਿੰਦੇ ਹਨ ਕਿ ਉਨ੍ਹਾਂ ਨੇ ਕਈ ਸਾਲਾਂ ਤੋਂ ਕਿਸੇ ਨਿਊਜ਼ ਚੈਨਲ ਵੱਲ ਨਜ਼ਰ ਵੀ ਨਹੀਂ ਮਾਰੀ।

ਸਿਰਫ਼ 25 ਸਾਲਾਂ ਵਿੱਚ ਨਿਊਜ਼ ਚੈਨਲ ਆਪਣੀ ਭਰੋਸੇਯੋਗਤਾ ਅਤੇ ਵੱਡਾ ਦਰਸ਼ਕ ਵਰਗ ਗੁਆ ਬੈਠਣਗੇ; ਇਹ ਕਿਸੇ ਨੇ ਸੋਚਿਆ ਨਹੀਂ ਸੀ, ਪਰ ਅੱਜ ਇਹ ਹਕੀਕਤ ਬਣ ਚੁੱਕੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਨਿਊਜ਼ ਚੈਨਲ ਲੋਕ-ਮੁੱਦਿਆਂ ਤੋਂ ਦੂਰ ਹੋ ਗਏ ਹਨ ਅਤੇ ਪੂਰਾ ਦਿਨ ਫ਼ਿਰਕੂ ਅਤੇ ਬੇਮਤਲਬ ਬਹਿਸਾਂ ਨੂੰ ਹਵਾ ਦਿੰਦੇ ਰਹੇ ਹਨ। ਜਦੋਂ ਚੈਨਲ ਖੁੱਲ੍ਹ ਕੇ ਆਪਣਾ ਪੱਖ ਦਿਖਾਉਣ ਲੱਗ ਪੈਂਦੇ ਹਨ, ਤਾਂ ਉਹ ‘ਐਕਸਪੋਜ਼’ ਹੋ ਜਾਂਦੇ ਹਨ। ਕੁਦਰਤ ਦਾ ਨਿਯਮ ਹੈ; ਜੋ ਇੱਕ ਵਾਰ ਬੇਨਕਾਬ ਹੋ ਗਿਆ, ਉਹ ਹਾਸ਼ੀਏ ’ਤੇ ਚਲਾ ਜਾਂਦਾ ਹੈ।

ਇਸ ਦੀ ਇੱਕ ਮਿਸਾਲ ਹੈ, ਜਦੋਂ ਦਿੱਲੀ ਦੇ ਇੱਕ ਵੱਡੇ ਹਿੰਦੀ ਨਿਊਜ਼ ਚੈਨਲ ਨੂੰ ਇੱਕ ਵੱਡੇ ਉਦਯੋਗਪਤੀ ਨੇ ਖਰੀਦਿਆ। ਕੁਝ ਹੀ ਮਹੀਨਿਆਂ ਵਿੱਚ ਉਸ ਚੈਨਲ ਦਾ ਵੱਡਾ ਦਰਸ਼ਕ ਵਰਗ ਉਸ ਤੋਂ ਦੂਰ ਹੋ ਗਿਆ। ਕਾਰਨ ਸਾਫ਼ ਸੀ; ਚੈਨਲ ਚਲਾਉਣ ਵਾਲੇ ਲੋਕਾਂ ਤੋਂ ਦੂਰ ਹੋ ਗਏ ਅਤੇ ਲੋਕ ਉਨ੍ਹਾਂ ਤੋਂ। ਚੈਨਲ ਤਾਂ ਖੋਲ੍ਹਿਆ ਜਾ ਸਕਦਾ ਹੈ, ਪਰ ਦਰਸ਼ਕ ਕਿਸੇ ਵੀ ਕੀਮਤ ’ਤੇ ਵਾਪਸ ਨਹੀਂ ਲਿਆਂਦੇ ਜਾ ਸਕਦੇ।

ਅੱਜ ਹਾਲਾਤ ਇਹ ਹਨ ਕਿ ਪਿਛਲੇ ਤਿੰਨ ਸਾਲਾਂ ਵਿੱਚ ਕਰੀਬ 50 ਟੀ.ਵੀ. ਚੈਨਲ ਆਪਣੇ ਬ੍ਰਾਡਕਾਸਟਿੰਗ ਲਾਇਸੰਸ ਸਰੈਂਡਰ ਕਰ ਚੁੱਕੇ ਹਨ। ਲਗਾਤਾਰ ਇੱਕੋ ਕਿਸਮ ਦੀਆਂ ਇਸ਼ਤਿਹਾਰੀ ਤੇ ਇੱਕ-ਪੱਖੀ ਖ਼ਬਰਾਂ ਦੇਖ ਕੇ ਦਰਸ਼ਕ ਉਕਤਾ ਗਏ ਹਨ ਅਤੇ ਵੱਡੀ ਗਿਣਤੀ ਵਿੱਚ ਡਿਜ਼ੀਟਲ ਤੇ ਓ.ਟੀ.ਟੀ. ਪਲੈਟਫਾਰਮਾਂ ਵੱਲ ਚਲੇ ਗਏ ਹਨ। ਇਸ ਨਾਲ ਉਨ੍ਹਾਂ ਦੀ ਆਮਦਨ ਘੱਟ ਹੋ ਗਈ ਹੈ, ਜਦਕਿ ਚੈਨਲਾਂ ਦੇ ਚਲਾਉਣ ਲਈ ਲਾਗਤ ਵਧਦੀ ਗਈ। ਘੱਟ ਦਰਸ਼ਕ-ਘੱਟ ਮਸ਼ਹੂਰੀਆਂ; ਇਹ ਚੈਨਲਾਂ ਲਈ ਘਾਤਕ ਸਾਬਤ ਹੋਇਆ।

ਡੀ.ਟੀ.ਐਚ. ਸੈਕਟਰ ਵਿੱਚ ਵੀ ਲਗਾਤਾਰ ਗਿਰਾਵਟ ਆ ਰਹੀ ਹੈ। ਭਾਰਤ ਵਿੱਚ ਡੀ.ਟੀ.ਐਚ. ਗਾਹਕਾਂ ਦੀ ਗਿਣਤੀ 2019-20 ਵਿੱਚ 72 ਮਿਲੀਅਨ ਸੀ, ਜੋ 2024 ਤੱਕ ਘਟ ਕੇ 62 ਮਿਲੀਅਨ ਰਹਿ ਗਈ। ਇਹ ਅੰਕੜਾ ਦੱਸਦਾ ਹੈ ਕਿ ਲੋਕ ਟੀ.ਵੀ. ਤੋਂ ਦੂਰ ਹੁੰਦੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ JioStar, Zee Entertainment, Eenadu Television, TV Today Network, NDTV ਅਤੇ ABP Network ਵਰਗੇ ਵੱਡੇ ਬ੍ਰਾਡਕਾਸਟਰਾਂ ਨੇ ਆਪਣੇ ਕਈ ਚੈਨਲਾਂ ਦੇ ਲਾਇਸੰਸ ਵਾਪਸ ਕਰ ਦਿੱਤੇ ਹਨ। ਸੋਨੀ ਪਿਕਚਰਜ਼ ਨੈੱਟਵਰਕ ਇੰਡੀਆ ਨੇ ਵੀ 26 ਡਾਊਨਲਿੰਕਿੰਗ ਪਰਮਿਸ਼ਨ ਸਰੈਂਡਰ ਕੀਤੀਆਂ ਹਨ। ABP News HD ਉੱਚੀ ਲਾਗਤ ਕਾਰਨ ਬੰਦ ਹੋ ਗਿਆ ਅਤੇ NDTV ਨੇ ‘NDTV Gujarati’ ਦਾ ਲਾਇਸੰਸ ਵਾਪਸ ਲੈ ਲਿਆ।




ਜੋ ਨਿਊਜ਼ ਚੈਨਲ ਕਦੇ ਧੜਾਧੜ ਪ੍ਰਦੇਸ਼ਿਕ ਚੈਨਲ ਖੋਲ੍ਹ ਰਹੇ ਸਨ, ਉਹ ਹੌਲੀ-ਹੌਲੀ ਬੰਦ ਹੁੰਦੇ ਚਲੇ ਗਏ। ਸਭ ਤੋਂ ਵੱਧ ਨੁਕਸਾਨ ਪ੍ਰਦੇਸ਼ਿਕ ਚੈਨਲਾਂ ਨੂੰ ਹੋਇਆ। ਇੱਕ ਪੱਤਰਕਾਰ ਨੇ 2016 ਵਿੱਚ ਕਿਹਾ ਸੀ ਕਿ ਇੱਕ ਦਿਨ ਲਾਲ ਕਿਲ੍ਹੇ ਦੇ ਪਿੱਛੇ ਬਾਜ਼ਾਰ ਵਿੱਚ ਨਿਊਜ਼ ਚੈਨਲਾਂ ਦੇ ਕੈਮਰੇ ਅਤੇ ਆਈ.ਡੀ. ਕਿੱਲੋ ਦੇ ਭਾਅ ਵਿਕਣਗੇ; ਅੱਜ ਉਹ ਗੱਲ ਸੱਚ ਹੁੰਦੀ ਨਜ਼ਰ ਆ ਰਹੀ ਹੈ।

ਜਿਹੜੇ ਚੈਨਲ ਅਜੇ ਵੀ ਚੱਲ ਰਹੇ ਹਨ, ਉਹ ਕਈ ਥਾਵਾਂ ’ਤੇ ਸਰਕਾਰੀ ਇਸ਼ਤਿਹਾਰਾਂ ਅਤੇ ਜਾਣਕਾਰੀ ਵਿਭਾਗਾਂ ਦੀ ‘ਵੈਂਟੀਲੇਟਰ ਸਹਾਇਤਾ’ ਉੱਤੇ ਟਿਕੇ ਹੋਏ ਹਨ। ਵੱਡੀਆਂ ਕੰਪਨੀਆਂ ਵੀ ਆਪਣਾ ਪਬਲਿਸਿਟੀ ਬਜਟ ਘਟਾ ਰਹੀਆਂ ਹਨ।

ਇਸਦੇ ਨਾਲ ਹੀ ਦਰਸ਼ਕ ਵੱਡੇ ਪੱਤਰਕਾਰਾਂ ਦੇ ਯੂਟਿਊਬ ਚੈਨਲਾਂ ਵੱਲ ਖਿੱਚੇ ਜਾ ਰਹੇ ਹਨ, ਜਿੱਥੇ ਬਿਨਾਂ ਸੈਂਸਰਸ਼ਿਪ ਦੇ ਗੱਲ ਹੁੰਦੀ ਹੈ, ਟਿੱਪਣੀਆਂ ਖੁੱਲ੍ਹੀਆਂ ਹਨ ਅਤੇ ਸਹਿਮਤੀ-ਅਸਹਿਮਤੀ ਜਤਾਈ ਜਾ ਸਕਦੀ ਹੈ। ਉੱਥੇ ਸ਼ਾਮ ਛੇ ਤੋਂ ਅੱਠ ਵਜੇ ਤੱਕ ਸਟੂਡੀਓ ਵਿੱਚ ਬੇਮਤਲਬ ਲੜਾਈਆਂ ਨਹੀਂ ਹੁੰਦੀਆਂ। ਮਨੋਰੰਜਨ ਲਈ ਓ.ਟੀ.ਟੀ. ਹਨ ਅਤੇ ਤੁਰੰਤ ਖ਼ਬਰਾਂ ਲਈ ਡਿਜ਼ੀਟਲ ਪਲੈਟਫਾਰਮ।

ਦਿਲਚਸਪ ਗੱਲ ਇਹ ਵੀ ਹੈ ਕਿ ਕੁਝ ਰਾਜ ਸਰਕਾਰਾਂ ਨੇ ਮਹਿੰਗੇ ਟੀ.ਵੀ. ਇਸ਼ਤਿਹਾਰਾਂ ਦੀ ਥਾਂ ਐਲ.ਈ.ਡੀ. ਵੈਨਾਂ ਰਾਹੀਂ ਪਿੰਡਾਂ ਅਤੇ ਕਸਬਿਆਂ ਤੱਕ ਸਿੱਧਾ ਸੰਦੇਸ਼ ਪਹੁੰਚਾਉਣ ਦਾ ਰਸਤਾ ਚੁਣਿਆ ਹੈ। ਘੱਟ ਖ਼ਰਚ ਅਤੇ ਸਿੱਧੀ ਕਨੈਕਟਿਵਿਟੀ ਵਾਲਾ ਇਹ ਮਾਡਲ ਤੇਜ਼ੀ ਨਾਲ ਪਾਪੂਲਰ ਹੋ ਰਿਹਾ ਹੈ।

ਭਾਰਤ ਵਿੱਚ ਨਿਊਜ਼ ਚੈਨਲਾਂ ਦੀ ਸ਼ੁਰੂਆਤ 1965 ਵਿੱਚ ਦੂਰਦਰਸ਼ਨ ਨਾਲ ਹੋਈ ਸੀ, ਜਦੋਂ ਪਹਿਲਾ ਪੰਜ ਮਿੰਟ ਦਾ ਬੁਲੇਟਿਨ ਪੜ੍ਹਿਆ ਗਿਆ। 1990 ਦੇ ਦਹਾਕੇ ਅਤੇ 2000 ਤੋਂ ਬਾਅਦ ਨਿਊਜ਼ ਚੈਨਲਾਂ ਦਾ ਜ਼ੋਰਦਾਰ ਫੈਲਾਅ ਹੋਇਆ। ਪਰ ਹੁਣ ਅਸੀਂ ‘ਸਰੈਂਡਰ ਯੁੱਗ’ ਵਿੱਚ ਦਾਖ਼ਲ ਹੁੰਦੇ ਦਿਖ ਰਹੇ ਹਾਂ।

ਨਿਊਜ਼ ਚੈਨਲਾਂ ਦੀ ਇਸ ਗਿਰਾਵਟ ਦਾ ਇੱਕ ਹੋਰ ਵੱਡਾ ਕਾਰਨ ਪੱਤਰਕਾਰਤਾ ਦੇ ਅੰਦਰੂਨੀ ਹਾਲਾਤ ਵੀ ਹਨ। ਪਿਛਲੇ ਦਸ ਸਾਲਾਂ ਵਿੱਚ ਨਿਊਜ਼ ਰੂਮਾਂ ਵਿੱਚ ਨੌਕਰੀ ਦੀ ਅਸੁਰੱਖਿਆ ਤੇਜ਼ੀ ਨਾਲ ਵਧੀ ਹੈ। ਹਜ਼ਾਰਾਂ ਪੱਤਰਕਾਰ ਨੌਕਰੀਆਂ ਗੁਆ ਚੁੱਕੇ ਹਨ ਜਾਂ ਘੱਟ ਤਨਖ਼ਾਹ ’ਤੇ ਕੰਮ ਕਰਨ ਲਈ ਮਜਬੂਰ ਹੋਏ ਹਨ। ਜਦੋਂ ਪੱਤਰਕਾਰ ਆਰਥਿਕ ਦਬਾਅ ਹੇਠ ਕੰਮ ਕਰਦਾ ਹੈ ਤਾਂ ਨਿਰਪੱਖ ਅਤੇ ਨਿਡਰ ਰਿਪੋਰਟਿੰਗ ਕਰਨਾ ਔਖਾ ਹੋ ਜਾਂਦਾ ਹੈ। ਇਸ ਦਾ ਸਿੱਧਾ ਅਸਰ ਖ਼ਬਰ ਦੀ ਗੁਣਵੱਤਾ ’ਤੇ ਪੈਂਦਾ ਹੈ, ਜੋ ਦਰਸ਼ਕ ਤੁਰੰਤ ਮਹਿਸੂਸ ਕਰ ਲੈਂਦੇ ਹਨ।

ਇਸਦੇ ਨਾਲ ਹੀ ਟੀ.ਆਰ.ਪੀ. ਦੀ ਦੌੜ ਨੇ ਨਿਊਜ਼ ਚੈਨਲਾਂ ਨੂੰ ਹੋਰ ਵੀ ਨੁਕਸਾਨ ਪਹੁੰਚਾਇਆ। ਗੰਭੀਰ ਸਮਾਜਿਕ, ਆਰਥਿਕ ਅਤੇ ਲੋਕ ਮੁੱਦੇ ਪਿੱਛੇ ਰਹਿ ਗਏ, ਜਦਕਿ ਰੌਲ਼ੇ-ਰੱਪੇ ਵਾਲੀਆਂ ਬਹਿਸਾਂ, ਡਰ ਤੇ ਨਫ਼ਰਤ ਫੈਲਾਉਂਦੇ ਮੁੱਦੇ ਮੁੱਖ ਖ਼ਬਰ ਬਣ ਗਏ। ਦਰਸ਼ਕਾਂ ਨੇ ਹੌਲੀ-ਹੌਲੀ ਇਹ ਸਮਝ ਲਿਆ ਕਿ ਇੱਥੇ ਜਾਣਕਾਰੀ ਘੱਟ ਅਤੇ ਸ਼ੋਰ ਵੱਧ ਹੈ। ਨਤੀਜਾ ਇਹ ਨਿਕਲਿਆ ਕਿ ਲੋਕਾਂ ਨੇ ਟੀ.ਵੀ. ਬੰਦ ਕਰਨਾ ਹੀ ਬਿਹਤਰ ਸਮਝਿਆ।

ਡਿਜ਼ੀਟਲ ਮੀਡੀਆ ਨੇ ਇਸ ਖਾਲੀਪਣ ਨੂੰ ਤੇਜ਼ੀ ਨਾਲ ਭਰਿਆ। ਅੱਜ ਨੌਜਵਾਨ ਦਰਸ਼ਕ ਖ਼ਬਰ ਸਵੇਰੇ ਅਖ਼ਬਾਰ ਜਾਂ ਰਾਤ ਦੇ ਬੁਲੇਟਿਨ ਤੋਂ ਨਹੀਂ, ਸਗੋਂ ਮੋਬਾਇਲ ਫ਼ੋਨ ’ਤੇ ਨੋਟੀਫਿਕੇਸ਼ਨ ਰਾਹੀਂ ਲੈਂਦਾ ਹੈ। ਸੋਸ਼ਲ ਮੀਡੀਆ, ਨਿਊਜ਼ ਐਪਸ ਅਤੇ ਯੂਟਿਊਬ ਚੈਨਲ ਤੁਰੰਤ ਜਾਣਕਾਰੀ ਦੇ ਰਹੇ ਹਨ। ਹਾਲਾਂਕਿ ਇੱਥੇ ਗਲਤ ਖ਼ਬਰਾਂ ਦਾ ਖ਼ਤਰਾ ਵੀ ਵੱਧ ਹੈ ਪਰ ਲੋਕ ਫਿਰ ਵੀ ਟੀ.ਵੀ. ਨਾਲੋਂ ਇਨ੍ਹਾਂ ਪਲੈਟਫਾਰਮਾਂ ਨੂੰ ਵੱਧ ਤਰਜੀਹ ਦੇ ਰਹੇ ਹਨ।

ਮੀਡੀਆ ਵਿਦਵਾਨਾਂ ਦਾ ਮੰਨਣਾ ਹੈ ਕਿ ਨਿਊਜ਼ ਚੈਨਲਾਂ ਲਈ ਅਜੇ ਵੀ ਵਾਪਸੀ ਦਾ ਰਸਤਾ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ। ਜੇ ਚੈਨਲ ਸੱਚੀ, ਸੰਤੁਲਿਤ ਅਤੇ ਲੋਕ-ਹਿਤੀ ਪੱਤਰਕਾਰਤਾ ਵੱਲ ਮੁੜਨ, ਜ਼ਮੀਨੀ ਮੁੱਦਿਆਂ ਨੂੰ ਥਾਂ ਦੇਣ ਅਤੇ ਦਰਸ਼ਕਾਂ ਨਾਲ ਸੰਵਾਦ ਬਣਾਉਣ ਤਾਂ ਭਰੋਸਾ ਹੌਲੀ-ਹੌਲੀ ਮੁੜ ਸਕਦਾ ਹੈ। ਨਹੀਂ ਤਾਂ ਇਹ ਦੌਰ ਨਿਊਜ਼ ਚੈਨਲਾਂ ਦੇ ਸੁਨਹਿਰੇ ਯੁੱਗ ਦੇ ਅੰਤ ਵਜੋਂ ਹੀ ਯਾਦ ਕੀਤਾ ਜਾਵੇਗਾ।

ਸਵਾਲ ਸਾਫ਼ ਹੈ; ਜੇ ਨਿਊਜ਼ ਚੈਨਲ ਆਪਣੀ ਭਰੋਸੇਯੋਗਤਾ, ਲੋਕ ਮੁੱਦਿਆਂ ਅਤੇ ਨਿਰਪੱਖ ਪੱਤਰਕਾਰਤਾ ਵੱਲ ਵਾਪਸ ਨਹੀਂ ਮੁੜਦੇ ਤਾਂ ਕੀ ਉਹ ਸਿਰਫ਼ ਇਤਿਹਾਸ ਦੇ ਸਫ਼ਿਆਂ ਵਿੱਚ ਹੀ ਰਹਿ ਜਾਣਗੇ?

# ਪੰਜਾਬੀ ਨੂੰ ਖੋਜ ਅਤੇ ਵਿਗਿਆਨ ਦੀ ਭਾਸ਼ਾ ਬਣਾਉਣਾ ਸਮੇਂ ਦੀ ਅਹਿਮ ਲੋੜ: ਐਸ.ਐਸ. ਜੌਹਲ

## *ਪੰਜਾਬ ਕਲਾ ਪਰਿਸ਼ਦ ਵੱਲੋਂ ਛੇ ਉੱਘੀਆਂ ਸ਼ਖਸੀਅਤਾਂ ‘ਪੰਜਾਬ ਰਤਨ’ ਤੇ ‘ਪੰਜਾਬ ਗੌਰਵ’ ਪੁਰਸਕਾਰ ਨਾਲ ਸਨਮਾਨਤ*

**ਪੰਜਾਬੀ ਪਰਵਾਜ਼ ਬਿਊਰੋ**

ਉੱਘੇ ਅਰਥ ਸ਼ਾਸਤਰੀ ਅਤੇ ਦਾਨਿਸ਼ਵਰ ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਖੋਜ ਵਿਗਿਆਨ ਅਤੇ ਤਕਨੀਕੀ ਵਿਸ਼ਿਆਂ ਦੀ ਭਾਸ਼ਾ ਬਣਾਉਣਾ ਸਮੇਂ ਦੀ ਅਹਿਮ ਲੋੜ ਹੈ। ਪੰਜਾਬ ਕਲਾ ਭਵਨ ਵਿਖੇ ਪੰਜਾਬ ਕਲਾ ਪਰਿਸ਼ਦ ਅਤੇ ਇਸ ਨਾਲ ਸਬੰਧਿਤ ਅਕਾਦਮੀਆਂ ਵੱਲੋਂ ‘ਪੰਜਾਬ ਰਤਨ’, ‘ਪੰਜਾਬੀ ਮਾਤ ਭਾਸ਼ਾ’ ਅਤੇ ‘ਪੰਜਾਬ ਗੌਰਵ’ ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਡਾ. ਜੌਹਲ ਨੇ ਕਿਹਾ ਕਿ ਪੰਜਾਬੀ ਭਾਸ਼ਾ ਪ੍ਰਤੀ ਦਵੈਤ ਰੱਖਣਾ ਗੁਲਾਮੀ ਦੀ ਨਿਸ਼ਾਨੀ ਹੈ। ਉਨ੍ਹਾਂ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਖੋਜ ਕਾਰਜਾਂ ਅਤੇ ਸਾਇੰਸ ਦੇ ਟੈਕਨਾਲੋਜੀ ਖੇਤਰਾਂ ਵਿੱਚ ਸਰਲ ਪੰਜਾਬੀ ਦੀ ਵਰਤੋਂ ਕਰਨਾ ਹੋਰ ਵੀ ਵਧੇਰੇ ਜਰੂਰੀ ਹੈ। ਉਨ੍ਹਾਂ ਇਸ ਮੌਕੇ ਡਾ. ਮਹਿੰਦਰ ਸਿੰਘ ਰੰਧਾਵਾ ਨਾਲ ਆਪਣੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ।

ਸਮਾਰੋਹ ਦੇ ਸ਼ੁਰੂ ਵਿੱਚ ਆਏ ਹੋਏ ਖਾਸ ਮਹਿਮਾਨਾਂ, ਪੁਰਸਕਾਰ ਜੇਤੂ ਸ਼ਖਸੀਅਤਾਂ ਅਤੇ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਦਾ ਸਵਾਗਤ ਕਰਦਿਆਂ ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ ਨੇ ਕਿਹਾ ਕਿ ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਤੇ ਕਲਾ ਉਤਸਵ ਪੰਜਾਬ ਦੀ ਨਵ ਸਿਰਜਣਾ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਖਾਸ ਕਰਕੇ ਪਿੰਡਾਂ ਦੇ ਸੱਭਿਆਚਾਰ, ਦਸਤਕਾਰੀ ਅਤੇ ਸੂਖਮ ਕਲਾਵਾਂ ਨੂੰ ਉਦਮਤਾ ਨਾਲ ਜੋੜਨਾ ਕਲਾ ਪਰਿਸ਼ਦ ਦਾ ਸੁਪਨਾ ਹੈ ਤਾਂ ਜੋ ਪਿੰਡਾਂ ਨੂੰ ਨਵੀਂ ਆਰਥਿਕ ਦਿਸ਼ਾ ਦਿੱਤੀ ਜਾ ਸਕੇ। ਉਨ੍ਹਾਂ ‘ਪੰਜਾਬ ਗੌਰਵ’ ਅਤੇ ਦੂਜੇ ਪੁਰਸਕਾਰਾਂ ਬਾਰੇ ਦੱਸਦਿਆਂ ਕਿਹਾ ਕਿ ਕਲਾ ਪਰਿਸ਼ਦ ਨਾਲ ਸੰਬੰਧਿਤ ਅਕਾਦਮੀਆਂ ਵੱਲੋਂ ਕਾਇਮ ਕੀਤੇ ਗਏ ਨਿਰਣਾਇਕ ਮੰਡਲਾਂ ਨੇ ਇਨ੍ਹਾਂ ਪੁਰਸਕਾਰਾਂ ਦੀ ਚੋਣ ਕੀਤੀ ਹੈ।

ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਦਾ ਸਭ ਤੋਂ ਵੱਡਾ ਫਿਕਰ ਪਿੰਡਾਂ, ਖਾਸ ਕਰਕੇ ਪਿੰਡਾਂ ਵਿੱਚ ਵਸਦੀ ਜਵਾਨੀ ਦਾ ਭਵਿੱਖ ਹੈ ਅਤੇ ਪੰਜਾਬ ਕਲਾ ਪਰਿਸ਼ਦ ਇਸ ਚੁਣੌਤੀ ਨੂੰ ਮੁਖਾਤਿਬ ਹੋ ਕੇ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।



ਸਾਹਿਤ ਅਕਾਦਮੀ ਦਿੱਲੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਕਿਹਾ ਕਿ ਪੰਜਾਬ ਸ਼ਾਸਤਰਾਂ ਅਤੇ ਸ਼ਸਤਰਾਂ ਦੀ ਧਰਤੀ ਹੈ, ਜਿਸਨੇ ਆਦਿ ਕਾਲ ਤੋਂ ਨਵੀਂ ਚੇਤਨਾ ਅਤੇ ਚਿੰਤਨ ਨੂੰ ਜਨਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ 90 ਫੀਸਦੀ ਗਿਆਨ ਪੰਜਾਬ ਦੀ ਦੇਣ ਹੈ।

ਪੰਜਾਬ ਕਲਾ ਪਰਿਸ਼ਦ ਦੇ ਉਪ ਚੇਅਰਮੈਨ ਡਾ. ਯੋਗਰਾਜ ਐਂਗਰਿਸ਼ ਨੇ ਪੁਰਸਕਾਰ ਜੇਤੂ ਹਸਤੀਆਂ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਹਫਤਾ ਭਰ ਚੱਲੇ ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਤੇ ਕਲਾ ਉਤਸਵ ਦੌਰਾਨ ਸਾਹਿਤ, ਲਲਿਤ ਕਲਾਵਾਂ, ਸਿਨੇਮਾ, ਸੰਗੀਤ, ਨਾਟਕ ਅਤੇ ਹੋਰ ਵਿਸ਼ਿਆਂ ਨੂੰ ਲੈ ਕੇ ਸੈਮੀਨਾਰ ਗੋਸ਼ਟੀਆਂ ਤੇ ਆਪਸੀ ਸੰਵਾਦ ਰਚਾਇਆ ਗਿਆ। ਇਸ ਤੋਂ ਇਲਾਵਾ ਇਸ ਦੌਰਾਨ ਫਿਲਮਾਂ ਅਤੇ ਨਾਟਕਾਂ ਦੀ ਪੇਸ਼ਕਾਰੀ ਵੀ ਹੋਈ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਹੋਰ ਉੱਘੀਆਂ ਹਸਤੀਆਂ ਨੇ ਇਸ ਉਤਸਵ ਵਿੱਚ ਸ਼ਿਰਕਤ ਕਰਕੇ ਆਪਣਾ ਸਮਰਥਨ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਡਾ. ਮਹਿੰਦਰ ਸਿੰਘ ਰੰਧਾਵਾ ਉਤਸਵ ਇੱਕ ਹਫਤੇ ਲਈ ਮਨਾਇਆ ਗਿਆ ਹੈ, ਪਰ ਪੰਜਾਬ ਪ੍ਰਤੀ ਉਨ੍ਹਾਂ ਦੀ ਦੇਣ ਅਤੇ ਉਪਰਾਲਿਆਂ ਨੂੰ ਅੱਗੇ ਲਿਜਾਣ ਲਈ ਪੰਜਾਬ ਕਲਾ ਪਰਿਸ਼ਦ ਪੂਰੇ ਪੰਜਾਬ ਵਿੱਚ ਕਾਰਜਗਤ ਰਹੇਗੀ।

ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ‘ਪੰਜਾਬ ਰਤਨ ਪੁਰਸਕਾਰ’ ਤੇ ਪੰਜਾਬੀ ਲੇਖਕਾ ਬਚਿੰਤ ਕੌਰ ਨੂੰ ‘ਪੰਜਾਬੀ ਮਾਤ ਭਾਸ਼ਾ ਪੁਰਸਕਾਰ’ ਨਾਲ ਸਨਮਾਨਤ ਕੀਤਾ। ਨੀਨਾ ਟਿਵਾਣਾ ਨੂੰ ਰੰਗ ਮੰਚ, ਡਾ. ਦੇਵ ਇੰਦਰ ਸਿੰਘ ਨੂੰ ਲਲਿਤ ਕਲਾ, ਗੁਰਵਿੰਦਰ ਸਿੰਘ ਨੂੰ ਸਿਨੇਮਾ ਅਤੇ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਸਾਹਿਤ ਦੇ ਖੇਤਰ ਵਿੱਚ ‘ਪੰਜਾਬ ਗੌਰਵ ਪੁਰਸਕਾਰ’ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਡਾ. ਕਰਮਜੀਤ ਸਿੰਘ ਤੇ ਬਚਿੰਤ ਕੌਰ ਨੂੰ ਮੁੱਖ ਮਹਿਮਾਨ ਡਾ. ਸਰਦਾਰਾ ਸਿੰਘ ਜੌਹਲ, ਗੁਰਵਿੰਦਰ ਸਿੰਘ ਨੂੰ ਨੀਲਮ ਮਾਨ ਸਿੰਘ, ਨੀਨਾ ਟਿਵਾਣਾ ਨੂੰ ਨਿਰਮਲ ਰਿਸ਼ੀ, ਦੇਵ ਇੰਦਰ ਸਿੰਘ ਨੂੰ ਅਮਰਜੀਤ ਸਿੰਘ ਗਰੇਵਾਲ ਅਤੇ ਗੁਰਭਜਨ ਗਿੱਲ ਨੂੰ ਗੁਲਜ਼ਾਰ ਸਿੰਘ ਸੰਧੂ ਵੱਲੋਂ ਭੇਟ ਕੀਤੇ ਗਏ।

ਇਸ ਮੌਕੇ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਅਸ਼ਵਨੀ ਚੈਟਲੇ, ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਆਤਮ ਰੰਧਾਵਾ, ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਗੁਰਦੀਪ ਧੀਮਾਨ ਅਤੇ ਪੰਜਾਬ ਸਿਨੇਮਾ ਤੇ ਡਿਜੀਟਲ ਕਲਾ ਅਕਾਦਮੀ ਦੇ ਪ੍ਰਧਾਨ ਡਾ. ਹਰਜੀਤ ਸਿੰਘ ਤੋਂ ਇਲਾਵਾ ਡਾ. ਮਹਿੰਦਰ ਸਿੰਘ ਰੰਧਾਵਾ ਦੇ ਪੋਤਰੇ ਰਣਜੀਤ ਸਿੰਘ ਰੰਧਾਵਾ ਅਤੇ ਸੁਤਿੰਦਰ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕੀਤੀ।

ਪੁਰਸਕਾਰ ਵੰਡ ਸਮਾਰੋਹ ਦਾ ਸੰਚਾਲਨ ਪੰਜਾਬ ਸਿਨੇਮਾ ਅਤੇ ਡਿਜੀਟਲ ਕਲਾ ਅਕਾਦਮੀ ਦੇ ਸਕੱਤਰ ਪ੍ਰੀਤਮ ਰੁਪਾਲ ਨੇ ਕੀਤਾ। ਸਮਾਰੋਹ ਦੀ ਸ਼ੁਰੂਆਤ ਡਾ. ਮਹਿੰਦਰ ਸਿੰਘ ਰੰਧਾਵਾ ਦੇ ਬੁੱਤ ਉੱਪਰ ਫੁੱਲ ਮਾਲਾਵਾਂ ਚੜ੍ਹਾਅ ਕੇ ਕੀਤੀ ਗਈ। ਸਮਾਗਮ ਵਿੱਚ ਲੇਖਕਾਂ, ਸਹਿਤਕਾਰਾਂ, ਬੁੱਧੀਜੀਵੀਆਂ ਤੇ ਅਧਿਆਪਕਾਂ ਤੋਂ ਇਲਾਵਾ ਸਾਹਿਤ ਕਲਾ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ।

# ਰੌਣਕਾਂ ਤੇ ਮਨੋਰੰਜਨ ਭਰਪੂਰ ਰਿਹਾ 'ਸਵੇਰਾ' ਦਾ ਲੋਹੜੀ ਸਮਾਗਮ

*ਨੌਜਵਾਨ ਗਾਇਕ ਰੈਵ ਇੰਦਰ ਨੇ ਲਾਈ ਗਾਇਕੀ ਦੀ ਛਹਿਬਰ
*ਸ਼ਗਨਾਂ ਦੇ ਵਿਹੜੇ ਦਾ ਮਾਹੌਲ ਸਿਰਜਣ ਜਿਹੀਆਂ ਪੇਸ਼ਕਾਰੀਆਂ
*ਬਹੁ-ਗਿਣਤੀ ਹਾਜ਼ਰੀਨ ਨੇ ਸਮਾਗਮ ਮਾਣਿਆ ਤੇ ਸ਼ਲਾਘਾ ਕੀਤੀ

**ਪੰਜਾਬੀ ਪਰਵਾਜ਼ ਬਿਊਰੋ**

**ਸ਼ਿਕਾਗੋ:** ਸਥਾਨਕ ਸੰਸਥਾ 'ਸਵੇਰਾ' ਦਾ ਲੰਘੇ ਸ਼ਨਿਚਰਵਾਰ ਹੋਇਆ ਲੋਹੜੀ ਸਮਾਗਮ ਰੌਣਕਾਂ ਭਰਪੂਰ ਤਾਂ ਰਿਹਾ ਹੀ, ਸਗੋਂ ਇਸ ਮੌਕੇ ਗਾਇਕ ਰੈਵ ਇੰਦਰ ਵੱਲੋਂ ਨਵੇਂ-ਪੁਰਾਣੇ ਗੀਤਾਂ ਦੀ ਪੇਸ਼ਕਾਰੀ, ਗਿੱਧੇ ਦੀ ਇੱਕ ਟੀਮ ਵੱਲੋਂ ਕੋਰਿਓਗ੍ਰਾਫੀ ਤੇ ਦੂਜੀ ਵੱਲੋਂ ਗਿੱਧਾ ਆਈਟਮ ਮੌਕੇ ਸ਼ਗਨਾਂ ਦੇ ਵਿਹੜੇ ਦਾ ਮਾਹੌਲ ਸਿਰਜਣ ਜਿਹੀ ਕਲਾਕਾਰੀ, ਸਕਿੱਟ ਤੇ ਹੋਰ ਨਿੱਕ-ਸੁੱਕ ਕਾਰਨ ਇਹ ਪਰਿਵਾਰਕ ਸਮਾਗਮ ਮਨੋਰੰਜਨ ਨਾਲ ਵੀ ਲਬਾਲਬ ਰਿਹਾ।

ਉਂਜ ਇਹ ਸਮਾਗਮ ਕਿਸੇ ਦੇ ਪਰਿਵਾਰ ਲਈ ਬੱਚੇ ਦੀ ਲੋਹੜੀ ਮਨਾਏ ਜਾਣ ਕਰਕੇ ਵਿਸ਼ੇਸ਼ ਸੀ ਤੇ ਕਿਸੇ ਲਈ ਸਿਰ ਜੋੜ ਗੱਲਾਂ-ਬਾਤਾਂ ਕਰਨ ਦੇ ਮਕਸਦ ਕਰਕੇ ਖਾਸ; ਕਿਸੇ ਲਈ ਸਮਾਗਮ ਦਾ ਹਿੱਸਾ ਹੋ ਕੇ ਖੁਸ਼ੀਆਂ ਮਨਾਉਣ ਦੇ ਜ਼ਰੀਏ ਬਾਬਤ ਸੀ ਜਾਂ ਫਿਰ ਕਿਸੇ ਲਈ ਖਾਣ-ਪੀਣ ਦੇ ਚਟਕਾਰਿਆਂ ਤੇ ਚੁਰਚਰੀਆਂ ਚਰਚਾਵਾਂ ਕਰਨ ਕਰਕੇ ਅਨੰਦ ਭਰਪੂਰ ਸੀ। ਪਰ ਇੱਕ ਗੱਲ ਸਪਸ਼ਟ ਸੀ ਕਿ ਬਹੁ-ਗਿਣਤੀ ਹਾਜ਼ਰੀਨ ਨੇ ਲੋਹੜੀ ਦੇ ਇਸ ਸਮਾਗਮ ਨੂੰ ਮਾਣਿਆ ਅਤੇ ਅਜਿਹੇ ਸਮਾਗਮ ਕਰਵਾਏ ਜਾਣ ਦੀ ਸ਼ਲਾਘਾ ਵੀ ਕੀਤੀ।

ਇਸ ਮੌਕੇ ਸੰਸਥਾ ਦੀ ਮੋਹਰੀ ਬੀਬੀ ਜਸਬੀਰ ਕੌਰ ਮਾਨ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਲੋਹੜੀ ਮਨਾਏ ਜਾਣ ਦੇ ਮਨੋਰਥ ਉਤੇ ਚਾਨਣਾ ਪਾਇਆ ਅਤੇ ਭਰਵੇਂ ਸਹਿਯੋਗ ਲਈ 'ਸਵੇਰਾ ਟੀਮ' ਤੇ ਸਾਰੇ ਸਮਰਥਕਾਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸ਼ੁਰੂਆਤ ਕਰਦਿਆਂ









ਮਿੰਨੀ ਸਿੰਘ ਨੇ ਅਮਰੀਕੀ ਕੌਮੀ ਤਰਾਨਾ ਗਾਇਆ। ਸਟੇਜ 'ਤੇ ਆਉਂਦਿਆਂ ਹੀ ਮੰਚ ਸੰਚਾਲਕਾ ਗੁਰਲੀਨ ਕੌਰ ਸੰਘਾ ਨੇ ਸ਼ਾਇਰੀ ਨਾਲ ਲਬਰੇਜ਼ ਆਪਣੇ ਅੰਦਾਜ਼-ਏ-ਖਾਸ ਨਾਲ ਮੰਚ ਨੂੰ ਆਪਣੇ ਪ੍ਰਭਾਵ ਹੇਠ ਲੈ ਆਂਦਾ। ਉਸ ਨੇ ਸਮਾਗਮ ਵਿੱਚ ਹਾਜ਼ਰ ਸਾਰੇ ਖਾਸ-ਖਾਸ ਮਹਿਮਾਨਾਂ ਸਮੇਤ ਕਰੀਬ-ਕਰੀਬ ਸਾਰੇ ਪਤਵੰਤੇ-ਸੱਜਣਾਂ ਤੇ ਬਣ-ਠਣ ਕੇ ਆਈਆਂ ਬੀਬੀਆਂ ਦਾ ਨਾਂ ਲੈ ਲੈ ਕੇ ਤਾਰੀਫ ਤਾਂ ਕੀਤੀ ਹੀ, ਸਗੋਂ 'ਸਵੇਰਾ' ਦੀ ਸਿਰਕਰਦਾ ਬੀਬੀ ਜਸਬੀਰ ਕੌਰ ਮਾਨ ਤੇ ਸੰਸਥਾ ਦੀਆਂ ਮੈਂਬਰਾਨ ਤ੍ਰੀਮਤਾਂ-ਕੁੜੀਆਂ ਦਾ ਧੰਨਵਾਦ ਵੀ ਕੀਤਾ। ਇਹ ਸਭ ਦੇਖਦਿਆਂ-ਸੁਣਦਿਆਂ ਇੱਕ ਸੱਜਣ ਨੇ ਟਿੱਪਣੀ ਕੀਤੀ ਕਿ ਸਟੇਜ ਤੋਂ ਕਿਸੇ ਨੂੰ ਸਤਿਕਾਰ ਦੇਣ ਦਾ ਢੰਗ ਮੰਚ ਸੰਚਾਲਕਾ ਨੂੰ ਖੂਬ ਆਉਂਦਾ ਹੈ; ਤਾਂ ਦੂਜੇ ਨੇ




ਇਸ ਗੱਲ ਵਿੱਚ ਵਾਧਾ ਕੀਤਾ ਕਿ ਭਾਈ! ਕਿਸੇ ਦਾ ਸਤਿਕਾਰ ਕਰੋਗੇ ਤਾਂ ਅੱਗੋਂ ਵੀ ਸਤਿਕਾਰ ਹੀ ਮਿਲੇਗਾ!

ਖ਼ੈਰ! ਸਮਾਗਮ ਦੀ ਮੁੱਖ ਮੰਚ ਸੰਚਾਲਕਾ ਨੇ ਸੰਸਥਾ ਵੱਲੋਂ ਉਲੀਕੀ ਰੂਪਰੇਖਾ ਮੁਤਾਬਕ ਪ੍ਰੋਗਰਾਮ ਨੂੰ ਸੁਭਾਵਿਕ ਲਹਿਜੇ ਨਾਲ ਅੱਗੇ ਤੋਰੀ ਰੱਖਿਆ। ਹਾਂ, ਉਂਜ ਡੀ.ਜੇ. ਵਾਲੇ ਦਾ ਮਾਈਕ ਕਦੇ ਕਦੇ ਹੋਰ ਹੀ ਸੁਰ ਅਲਾਪਣ ਲੱਗ ਜਾਂਦਾ, ਸੰਭਾਲਿਆ।

ਪਹਿਲੀ ਡਾਂਸ ਐਂਟਰੀ 'ਗਿੱਧਾ ਧੀਆਂ ਦਾ' ਸੀ, ਜਿਸ ਵਿੱਚ ਗੁਰਲੀਨ ਕੌਰ, ਪਰਮਲੀਨ ਕੌਰ, ਸਿਮਰ ਕੌਰ, ਰੀਯਾ ਹੁੰਜਣ ਤੇ ਸਵਰੀਨ ਕੌਰ ਸ਼ਾਮਲ ਸਨ; ਜਦਕਿ ਅਠਵਾਲ, ਕੁਲਵੰਤ ਕੌਰ ਪਰਮਾਰ ਅਤੇ ਰਿੰਪਲ ਡੋਗਰਾ ਨੇ 'ਪੈਨਸ਼ਨ ਲੱਗ ਗਈ ਬੇਬੇ ਦੀ' ਗੀਤ ਨਾਟਕੀ ਰੂਪ ਵਿੱਚ ਪੇਸ਼ ਕਰ ਕੇ ਰੌਣਕ ਲਾਈ।

ਇਸ ਮੌਕੇ ਮਨਦੀਪ ਕੁਮਾਰ ਅਤੇ ਰਿਤੂ ਕੌਰ ਦੀ ਲਿਖੀ 'ਕੁਛ ਖੱਟੀ, ਕੁਛ ਮੀਠੀ' ਸਕਿੱਟ ਵੀ ਪੇਸ਼ ਕੀਤੀ ਗਈ, ਜਿਸ ਵਿੱਚ ਰਜਿੰਦਰ ਬੀਰ ਸਿੰਘ ਮਾਗੋ, ਗੁਰਪ੍ਰੀਤ ਕੇ. ਸਿੰਘ, ਰੀਤੂ ਕੌਰ, ਮਨਦੀਪ ਕੁਮਾਰ, ਨਿਤੀਸ਼, ਰਾਜ ਧਾਲੀਵਾਲ ਤੇ ਰਾਜਵਿੰਦਰ ਕੌਰ ਨੇ ਅਦਾਕਾਰੀ ਕੀਤੀ। ਇਹ ਸਕਿੱਟ ਆਪਣਾ ਸੁਨੇਹਾ ਛੱਡਦੀ ਨਜ਼ਰ ਆਈ, ਪਰ ਕੁਝ ਸੱਜਣਾਂ ਦਾ ਕਹਿਣਾ ਸੀ ਕਿ ਟੀਮ ਨੂੰ ਹੋਰ ਅਭਿਆਸ ਉਤੇ ਜ਼ੋਰ ਦੇਣ ਦੀ ਲੋੜ ਹੈ।




ਸਮਾਗਮ ਦੌਰਾਨ ਪੇਸ਼ ਕੀਤਾ ਗਿਆ ਗਿੱਧਾ ਵੀ ਕਮਾਲ ਸੀ, ਜਿਸ ਵਿੱਚ ਪੰਜਾਬੀ ਸੱਭਿਆਚਾਰ ਦੇ ਕਈ ਰੰਗ ਉਘਾੜੇ ਗਏ। ਨਵੀਂ ਵਿਆਹੀ ਜੋੜੀ ਤੋਂ ਪਾਣੀ ਵਾਰਨ ਦੀ ਰਸਮ ਤੇ ਹੋਰ ਰਿਵਾਜ਼ਾਂ/ਸ਼ਗਨਾਂ ਦੀ ਝਲਕ, ਸਵਾਂਗ ਜ਼ਰੀਏ ਪਰਿਵਾਰਕ-ਸਮਾਜਿਕ ਨੋਕ-ਝੋਕ ਵਾਲੀਆਂ ਬੋਲੀਆਂ, ਪੱਖੀਆਂ ਦੀ ਝੱਲ ਅਤੇ ਗਿੱਧੇ ਦੇ ਪਿੜ ਵਿੱਚ ਲਹਿੰਗਿਆਂ-ਚੁੰਨੀਆਂ ਦੀ ਲਹਿਰ ਅਤੇ ਸਿਰ ਉਤੇ ਜਾਗੋ ਤੇ ਘੜਾ ਟਿਕਾਅ ਕੇ ਕੀਤੀ ਪੇਸ਼ਕਾਰੀ ਬੜਾ ਦਿਲਚਸਪ ਦ੍ਰਿਸ਼ ਚਿਤਰ ਰਹੀ ਸੀ। ਗਿੱਧੇ ਦੀ ਟੀਮ ਵਿੱਚ ਰਾਜਵਿੰਦਰ ਕੌਰ, ਰਿੰਪਲ ਡੋਗਰਾ, ਕਿਰਨਦੀਪ ਕੌਰ, ਦਿਲਜੋਤ ਕੌਰ, ਨਰਿੰਦਰ ਕੌਰ, ਸਰਬਜੀਤ ਕੌਰ, ਹਰਦੀਪ ਕੌਰ, ਮਨਮੀਤ ਕੌਰ, ਅਨੂਦੀਪ ਸੰਧੂ ਤੇ ਬਲਜੀਤ ਅਠਵਾਲ ਸ਼ਾਮਲ ਸਨ।

ਇਸ ਮੌਕੇ ਨਵਜੀਤ ਸਿੰਘ ਧਨੋਆ ਤੇ ਪ੍ਰਿਆ ਕੌਰ ਧਨੋਆ ਦੇ ਪੁੱਤ ਜੀਤ ਸਿੰਘ ਧਨੋਆ; ਬਲਜਿੰਦਰ ਸਿੰਘ ਬੇਦੀ ਤੇ ਜੀਵਿਕਾ ਬੇਦੀ ਦੀ ਨਵ-ਜੰਮੀ ਧੀ ਸਿਓਨਾ ਕੌਰ ਬੇਦੀ ਅਤੇ ਅਲੀਸ਼ਾ ਕੌਰ ਤੇ ਅਲਪੇਸ਼ ਸਿੰਘ ਦੇ ਪੁੱਤਰ ਰੁਦਰਾਂਸ਼ ਸਿੰਘ ਦੀ ਲੋਹੜੀ ਮਨਾਈ ਗਈ। ਮਨਮਿੰਦਰ ਸਿੰਘ ਭੱਠਲ ਅਤੇ ਪਰਮਜੀਤ ਕੌਰ ਭੱਠਲ ਦੇ ਪੁੱਤਰ ਇਰਵਿਨ ਸਿੰਘ ਭੱਠਲ ਤੇ ਨੂੰਹ ਜੇਡ ਭੱਠਲ ਦੀ ਲੋਹੜੀ ਵੀ ਮਨਾਈ ਗਈ। ਸੰਸਥਾ ਵੱਲੋਂ ਵਧਾਈ ਦਿੰਦਿਆਂ ਸਟੇਜ ਉਤੇ ਸੱਦ ਕੇ ਟੀਮ ਵੱਲੋਂ ਤਿਆਰ ਕੀਤੇ ਗਿਫਟ ਹੈਂਪਰ ਪਰਿਵਾਰਾਂ ਨੂੰ ਉਨ੍ਹਾਂ ਦੇ ਮਾਣ ਵਿੱਚ ਦਿੱਤੇ ਗਏ। ਇਸ ਤੋਂ ਇਲਾਵਾ ਸਮਾਗਮ ਦੇ ਸਪਾਂਸਰਾਂ ਤੇ ਕੁਝ ਹੋਰ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

ਅਖੀਰ ਵਿੱਚ ਓਹਾਇਓ ਤੋਂ ਆਏ ਨੌਜਵਾਨ ਗਾਇਕ ਰੈਵ ਇੰਦਰ ਨੇ ਆਪਣੀ ਪੇਸ਼ਕਾਰੀ ਨਾਲ ਰੰਗ ਬੰਨ੍ਹ ਦਿੱਤੇ। ਉਸ ਨੇ ਇੱਕ ਪਿੱਛੋਂ ਇੱਕ ਨੱਚਣ-ਟੱਪਣ ਵਾਲੇ ਗੀਤ ਗਾ ਕੇ ਮਾਹੌਲ ਮਘਾਈ ਰੱਖਿਆ। ਕੀ-ਬੋਰਡ 'ਤੇ ਉਸ ਦਾ ਸਾਥ ਬਲਰਾਜ ਨੇ ਦਿੱਤਾ। ਜਦੋਂ ਬੀਬੀਆਂ ਡਾਂਸ ਫਲੋਰ 'ਤੇ ਰੈਵ ਇੰਦਰ ਦੀ ਗਾਇਕੀ ਦੀਆਂ ਮੁਰੀਦ ਹੋਈਆਂ ਨੱਚਣ







'ਚ ਵਿਅਸਥ ਸਨ ਤਾਂ ਉਨ੍ਹਾਂ ਦੇ ਬੱਚੇ, ਖਾਸ ਕਰ ਕੁੜੀਆਂ ਸਟੇਜ ਉਤੇ ਬਾਲ਼ੀ ਡਿਜ਼ੀਟਲ ਲੋਹੜੀ 'ਚੋਂ ਨਿਕਲਦੀ ਫਰਜ਼ੀ ਲਾਟ ਨਾਲ ਖੇਡ ਰਹੀਆਂ ਸਨ; ਜਿਵੇਂ ਸੁਨੇਹਾ ਦੇ ਰਹੀਆਂ ਹੋਣ- ਸਾਨੂੰ ਅੱਗ ਦੀਆਂ ਲਾਟਾਂ ਕਾਬੂ ਕਰਨੀਆਂ ਆਉਂਦੀਆਂ ਨੇ! 'ਸਵੇਰਾ' ਸੰਸਥਾ ਕੁੜੀਆਂ ਤੇ ਔਰਤਾਂ ਲਈ ਸਰਗਰਮ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ









# 'ਸਵੇਰਾ' ਦਾ ਲੋਹੜੀ ਸਮਾਗਮ

ਹੋਣ ਕਾਰਨ ਲੋਹੜੀ ਸਮਾਗਮ ਵਿੱਚ ਵਧੇਰੇ ਗਿਣਤੀ ਬੀਬੀਆਂ ਦੀ ਸੀ। ਗਾਇਕੀ ਦੇ ਦੌਰ ਦੌਰਾਨ ਨੱਚਣ ਦਾ ਚਾਅ ਕੁਝ ਬੰਦਿਆਂ ਨੇ ਵੀ ਲਾਹਿਆ, ਪਰ ਧਮੱਚੜ ਪਾਉਣ ਵਿੱਚ ਝੰਡੀ ਬੀਬੀਆਂ ਦੀ ਹੀ ਰਹੀ। ਬੈਂਕੁਇਟ ਹਾਲ ਦੇ ਅੰਦਰ ਗਾਉਣ ਦੇ ਨਾਲ ਨਾਲ ਬੀਬੀਆਂ ਦੇ ਝੁਰਮਟ ਵਿੱਚ ਨੱਚਦਾ ਰੈਵ ਇੰਦਰ ਮੁੜ੍ਹਕੋ-ਮੁੜ੍ਹਕੀ ਹੋਇਆ ਪਿਆ ਸੀ ਅਤੇ ਬਾਹਰ ਸਨੋਅ ਦੇ ਫਹਿਆਂ ਤੇ ਚੰਨ ਦੇ ਚਾਨਣ ਨਾਲ ਅੰਬਰ-ਧਰਤੀ ਸਫੈਦ ਹੋਏ ਪਏ ਸਨ।










ਇਸ ਤੋਂ ਪਹਿਲਾਂ ਬੈਂਕੁਇਟ ਹਾਲ ਦੀ ਲਾਬੀ ਵਿੱਚ ਮਹਿਮਾਨ ਤਸਵੀਰਾਂ ਖਿਚਵਾ ਕੇ ਆਪਣੇ ਐਂਟਰੀ ਰਿਬਨ ਲੈ ਕੇ ਲੋਹੜੀ ਸਮਾਗਮ ਦਾ ਹਿੱਸਾ ਬਣਦੇ ਜਾ ਰਹੇ ਸਨ। ਮਹਿਮਾਨਾਂ ਲਈ ਪਹਿਲਾਂ ਐਪਰਟਾਈਜ਼ਰ ਅਤੇ ਬਾਅਦ ਵਿੱਚ ਰਾਤਰੀ ਭੋਜ ਦਾ ਪ੍ਰਬੰਧ ਸੀ, ਜੋ ਕਿ 'ਟੱਚ ਆਫ ਸਪਾਈਸ' ਦੇ ਕੇ.ਕੇ. ਪੰਮਾ ਵੱਲੋਂ ਪਰੋਸਿਆ ਗਿਆ। ਇਸ ਤੋਂ ਇਲਾਵਾ ਸੰਸਥਾ ਨੇ ਮਹਿਮਾਨਾਂ ਲਈ ਮੂੰਗਫਲੀ ਤੇ ਗੱਚਕ ਦੀਆਂ ਗੁਥਲੀਆਂ ਬਣਾ ਕੇ ਟੇਬਲਾਂ ਉਤੇ ਰੱਖੀਆਂ ਹੋਈਆਂ ਸਨ। ਲੋਕ ਸਮਾਗਮ ਦੇਖਦੇ ਦੇਖਦੇ ਮੂੰਗਫਲੀ ਤੇ ਗੱਚਕ ਵੀ ਚੱਬਦੇ ਰਹੇ ਅਤੇ ਜਾਣ ਲੱਗਿਆਂ ਘਰਾਂ ਨੂੰ ਵੀ ਲੈ ਕੇ ਗਏ; ਕਿਉਂਕਿ ਸੰਸਥਾ ਦੀਆਂ ਬਜ਼ੁਰਗ ਮੈਂਬਰਾਨ- ਬੀਬੀ ਸ਼ਿੰਦਰ ਕੌਰ ਸਿੱਧੂ, ਕਿਰਪਾਲ ਕੌਰ ਲਾਲ ਤੇ ਹੋਰ ਟੀਮ ਮੈਂਬਰਾਨ ਮਹਿਮਾਨਾਂ ਨੂੰ ਜਾਣ ਸਮੇਂ ਮੂੰਗਫਲੀ ਤੇ ਗੱਚਕ ਦੇ ਤੌਰ 'ਤੇ ਲੋਹੜੀ ਦਾ ਸ਼ਗਨ ਲੈ ਕੇ ਜਾਣ ਬਾਰੇ ਆਖ ਰਹੀਆਂ ਸਨ।



ਸਮਾਗਮ ਦੌਰਾਨ ਕੁਝ ਸੱਜਣ ਇਹ ਕਹਿੰਦੇ ਸੁਣੇ ਗਏ ਕਿ 'ਸ਼ਾਬਾਸ਼ੇ ਪ੍ਰਬੰਧਕਾਂ ਦਾ, ਜਿਨ੍ਹਾਂ ਨੇ ਸਾਡੇ ਸਭ ਦੇ ਮਿਲ ਬੈਠਣ ਦਾ ਸਬੱਬ ਬਣਾਇਆ!' ਇਸੇ ਦੌਰਾਨ ਇੱਕ ਸੱਜਣ ਦੀ ਟਿੱਪਣੀ ਸੀ, 'ਇੱਥੇ (ਪਰਦੇਸ ਵਿੱਚ) ਕੰਮਾਂ-ਕਾਰਾਂ ਤੇ ਹੋਰ ਰੁਝੇਵਿਆਂ ਕਾਰਨ ਕਈ ਵਾਰ ਬੰਦਾ ਆਪਣੇ ਲਈ ਹੀ ਟਾਈਮ ਨਹੀਂ ਕੱਢ ਪਾਉਂਦਾ। ਯਾਰਾਂ-ਮਿੱਤਰਾਂ ਨਾਲ ਅਜਿਹੇ ਸਮਾਗਮਾਂ ਮੌਕੇ ਹੀ ਮਿਲਣ-ਗਿਲਣ ਹੋ ਜਾਂਦਾ ਹੈ।' ਇੱਕ ਹੋਰ ਦੀ ਟਿੱਪਣੀ ਸੀ, 'ਊਂ ਆਪਾਂ ਪੈਸੇ ਖਰਚ ਕੇ ਕੋਈ ਵੀ ਸ਼ੈਅ ਖਰੀਦ ਸਕਦੇ ਹਾਂ, ਪਰ ਜੋ ਸਕੂਨ ਇੰਜ ਪਰਿਵਾਰ ਵਾਂਗ 'ਕੱਠਿਆਂ ਬੈਠ ਕੇ ਸੁੱਖ-ਸਾਂਝ ਪੁੱਛਣ ਸਮੇਂ ਮਿਲਦਾ ਹੈ, ਉਹ ਬੇਸ਼ਕੀਮਤੀ ਹੈ।'

ਇੱਕ ਦਿਲਚਸਪ ਗੱਲ ਇਹ ਸੀ ਕਿ ਇੱਕ ਟੇਬਲ ਉਤੇ ਆਪਣਾ ਅੱਡਾ-ਪੀੜ੍ਹਾ ਜਮਾਈ ਬੈਠੇ ਇੱਕ ਵਰਤਾਵੇ ਨੇ ਜਦੋਂ ਮਾਣ ਰੱਖਦਿਆਂ ਦੂਜੇ ਸੱਜਣ ਨੂੰ 'ਘੁੱਟ-ਘੁੱਟ ਲਾਉਣ ਦੀ' ਸੁਲ੍ਹਾ ਮਾਰਦਿਆਂ ਗਲਾਸ ਵਿੱਚ 'ਬਰਫ਼ ਕਿੰਨੀ ਕੁ?' ਪਾਉਣ ਬਾਰੇ ਪੁੱਛਿਆ ਤਾਂ ਅੱਗੇ ਜਵਾਬ ਆਇਆ, 'ਬਰਫ਼ ਤਾਂ ਭਾਵੇਂ ਇੱਕ ਛੱਡ ਕੇ ਦੋ ਡਲੀਆਂ ਪਾ ਦੇਹ, ਇਹ ਕਿਹੜਾ ਖੁਰਨ ਦੇਣੀ!' ਤੇ ਨਾਲ ਹੀ ਹਾਸਾ ਗੂੰਜ ਉੱਠਿਆ। ਫਿਰ ਉਹ ਸੱਜਣ ਕਹਿਣ ਲੱਗਾ, 'ਪਹਿਲਾਂ ਬਹੁਤੇ ਲੋਕ ਐਓਂ ਪੀਂਦੇ ਸੀ, ਪੈੱਗ ਪਿਆ ਨ੍ਹੀਂ ਕਿ ਗਲਾਸ ਖਾਲੀ ਹੋਇਆ ਨ੍ਹੀਂ।... ਹੁਣ ਤਾਂ ਲੋਕ ਬਹੁਤ ਸਹਿਜ 'ਚ ਪੀਂਦੇ ਐ।' ਇਹ ਸਾਰੀ ਵਰਤਾਲਾਪ ਹਾਸੇ-ਠੱਠੇ ਦਾ ਸਬੱਬ ਸੀ।




ਸੰਸਥਾ ਅਨੁਸਾਰ ਸਮਾਗਮ ਦੇ ਗ੍ਰੈਂਡ ਸਪਾਂਸਰ ਦਰਸ਼ਨ ਸਿੰਘ ਧਾਲੀਵਾਲ ਸਨ, ਜਦਕਿ ਹੋਰ ਸਪਾਂਸਰਾਂ ਵਿੱਚ ਦਵਿੰਦਰ ਸਿੰਘ ਰੰਗੀ, ਜੱਸੀ ਸਹੋਤਾ, ਕਮਲਜੀਤ ਸਹੋਤਾ, ਮੈਂਡੀ ਸਿੰਘ, ਚੰਨਕੀਰਤ ਸਿੰਘ, ਰਣਜੀਤ ਕੌਰ ਤੇਜੀ, ਪਾਲ ਡੰਡੋਨਾ, ਭੁਪਿੰਦਰ ਧਨੋਆ, ਜੈਰਾਮ ਸਿੰਘ ਕਾਹਲੋਂ, ਬਲਵਿੰਦਰ ਸਿੰਘ ਚੱਠਾ, ਤਰਲੋਚਨ ਸਿੰਘ ਗਿੱਲ, ਰਜਿੰਦਰ ਸਿੰਘ ਸਮਰਾ, ਮਿੰਨੀ ਮੁਲਤਾਨੀ, ਗੁਰਪ੍ਰੀਤ ਕੇ. ਸਿੰਘ, ਰਾਜ ਧਾਲੀਵਾਲ, ਜੋਤੀ ਖਹਿਰਾ, ਪੰਮੀ ਸੰਘਾ, ਮਿੰਨੀ ਸਿੰਘ, ਸੁਖਦੀਪ ਵਾਲੀਆ, ਸਿਡਨੀ ਸਮਿਥ ਮਾਨ, ਸੰਦੀਪ ਸਿੰਘ ਬਜਾਜ ਤੇ ਹੋਰ ਸ਼ਾਮਲ ਸਨ।

ਟੀਮ ਸਵੇਰਾ ਦੀਆਂ ਮੈਂਬਰਾਨ- ਬਲਜੀਤ ਅਠਵਾਲ ਅਤੇ ਨਰਿੰਦਰ ਕੌਰ ਨੇ ਬੈਂਕੁਇਟ ਹਾਲ ਦੀ ਸੁਚੱਜੇ ਢੰਗ ਨਾਲ ਸਜਾਵਟ ਕੀਤੀ ਸੀ। ਮੂੰਗਫਾਲੀ ਅਤੇ ਗੱਚਕ ਸਟਾਰ ਫੂਡਜ਼ ਤੇ ਸਿੰਘ ਗਰੌਸਰ ਵੱਲੋਂ ਸਪਾਂਸਰ ਕੀਤੀ ਗਈ ਸੀ। ਡੀ.ਜੇ. ਰਾਜਨ ਭੱਲਾ ਦਾ ਸੀ, ਜਦਕਿ ਸਮਾਗਮ ਨੂੰ ਕੈਮਰਾਬੰਦ ਏਸ਼ੀਅਨ ਮੀਡੀਆ ਦੇ ਸੁਰੇਸ਼ ਬੋਦੀਵਾਲਾ ਨੇ ਕੀਤਾ। ਇਸ ਮੌਕੇ ਖਾਲਸਾ ਏਡ ਇੰਟਰਨੈਸ਼ਨਲ ਤੇ ਸਹਾਰਾ ਹੋਮਕੇਅਰ ਤੋਂ ਇਲਾਵਾ ਖਰੀਦੋ-ਫਰੋਖਤ ਦੇ ਸਟਾਲ ਵੀ ਲੱਗੇ ਹੋਏ ਸਨ।















# 'ਮਨਰੇਗਾ' ਤੋਂ 'ਜੀ-ਰਾਮ-ਜੀ' ਤੱਕ

## ਭਾਰਤ 'ਚ ਦਿਹਾਤੀ ਰੋਜ਼ਗਾਰ ਨੀਤੀ ਦੇ ਸੰਰਚਨਾਤਮਕ ਰੂਪਾਂਤਰਣ ਦੀ ਆਲੋਚਨਾਤਮਕ ਸਮੀਖਿਆ

**ਜਸਬੀਰ ਸਿੰਘ ਬੰਦੇਸਾ***
**ਫੋਨ: 224-340-7517**

ਲਗਭਗ ਦੋ ਦਹਾਕਿਆਂ ਤੱਕ ਭਾਰਤ ਦੀ ਦਿਹਾਤੀ ਰੋਜ਼ਗਾਰ ਗਾਰੰਟੀ ਯੋਜਨਾ ਵਿਕਾਸਸ਼ੀਲ ਅਰਥਵਿਵਸਥਾ ਵਿੱਚ ਕਾਨੂੰਨੀ ਤੌਰ 'ਤੇ ਲਾਗੂ ਕੀਤੇ ਜਾ ਸਕਣ ਵਾਲੇ ਕੁਝ ਗਿਣਤੀ ਦੇ ਸਮਾਜਿਕ ਅਤੇ ਆਰਥਿਕ ਅਧਿਕਾਰਾਂ ਵਿੱਚੋਂ ਇੱਕ ਰਹੀ ਹੈ। ਸਾਲ 2005 ਵਿੱਚ ਲਾਗੂ ਹੋਏ ਰਾਸ਼ਟਰੀ ਦਿਹਾਤੀ ਰੋਜ਼ਗਾਰ ਗਾਰੰਟੀ ਕਾਨੂੰਨ (ਜੋ ਕਿ ਬਾਅਦ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਗਾਰੰਟੀ ਕਾਨੂੰਨ- ਮਨਰੇਗਾ ਦੇ ਨਾਮ ਨਾਲ ਪ੍ਰਸਿੱਧ ਹੋਇਆ) ਨੇ ਕਲਿਆਣਕਾਰੀ ਨੀਤੀਆਂ ਦੀ ਸੋਚ ਵਿੱਚ ਇੱਕ ਮਹੱਤਵਪੂਰਣ ਬਦਲਾਅ ਲਿਆਂਦਾ। ਇਸ ਕਾਨੂੰਨ ਨੇ ਰੋਜ਼ਗਾਰ ਨੂੰ ਅਸਥਾਈ ਰਾਹਤ ਦੀ ਥਾਂ ਇੱਕ ਕਾਨੂੰਨੀ ਹੱਕ ਵਜੋਂ ਪਰਿਭਾਸ਼ਿਤ ਕੀਤਾ। ਮਨਰੇਗਾ ਯੋਜਨਾ ਨੇ ਹਰ ਦਿਹਾਤੀ ਜਾਂ ਪੇਂਡੂ ਪਰਿਵਾਰ ਨੂੰ, ਜੋ ਗੈਰ-ਹੁਨਰਮੰਦ ਕੰਮ ਕਰਨ ਲਈ ਤਿਆਰ ਹੋਵੇ, ਸਾਲਾਨਾ 100 ਦਿਨਾਂ ਦੇ ਮਜ਼ਦੂਰੀ ਰੋਜ਼ਗਾਰ ਦੀ ਗਾਰੰਟੀ ਪ੍ਰਦਾਨ ਕੀਤੀ। ਮਨਰੇਗਾ ਕਾਨੂੰਨ ਦਾ ਮੁੱਖ ਮਕਸਦ ਆਮਦਨ ਸੁਰੱਖਿਆ ਨੂੰ ਯਕੀਨੀ ਬਣਾਉਣਾ, ਪਿੰਡਾਂ ਦੀ ਤਕਲੀਫ ਤੇ ਅਸਹਾਇਤਾ ਨੂੰ ਘਟਾਉਣਾ ਅਤੇ ਵਿਕੇਂਦਰੀਕ੍ਰਿਤ ਪ੍ਰਬੰਧਨ ਦੇ ਰਾਹੀਂ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੀ।

ਪਿਛਲੇ ਕਰੀਬ ਵੀਹ ਵਰ੍ਹਿਆਂ ਤੋਂ ਮਨਰੇਗਾ ਭਾਰਤ ਦੀ ਦਿਹਾਤੀ ਅਤੇ ਸਥਾਨਕ ਅਰਥਵਿਵਸਥਾ ਨੂੰ ਮਜਬੂਤ ਅਤੇ ਯਕੀਨੀ ਬਣਾਉਂਦਾ ਆ ਰਿਹਾ ਹੈ। ਰੋਜ਼ਗਾਰ ਦੇ ਨਾਲ-ਨਾਲ ਇਸ ਯੋਜਨਾ ਨੇ ਵੱਡੇ ਪੱਧਰ ਤੇ ਦਿਹਾਤੀ ਮੂਲਭੂਤ ਢਾਂਚੇ ਨੂੰ ਮਜਬੂਤ ਕੀਤਾ ਹੈ। ਮਰਨਰੇਗਾ ਦੀ ਮਹੱਤਤਾ ਸਿਰਫ ਦਿਹਾਤੀ ਰੋਜ਼ਗਾਰ ਦੇ ਵਿਆਪਕ ਪੈਮਾਨੇ ਤੱਕ ਹੀ ਸੀਮਿਤ ਨਹੀਂ ਸੀ, ਸਗੋਂ ਇਹ ਇਸ ਦੀ ਸੰਸਥਾਗਤ ਬਣਤਰ ਵੀ ਡੂੰਘਾਈ ਨਾਲ ਭਰਪੂਰ ਸੀ। ਮੰਗ-ਆਧਾਰਿਤ ਯੋਜਨਾ ਹੋਣ ਦੇ ਕਾਰਨ, ਇਸ ਨੇ ਸਰਕਾਰ 'ਤੇ ਇਹ ਕਾਨੂੰਨੀ ਜ਼ਿੰਮੇਵਾਰੀ ਆਇਦ ਕੀਤੀ ਕਿ ਜਦੋਂ ਵੀ ਨਾਗਰਿਕ ਕੰਮ ਦੀ ਮੰਗ ਕਰਨ, ਤਾਂ ਉਨ੍ਹਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾਵੇ। ਮਜ਼ਦੂਰੀ ਦੇ ਕੇਂਦਰੀਕ੍ਰਿਤ ਵਿੱਤੀ ਵਿਵਸਥਾ ਨੇ ਕਮਜ਼ੋਰ ਵਿੱਤੀ ਸਮਰੱਥਾ ਵਾਲੀਆਂ ਰਾਜ ਸਰਕਾਰਾਂ ਨੂੰ ਵਿੱਤੀ ਦਬਾਅ ਤੋਂ ਬਚਾਇਆ, ਜਦਕਿ ਗ੍ਰਾਮ ਸਭਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਯੋਜਨਾ ਬਣਾਉਣ ਤੇ ਲਾਗੂ ਕਰਨ ਦੇ ਕੇਂਦਰ ਵਿੱਚ ਸਥਾਪਿਤ ਕੀਤਾ। ਇਸ ਦੇ ਨਤੀਜੇ ਵਜੋਂ ਵਿਕੇਂਦਰੀਕਰਨ ਨੂੰ ਹੱਲਾਸ਼ੇਰੀ ਮਿਲੀ ਅਤੇ ਗ੍ਰਾਮ ਪੰਚਾਇਤਾਂ ਆਪਣੇ ਪੱਧਰ 'ਤੇ ਯੋਜਨਾਬੰਦੀ ਕਰਨ ਦੇ ਯੋਗ ਬਣੀਆਂ। ਸਮੇਂ ਦੇ ਨਾਲ ਨਾਲ ਮਨਰੇਗਾ ਖੇਤੀਬਾੜੀ ਸੰਕਟ, ਮੌਸਮੀ ਬਦਲਾਅ ਨਾਲ ਜੁੜੀਆਂ ਸਮੱਸਿਆਵਾਂ ਅਤੇ ਵਿਆਪਕ ਦਿਹਾਤੀ ਆਰਥਿਕ ਮੰਦੀ ਦੇ ਵਿਰੁੱਧ ਸੁਰੱਖਿਅਕ ਢਾਲ ਵਜੋਂ ਵੀ ਉਭਰਿਆ। ਕੋਵਿਡ-19 ਮਹਾਂਮਾਰੀ ਦੌਰਾਨ ਮਨਰੇਗਾ ਦੀ ਭੂਮਿਕਾ ਸਭ ਤੋਂ ਵੱਧ ਸਪਸ਼ਟ ਹੋਈ, ਜਦੋਂ ਇਹ ਲੱਖਾਂ ਵਾਪਸੀ ਕਰ ਚੁੱਕੇ ਪਰਵਾਸੀ ਮਜ਼ਦੂਰਾਂ ਲਈ ਇੱਕ ਜੀਵਨਰੇਖਾ ਸਾਬਤ ਹੋਈ।

ਮਨਰੇਗਾ ਪੇਂਡੂ ਵਿਕਾਸ ਲਈ ਜਰੂਰੀ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਵਿੱਚ ਵੀ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਆ ਰਿਹਾ ਹੈ, ਜਿਸ ਵਿੱਚ ਜਲ ਸਰੋਤਾਂ ਦਾ ਵਿਕਾਸ, ਸਮਾਜਿਕ ਵਰਣੀਕਰਨ, ਖੇਤੀਬਾੜੀ ਸਬੰਧੀ ਢਾਂਚਾ, ਆਵਾਜਾਈ ਤੇ ਸੰਪਰਕ ਸੁਵਿਧਾਵਾਂ, ਹੜ੍ਹਾਂ ਦੀ ਰੋਕਥਾਮ ਅਤੇ ਇਸ ਤਰ੍ਹਾਂ ਦੇ ਕਈ ਹੋਰ ਮਹੱਤਵਪੂਰਨ ਕਾਰਜ ਸ਼ਾਮਲ ਹਨ। ਇਹ ਇੱਕ ਪ੍ਰਗਤੀਸ਼ੀਲ ਯੋਜਨਾ ਹੈ, ਜੋ ਸਾਰੀ ਦਿਹਾਤੀ ਵਿਕਾਸ ਅਤੇ ਖੇਤੀ ਆਧਾਰਿਤ ਪੇਂਡੂ ਅਰਥਵਿਵਸਥਾ ਦੀ ਮਜਬੂਤੀ ਲਈ ਤਿਆਰ ਕੀਤੀ ਗਈ ਹੈ। ਨਾਲ ਹੀ ਮਨਰੇਗਾ ਵਿਕੇਂਦਰੀਕ੍ਰਿਤ ਸ਼ਾਸਨ ਤੇ ਯੋਜਨਾਬੰਦੀ ਨੂੰ ਹੱਲਾਸ਼ੇਰੀ ਪ੍ਰਧਾਨ ਕਰਦੀ ਹੈ, ਜਿੱਥੇ ਪੰਚਾਇਤੀ ਰਾਜ ਪ੍ਰਣਾਲੀ ਅਤੇ ਇਸ ਦੇ ਚੁਣੇ ਹੋਏ ਨੁਮਾਇੰਦੀਆਂ ਦੀ ਭੂਮਿਕਾ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ। ਅਸਲ ਵਿੱਚ ਮਨਰੇਗਾ ਸਿਰਫ ਇੱਕ ਮਜ਼ਦੂਰੀ ਪ੍ਰਦਾਨ ਕਰਨ ਵਾਲੀ ਯੋਜਨਾ ਨਹੀਂ ਸੀ, ਸਗੋਂ ਇਹ ਵਿਸ਼ਵਵਿਆਪੀਅਤਾ, ਵਿਕੇਂਦਰੀਕਰਨ ਅਤੇ ਰੋਜ਼ਗਾਰ ਨੂੰ ਪਿੰਡਾਂ ਵਿੱਚ ਨਾਗਰੀਕਤਾ ਦੀ ਬੁਨਿਆਦ ਮੰਨਣ ਵਾਲੀ ਰਾਜਨੀਤਕ ਵਚਨਬੱਧਤਾ ਦਾ ਪ੍ਰਤੀਕ ਸੀ। ਅੱਜ ਇਸੇ ਮੂਲ ਪ੍ਰਕਿਰਤੀ ਜਾਂ ਸੁਭਾਅ ਨੂੰ ਗੰਭੀਰਤਾ ਨਾਲ ਮੁੜ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ।

ਭਾਰਤ ਸਰਕਾਰ ਵੱਲੋਂ 16 ਦਸੰਬਰ 2025 ਨੂੰ ਲੋਕ ਸਭਾ ਦੇ ਸਰਦ ਰੁੱਤ ਦੇ ਸ਼ੈਸ਼ਨ ਵਿੱਚ ਰੋਜ਼ਗਾਰ ਅਤੇ ਅਜੀਵਿਕਾ ਮਿਸ਼ਨ ਲਈ ਵਿਕਸਿਤ ਗਾਰੰਟੀ (ਗ੍ਰਾਮੀਣ) ਬਿੱਲ, ਜੋ ਆਮ ਤੌਰ 'ਤੇ ਵੀਬੀ-ਜੀ-ਰਾਮ-ਜੀ ਯੋਜਨਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਪੇਸ਼ ਕੀਤਾ ਗਿਆ। ਇਸ ਬਿੱਲ ਨੂੰ ਵਿਆਪਕ ਤੌਰ 'ਤੇ ਮਨਰੇਗਾ ਦੀ ਥਾਂ ਲਿਆਂਦੇ ਜਾਣ ਵਾਲੀ ਯੋਜਨਾ ਵਜੋਂ ਵੇਖਿਆ ਜਾ ਰਿਹਾ ਹੈ। ਰੋਜ਼ਗਾਰ ਅਤੇ ਅਜੀਵਿਕਾ ਮਿਸ਼ਨ ਲਈ ਵਿਕਸਿਤ ਗਾਰੰਟੀ (ਗ੍ਰਾਮੀਣ)- ਵੀਬੀ-ਜੀ-ਰਾਮ-ਜੀ ਨੂੰ ਮਨਰੇਗਾ ਦੇ ਪੁਨਰਗਠਿਤ ਅਤੇ ਵਿਸਤ੍ਰਿਤ ਬਦਲ ਨੂੰ ਇੱਕ ਕਲਪਨਾ ਵਜੋਂ ਵੇਖਿਆ ਗਿਆ ਹੈ। ਇਸ ਯੋਜਨਾ ਦਾ ਮੂਲ ਉਦੇਸ਼ ਸਿਰਫ ਮਜ਼ਦੂਰੀ ਰੋਜ਼ਗਾਰ ਤੱਕ ਸੀਮਿਤ ਨਾ ਰਹਿ ਕੇ ਪੱਕੇ ਰੋਜ਼ਗਾਰ, ਹੁਨਰ ਵਿਕਾਸ ਅਤੇ ਦਿਹਾਤੀ ਉਤਪਾਦਕ ਅਰਥਵਿਵਸਥਾ ਦੀ ਸਿਰਜਣਾ ਕਰਨਾ ਹੈ। ਜਿੱਥੇ ਮਨਰੇਗਾ ਮੁੱਖ ਤੌਰ 'ਤੇ ਗੈਰ-ਹੁਨਰ ਮਜ਼ਦੂਰੀ ਰੋਜ਼ਗਾਰ ਦੀ ਕਾਨੂੰਨੀ ਗਾਰੰਟੀ 'ਤੇ ਆਧਾਰਿਤ ਸੀ, ਉਥੇ ਵੀਬੀ-ਜੀ-ਰਾਮ-ਜੀ ਯੋਜਨਾ ਰੋਜ਼ਗਾਰ, ਆਜੀਵਿਕਾ ਅਤੇ ਹੁਨਰ ਦੇ ਸੂਚਨਾਤਮਕ ਢਾਂਚੇ 'ਤੇ ਆਧਾਰਿਤ ਹੈ। ਇਸ ਅਧੀਨ ਪੇਂਡੂ ਨਾਗਰਿਕਾਂ ਨੂੰ ਸਿਰਫ ਕੰਮ ਹੀ ਨਹੀਂ, ਸਗੋਂ ਆਤਮਨਿਰਭਰ ਬਣਾਉਣ ਵਾਲੇ ਸਾਧਨ ਮੁਹੱਈਆ ਕਰਵਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ।

ਮਨਰੇਗਾ ਨੂੰ ਰੱਦ ਕਰਕੇ ਸਰਕਾਰ ਨੇ ਸਿਰਫ ਇੱਕ ਪ੍ਰਮੁੱਖ ਯੋਜਨਾ ਵਿੱਚ ਸੋਧ ਨਹੀਂ ਕੀਤੀ, ਸਗੋਂ ਪਿੰਡਾਂ ਲਈ ਰੋਜ਼ਗਾਰ ਨੀਤੀ ਦੇ ਮਕਸਦ ਨੂੰ ਹੀ ਨਵੀਂ ਪਰਿਭਾਸ਼ਾ ਦਿਤੀ ਹੈ। ਭਾਵੇਂ ਨਵਾਂ ਕਾਨੂੰਨ ਰੋਜ਼ਗਾਰ ਦੀ ਕਾਨੂੰਨੀ ਹੱਦ ਨੂੰ 125 ਦਿਨਾਂ ਤੱਕ ਵਧਾਉਂਦਾ ਹੈ, ਪਰ ਇਸ ਦੇ ਨਾਲ ਹੀ ਇਹ ਮਨਰੇਗਾ ਦੇ ਵਿੱਤੀ, ਪ੍ਰਸ਼ਾਸਕੀ ਤੇ ਸ਼ਾਸਨਕ ਢਾਂਚੇ ਵਿੱਚ ਮਹੱਤਵਪੂਰਨ ਤਬਦੀਲੀ ਲਿਆਉਂਦਾ ਹੈ।

ਇਸ ਬਦਲਾਅ ਦੇ ਕੇਂਦਰ ਵਿੱਚ ਨੀਤੀਕ ਸੋਚ ਦੀ ਇੱਕ ਡੂੰਘੀ ਤਬਦੀਲੀ ਸ਼ਾਮਲ ਹੈ। ਵੀਬੀ-ਜੀ-ਰਾਮ-ਜੀ ਯੋਜਨਾ ਤਹਿਤ ਰੋਜ਼ਗਾਰ ਨੂੰ ਮੁੱਖ ਤੌਰ 'ਤੇ ਕਾਨੂੰਨੀ ਹੱਕ ਜਾਂ ਆਰਥਿਕ ਮੰਦੀ ਦੇ ਸਮੇਂ ਸੁਰੱਖਿਆ ਜਾਲ ਵਜੋਂ ਨਹੀਂ ਦੇਖਿਆ ਜਾ ਰਿਹਾ, ਇਸ ਦੀ ਥਾਂ ਇਸ ਨੂੰ ਬੁਨਿਆਦੀ ਢਾਂਚਾ ਨਿਰਮਾਣ, ਉਤਪਾਦਨ ਵਿੱਚ ਵਾਧਾ ਅਤੇ ਵਿਕਸਿਤ ਭਾਰਤ-2024 ਦੇ ਟੀਚੇ ਨਾਲ ਜੁੜੀ ਲੰਮੇ ਸਮੇਂ ਦੀ ਆਰਥਿਕ ਤਬਦੀਲੀ ਦਾ ਸਾਧਨ ਬਣਾਇਆ ਗਿਆ ਹੈ। ਇਸ ਯੋਜਨਾ ਦੀ ਵਿੱਤੀ ਜ਼ਿੰਮੇਵਾਰੀ ਵਧੇਰੇ ਤੌਰ 'ਤੇ ਰਾਜ ਸਰਕਾਰਾਂ ਉੱਤੇ ਪਾਈ ਜਾ ਰਹੀ ਹੈ, ਮੰਗ ਆਧਾਰਿਤ ਪ੍ਰਤੀਕਿਰਿਆ ਨੂੰ ਬਜਟ ਸੀਮਾਵਾਂ ਨਾਲ ਬੰਨ੍ਹਿਆ ਜਾ ਰਿਹਾ ਹੈ ਅਤੇ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਕੇਂਦਰੀਕਰਨ ਵਧ ਰਿਹਾ ਹੈ।

ਇਹ ਸਾਰੇ ਬਦਲਾਅ ਰਲ ਕੇ ਸਰਵਵਿਆਪਕਤਾ ਅਤੇ ਕਾਨੂੰਨ ਲਾਗੂਕਰਨ ਦੇ ਉਨ੍ਹਾਂ ਸਿਧਾਂਤਾਂ ਨੂੰ ਕਮਜ਼ੋਰ ਕਰਦੇ ਹਨ, ਜਿਨ੍ਹਾਂ ਨੇ ਮਨਰੇਗਾ ਨੂੰ ਪੁਰਾਣੀਆਂ ਲੋਕ ਨੂੰ ਕੰਮ ਪ੍ਰਦਾਨ ਕਰਨ ਵਾਲੀ ਯੋਜਨਾ ਤੋਂ ਵੱਖਰਾ ਅਤੇ ਵਿਲੱਖਣ ਬਣਾਇਆ ਸੀ। ਨਵੀਂ ਯੋਜਨਾ ਦੇ ਹਮਾਇਤੀ ਇਸ ਨੂੰ ਕੁਸ਼ਲਤਾ, ਸੰਪੱਤੀ ਦੀ ਗੁਣਵੱਤਾ ਅਤੇ ਵਿਕਾਸਕਾਰ ਟੀਚਿਆਂ ਨਾਲ ਬਿਹਤਰ ਤਾਲਮੇਲ ਦਾ ਸਾਧਨ ਮੰਨ ਰਹੇ ਹਨ। ਇਸ ਦੇ ਉਲਟ, ਆਲੋਚਕਾਂ ਦਾ ਤਰਕ ਹੈ ਕਿ ਵਿਕੇਂਦਰੀਕਰਨ ਦੀ ਕਮਜ਼ੋਰੀ ਅਤੇ ਵਿੱਤੀ ਖਤਰੇ ਦਾ ਹੇਠਾਂ ਵੱਲ ਜਾਣਾ, ਖਾਸ ਕਰਕੇ ਗਰੀਬ ਤੇ ਉਚ ਪਰਵਾਸ ਵਾਲੇ ਰਾਜਾਂ ਵਿੱਚ ਖੇਤਰੀ ਅਸਮਾਨਤਾਵਾਂ ਨੂੰ ਹੋਰ ਡੂੰਘਾ ਕਰ ਸਕਦੀ ਹੈ।

ਇਸ ਨੀਤੀਗਤ ਬਦਲਾਅ ਦੇ ਪ੍ਰਭਾਵ ਸਿਰਫ ਮਜ਼ਦੂਰੀ ਜਾਂ ਕੰਮ ਦੇ ਦਿਨਾਂ ਤੱਕ ਸੀਮਿਤ ਨਹੀਂ ਰਹਿੰਦੇ ਸਗੋਂ ਇਹ ਪਿੰਡਾਂ ਦੇ ਮਜ਼ਦੂਰ ਅੱਡਿਆਂ, ਪਰਵਾਸ ਦੇ ਰੁਝਾਨਾਂ ਅਤੇ ਰਾਜ ਦੀ ਨਿਊਨਤਮ ਜੀਵਨ ਸੁਰੱਖਿਆ ਦੀ ਜ਼ਿੰਮੇਵਾਰੀ ਦੇ ਸੁਭਾਅ ਨੂੰ ਵੀ ਡੂੰਘੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਇਹ ਲੇਖ ਮਨਰੇਗਾ ਤੋਂ ਵੀਬੀ-ਜੀ ਰਾਮ-ਜੀ ਵੱਲ ਪੇਂਡੂ ਰੋਜ਼ਗਾਰ ਨੀਤੀ ਦੇ ਸਰੰਚਨਾ ਦੇ ਰੂਪਾਂਤਰਣ ਦੀ ਆਲੋਚਨਾਤਮਕ ਸਮੀਖਿਆ ਕਰਦਾ ਹੈ, ਤਾਂ ਜੋ ਵਿਸ਼ਲੇਸ਼ਣ ਕੀਤਾ ਜਾ ਸਕੇ ਕਿ ਕੀ ਭਾਰਤ ਪੇਂਡੂ ਰੋਜ਼ਗਾਰ ਨੀਤੀ ਵਿੱਚ ਪੱਕੇ ਤੌਰ 'ਤੇ ਆਧੁਨਿਕਤਾ ਵੱਲ ਵੱਧ ਰਿਹਾ ਹੈ, ਜਾਂ ਫਿਰ ਆਪਣੇ ਸਭ ਤੋਂ ਰੂਪਾਂਤਰਕ ਅਤੇ ਪ੍ਰਗਤੀਸ਼ੀਲ ਸਮਾਜਿਕ ਅਧਿਕਾਰਾਂ ਵਿੱਚੋਂ ਇੱਕ ਤੋਂ ਸ਼ਾਂਤ ਢੰਗ ਨਾਲ ਪਿੱਛੇ ਨੂੰ ਜਾ ਰਿਹਾ ਹੈ! ਇਸ ਬਦਲਾਅ ਦਾ ਨਤੀਜਾ ਨਾ ਸਿਰਫ ਪਿੰਡਾਂ ਦੇ ਵਿਕਾਸ ਦੀ ਭਵਿੱਖੀ ਦਿਸ਼ਾ ਨਿਰਧਾਰਤ ਕਰੇਗਾ, ਸਗੋਂ ਇਹ ਵੀ ਤੈਅ ਕਰੇਗਾ ਕਿ ਕੀ ਇਹ ਕਦਮ ਦਿਹਾਤੀ ਵਿਕਾਸ ਅਤੇ ਰੋਜ਼ਗਾਰ ਦੇ ਬੁਨਿਆਦੀ ਅਧਿਕਾਰਾਂ 'ਤੇ ਇੱਕ ਗੰਭੀਰ ਸੱਟ ਸਾਬਤ ਹੁੰਦਾ ਹੈ ਜਾਂ ਨਹੀਂ? ਰੋਜ਼ਗਾਰ ਤੇ ਅਜੀਵਿਕਾ ਮਿਸ਼ਨ ਲਈ ਵਿਕਸਿਤ ਗਾਰੰਟੀ (ਗ੍ਰਾਮੀਣ) ਬਿੱਲ ਪਾਠਕਾਂ ਦੀ ਸਹੂਲਤ ਲਈ ਮਨਰੇਗਾ ਅਤੇ ਇਸਦੇ ਉਤਰਾਧਿਕਾਰੀ ਵੀਬੀ-ਜੀ ਰਾਮ-ਜੀ ਦੀਆਂ ਵਿਸ਼ੇਸ਼ਤਾਵਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਪੇਸ਼ ਕੀਤਾ ਜਾ ਰਿਹਾ ਹੈ (ਦੇਖੋ ਖਾਕਾ)।

### ਮਨਰੇਗਾ ਅਤੇ ਵੀਬੀ-ਜੀ-ਰਾਮ-ਜੀ ਵਿਚਕਾਰ ਮੁਢਲੇ ਅੰਤਰ ਹਨ:

| ਪੱਖ | ਮਨਰੇਗਾ | ਵੀਬੀ-ਜੀ-ਰਾਮ-ਜੀ |
|---|---|---|
| ਵਿਸ਼ੇਸ਼ਤਾ | ਅਧਿਕਾਰ ਆਧਾਰਿਤ ਕਾਨੂੰਨ | ਵਿਕਾਸਆਤਮਕ ਮਿਸ਼ਨ ਆਧਾਰਿਤ ਯੋਜਨਾ |
| ਰੋਜ਼ਗਾਰ ਦੀ ਗਾਰੰਟੀ | ਮੰਗ ਅਨੁਸਾਰ ਰੋਜ਼ਗਾਰ ਕਾਨੂੰਨੀ ਹੱਕ | ਮੰਗ ਅਨੁਸਾਰ ਕੋਈ ਗਾਰੰਟੀ ਨਹੀਂ, ਨਿਰਧਾਰਤ ਹੱਦ |
| ਰੋਜ਼ਗਾਰ ਦੇ ਦਿਨ | 100 ਦਿਨ ਪ੍ਰਤੀ ਘਰ | 125 ਦਿਨ (ਪਰ ਸੀਮਤ ਵੰਡ) |
| ਵਿੱਤੀ ਸਹਾਇਤਾ | ਮਜ਼ਦੂਰੀ ਦੀ ਲਾਗਤ ਕੇਂਦਰ ਸਰਕਾਰ ਵੱਲੋਂ | ਮਜ਼ਦੂਰੀ ਦੀ ਲਾਗਤ ਰਾਜ ਸਰਕਾਰਾਂ ਵੱਲੋਂ (ਵਾਧੂ ਵਿੱਤੀ ਭਾਰ) |
| ਕਾਰਜਕਾਰੀ ਤਰਕ | ਮੰਗ-ਆਧਾਰਿਤ | ਸੀਮਾ ਆਧਾਰਿਤ |
| ਮੁੱਖ ਉਦੇਸ਼ | ਆਮਦਨ ਸੁਰੱਖਿਆ ਅਤੇ ਰੋਜ਼ਗਾਰ | ਬੁਨਿਆਦੀ ਢਾਂਚਾ, ਉਤਪਾਦਕਤਾ, ਵਿਕਾਸ |
| ਰਾਜ ਸਰਕਾਰਾਂ ਦੀ ਭੂਮਿਕਾ | ਸੀਮਤ ਵਿੱਤੀ ਜੋਖਮ | ਵੱਧ ਵਿੱਤੀ ਜੋਖਮ ਅਤੇ ਜ਼ਿੰਮੇਵਾਰੀ |
| ਦਿਹਾਤੀ ਸੰਕਟ ਸਮੇਂ ਪ੍ਰਭਾਵ | ਰੋਜ਼ਗਾਰ ਵਧਾਉਣਾ ਸੰਭਵ | ਰੋਜ਼ਗਾਰ ਵਧਾਉਣਾ ਸੀਮਿਤ ਹੋ ਸਕਦਾ ਹੈ |

### ਮਨਰੇਗਾ ਅਤੇ ਵੀਬੀ-ਜੀ-ਰਾਮ-ਜੀ ਦੀ ਤੁਲਨਾਤਮਕ ਸਮੀਖਿਆ

**1. ਸੁਭਾਅ:** ਮਨਰੇਗਾ ਅਤੇ ਵੀਬੀ-ਜੀ-ਰਾਮ-ਜੀ ਵਿੱਚ ਤਬਦੀਲੀ ਭਾਰਤ ਦੇ ਦਿਹਾਤੀ ਰੋਜ਼ਗਾਰ ਢਾਂਚੇ ਦੇ ਇੱਕ ਅਹਿਮ ਪੁਨਰਗਠਨ ਨੂੰ ਦਰਸ਼ਾਉਂਦੀ ਹੈ। ਮਨਰੇਗਾ ਇੱਕ ਅਧਿਕਾਰ-ਆਧਾਰਤ ਕਾਨੂੰਨ ਵਜੋਂ ਤਿਆਰ ਕੀਤਾ ਗਿਆ ਸੀ, ਜਿਸ ਤਹਿਤ ਇੱਕ ਵਿੱਤੀ ਸਾਲ ਵਿੱਚ ਪ੍ਰਤੀ ਪੇਂਡੂ ਪਰਿਵਾਰ ਨੂੰ ਘੱਟੋ-ਘੱਟ 100 ਦਿਨਾਂ ਦੀ ਮਜ਼ਦੂਰੀ ਰੋਜ਼ਗਾਰ ਦੀ ਗਾਰੰਟੀ ਦਿੱਤੀ ਜਾਂਦੀ ਸੀ। ਇਸ ਦਾ ਮੁੱਖ ਉਦੇਸ਼ ਪੇਂਡੂ ਖੇਤਰਾਂ ਵਿੱਚ ਰੋਜ਼ੀ ਰੋਟੀ ਅਤੇ ਆਮਦਨ ਸੁਰੱਖਿਆ ਮੁਹੱਈਆ ਕਰਵਾਉਣਾ ਸੀ। ਮਨਰੇਗਾ ਅਧੀਨ, ਰੋਜ਼ਗਾਰ ਇੱਕ ਕਾਨੂੰਨੀ ਹੱਕ ਸੀ, ਜੋ ਕਿਸੇ ਵੀ ਬਾਲਗ ਲਈ ਮੰਗ 'ਤੇ ਉਪਲਬਧ ਹੈ, ਜੋ ਗੈਰ-ਹੁਨਰਮੰਦ ਹੱਥ ਨਾਲ ਕੰਮ ਕਰਨ ਲਈ ਤਿਆਰ ਹੋਵੇ। ਇਸ ਦੇ ਉਲਟ ਵੀਬੀ-ਜੀ-ਰਾਮ-ਜੀ ਦਿਹਾਤੀ ਰੋਜ਼ਗਾਰ ਨੂੰ 'ਵਿਕਸਤ ਭਾਰਤ 2047' ਦੇ ਉਦੇਸ਼ਾਂ ਨਾਲ ਜੁੜੇ ਇੱਕ ਵਿਸ਼ਾਲ ਵਿਕਾਸ ਮਿਸ਼ਨ ਵਿੱਚ ਸਥਾਪਤ ਕਰਦਾ ਹੈ। ਇਹ ਰਸਮੀ ਤੌਰ 'ਤੇ ਰੋਜ਼ਗਾਰ ਦੀ ਕਾਨੂੰਨੀ ਹੱਦ ਨੂੰ 125 ਦਿਨਾਂ ਤੱਕ ਵਧਾਉਂਦਾ ਹੈ, ਪਰ ਉਦੇਸ਼ ਨੂੰ ਬੁਨਿਆਦੀ ਢਾਂਚਾ ਨਿਰਮਾਣ, ਉਤਪਾਦਕਤਾ ਵਿੱਚ ਵਾਧਾ ਅਤੇ ਲੰਮੇ ਸਮੇਂ ਦੀ ਆਰਥਿਕ ਤਬਦੀਲੀ ਵੱਲ ਕੇਂਦਰਿਤ ਕਰਦਾ ਹੈ।

**2. ਵਿੱਤੀ ਜ਼ਿੰਮੇਵਾਰੀ:** ਮਨਰੇਗਾ ਵਿੱਚ ਕੇਂਦਰ ਨੇ ਮਜ਼ਦੂਰੀ ਦੀ ਪੂਰੀ ਲਾਗਤ ਝੱਲੀ ਅਤੇ ਸਮੱਗਰੀ ਖਰਚਾ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ 75:25 ਦੇ ਅਨੁਪਾਤ ਵਿੱਚ ਵੰਡਿਆ। ਇਸ ਡਿਜ਼ਾਈਨ ਨੇ ਕਮਜ਼ੋਰ ਰਾਜ ਸਰਕਾਰਾਂ ਨੂੰ ਵਿੱਤੀ ਬੋਝ ਤੋਂ ਬਚਾਇਆ ਅਤੇ ਰੋਜ਼ਗਾਰ ਪ੍ਰਬੰਧ ਨੂੰ ਬਜਟ ਸੀਮਾਵਾਂ ਤੋਂ ਬਾਹਰ ਨਹੀਂ ਸੀਮਤ ਕੀਤਾ। ਵੀਬੀ-ਜੀ-ਰਾਮ-ਜੀ ਵਿੱਚ ਰਾਜ ਸਰਕਾਰਾਂ ਨੂੰ ਕੁੱਲ ਖਰਚ ਦਾ ਵੱਡਾ ਹਿੱਸਾ ਚੁਕਣ ਦੀ ਲੋੜ ਹੈ। ਮਿਸਾਲ ਵਜੋਂ, ਉਤਰੀ-ਪੂਰਬੀ ਅਤੇ ਹਿਮਾਲਿਅਨ ਰਾਜਾਂ ਲਈ 90:10 ਅਤੇ ਹੋਰ ਵਿਧਾਨ ਸਭਾ ਵਾਲੇ ਰਾਜਾਂ ਲਈ 60:40; ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ ਸਿਰਫ ਕੇਂਦਰੀ ਫੰਡ ਦਿੱਤਾ ਜਾਂਦਾ ਹੈ। ਇਸ ਨਾਲ ਰਾਜ ਸਰਕਾਰਾਂ ਉੱਤੇ ਵਿੱਤੀ ਜੋਖ਼ਮ ਵਧਦਾ ਹੈ, ਜਿਸ ਨਾਲ ਰੋਜ਼ਗਾਰ ਪੈਦਾ ਕਰਨ ਦੀ ਸਮਰੱਥਾ ਸੀਮਤ ਹੋ ਸਕਦੀ ਹੈ। ਇਸ ਤਰ੍ਹਾਂ ਯੋਜਨਾ ਦੀ ਲਾਗੂ ਕਰਨ ਦੀ ਸਮਰੱਥਾ ਸੀਮਤ ਹੋ ਜਾਂਦੀ ਹੈ ਅਤੇ ਰਾਜ ਸਰਕਾਰਾਂ ਨੂੰ ਕੇਂਦਰ ਦੀ ਨੀਤੀ ਤੇ ਫੰਡ ਐਲੋਕੇਸ਼ਨ 'ਤੇ ਜ਼ਿਆਦਾ ਨਿਰਭਰ ਹੋਣਾ ਪੈਂਦਾ ਹੈ। ਇਸ ਨਾਲ ਪਿੰਡਾਂ ਅਤੇ ਹਾਸ਼ੀਏ ਵਾਲੇ ਖੇਤਰਾਂ ਵਿੱਚ ਰੋਜ਼ਗਾਰ ਦੀ ਉਪਲਬਦਤਾ ਘੱਟ ਹੋ ਸਕਦੀ ਹੈ ਤੇ ਕਈ ਵਾਰੀ ਰਾਜ-ਕੇਂਦਰ ਦਰਮਿਆਨ ਵਿਰੋਧ ਦੀ ਸਥਿਤੀ ਵੀ ਬਣ ਸਕਦੀ ਹੈ। ਸਾਧਾਰਨ ਸ਼ਬਦਾਂ ਵਿੱਚ ਕੇਂਦਰ ਫੰਡ 'ਤੇ ਇੱਕ ਤਰਫ਼ਾ ਨਿਰਭਰਤਾ ਅਤੇ ਸਹਿਯੋਗ ਵਿੱਚ ਘਾਟ ਪੈਦਾ ਕਰਦੀ ਹੈ, ਜੋ ਰਾਜ ਅਤੇ ਕੇਂਦਰ ਦੇ ਸਬੰਧਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

**3. ਮੰਗ ਆਧਾਰਿਤ ਪ੍ਰਤੀਕਿਰਿਆ:** ਮਨਰੇਗਾ ਮੰਗ ਆਧਾਰਿਤ ਸੀ, ਜਿਸ ਵਿੱਚ ਰਾਜ ਸਰਕਾਰਾਂ ਨੂੰ ਕੰਮ ਦੀ ਮੰਗ ਕਰਨ 'ਤੇ ਰੋਜ਼ਗਾਰ ਮੁਹੱਇਆ ਕਰਵਾਉਣਾ ਲਾਜ਼ਮੀ ਸੀ। ਵੀਬੀ-ਜੀ-ਰਾਮ-ਜੀ ਵਿੱਚ ਇਹ ਪ੍ਰਕਿਰਿਆ ਬਜਟ ਸੀਮਾਵਾਂ ਨਾਲ ਬੰਨ੍ਹੀ ਹੈ, ਜਿਸ ਨਾਲ ਰਾਜ ਸਰਕਾਰਾਂ ਦੀ ਜਵਾਬਦੇਹੀ ਘੱਟ ਹੁੰਦੀ ਹੈ।

**4. ਕਾਨੂੰਨੀ ਲਾਗੂਕਰਨ:** ਮਨਰੇਗਾ ਤਹਿਤ 15 ਦਿਨਾਂ ਅੰਦਰ ਰੋਜ਼ਗਾਰ ਨਾ ਦਿੱਤੇ ਜਾਣ 'ਤੇ ਪਰਿਵਾਰ ਬੇਰੋਜ਼ਗਾਰੀ ਭੱਤੇ ਦੇ ਹੱਕਦਾਰ ਸਨ। ਵੀਬੀ-ਜੀ-ਰਾਮ-ਜੀ ਇਸ ਵਿੱਧੀ ਨੂੰ ਕਮਜ਼ੋਰ ਕਰਦਾ ਹੈ ਅਤੇ ਰੋਜ਼ਗਾਰ ਨੂੰ ਵਿੱਤੀ ਤੇ ਪ੍ਰਸ਼ਾਸਕੀ ਵਿਵੇਕ 'ਤੇ ਨਿਰਭਰ ਇੱਕ ਸ਼ਰਤੀਆ ਲਾਭ ਵਜੋਂ ਪਰਿਭਾਸ਼ਿਤ ਕਰਦਾ ਹੈ।

**5. ਕੰਮ ਦੀ ਉਪਲਬਧਤਾ ਅਤੇ ਪਾਬੰਦੀ:** ਮਨਰੇਗਾ ਨੇ ਦਿਹਾਤੀ ਘਰਾਂ ਨੂੰ ਸਾਲ ਭਰ ਕੰਮ ਕਰਨ ਦੀ ਮੰਗ ਨੂੰ ਮਨਜ਼ੂਰੀ ਦਿੱਤੀ। ਵੀਬੀ-ਜੀ-ਰਾਮ-ਜੀ ਵਿੱਚ ਰਾਜ ਸਰਕਾਰਾਂ ਨੂੰ ਮੌਸਮਾਂ ਦੇ ਅਨੁਸਾਰ ਖੇਤੀਬਾੜੀ ਦੇ ਕੰਮ ਦੇ ਸਮੇਂ ਨੂੰ ਨਿਰਧਾਰਿਤ ਕਰਨ ਦਾ ਅਧਿਕਾਰ ਹੈ।

**6. ਇਜਾਜ਼ਤਯੋਗ ਕੰਮ:** ਮਨਰੇਗਾ ਨੇ ਪਾਣੀ ਦੀ ਸੰਭਾਲ, ਸਿੰਚਾਈ, ਜਲ ਸਰੋਤਾਂ ਦੀ ਮੁਰੰਮਤ ਜਾਂ ਸੰਭਾਲ, ਭੂਮੀ ਵਿਕਾਸ ਅਤੇ ਹੜ੍ਹਾਂ ਦੀ ਰੋਕਥਾਮ ਵਰਗੇ ਕੰਮ ਦਿੱਤੇ। ਵੀਬੀ-ਜੀ-ਰਾਮ-ਜੀ ਵਿੱਚ ਕੰਮ ਚਾਰ ਵਿਸ਼ੇਗਤ ਸਾਰਨੀ ਵਿੱਚ ਵੰਡੇ ਗਏ ਹਨ:

- ਪਾਣੀ ਦੀ ਸੁਰੱਖਿਆ
- ਮੁੱਖ ਦਿਹਾਤੀ ਬੁਨਿਆਦੀ ਢਾਂਚਾ
- ਰੋਜ਼ੀ ਰੋਟੀ ਨਾਲ ਸਬੰਧਤ ਬੁਨਿਆਦੀ ਢਾਂਚਾ
- ਅਤਿ ਮੌਸਮੀ ਘਟਨਾਵਾਂ ਨੂੰ ਘਟਾਉਣਾ।

ਇਹ ਤਰਜੀਹਾਂ ਸਥਾਨਕ ਜ਼ਰੂਰਤਾਂ ਲਈ ਕੰਮ ਦੇ ਦਾਇਰੇ ਨੂੰ ਘਟਾਉਂਦੀਆਂ ਹਨ।

**7. ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ:** ਮਨਰੇਗਾ ਵਿੱਚ ਗ੍ਰਾਮ ਸਭਾਵਾਂ ਤੇ ਪੰਚਾਇਤਾਂ ਦੀ ਯੋਜਨਾਬੰਦੀ ਅਤੇ ਇਸ ਨੂੰ ਲਾਗੂ ਕਰਨ ਵਿੱਚ ਕੇਂਦਰ ਦੀ ਸ਼ਮੂਲੀਅਤ ਸੀ। ਵੀਬੀ-ਜੀ-ਰਾਮ-ਜੀ ਵਿੱਚ ਕੰਮ ਪ੍ਰਧਾਨ ਮੰਤਰੀ ਰਾਸ਼ਟਰੀ ਮਾਸਟਰ ਪਲਾਨ ਦੇ ਅੰਤਰਗਤ ਪੈਦਾ ਕੀਤਾ ਜਾਂਦਾ ਹੈ। ਇਸ ਨਾਲ ਵਿਕੇਂਦਰੀਕਰਨ ਘੱਟਦਾ ਹੈ, ਜਿਸ ਕਰਕੇ ਪੰਚਾਇਤੀ ਸੰਸਥਾਵਾਂ ਦੇ ਅਧਿਕਾਰ ਘੱਟ ਹੋ ਸਕਦੇ ਹਨ।

**8. ਤਕਨਾਲੋਜੀ ਅਤੇ ਡਿਜੀਟਲ ਸ਼ਾਸਨ:** ਮਨਰੇਗਾ ਵਿੱਚ ਦਸਤਾਵੇਜ਼ੀ ਪ੍ਰਕਿਰਿਆ ਅਤੇ ਸਮਾਜਿਕ ਆਡਿਟ ਲਾਜ਼ਮੀ ਸਨ। ਵੀਬੀ-ਜੀ-ਰਾਮ-ਜੀ ਵਿੱਚ ਡਿਜੀਟਲ ਈਵੋ ਸਿਸਟਮ, ਬਾਇਓਮੈਟ੍ਰਿਕ ਪ੍ਰਮਾਣਿਕਤਾ, ਜੀ.ਪੀ.ਐਸ., ਮੋਬਾਈਲ ਨਿਗਰਾਨੀ ਅਤੇ ਏ.ਆਈ. ਆਧਾਰਿਤ ਆਡਿਟਿੰਗ ਸ਼ਾਮਲ ਹਨ, ਪਰ ਡਿਜੀਟਲ ਦੀ ਸੀਮਤ ਜਾਣਕਾਰੀ ਹੋਣਾ, ਇਹ ਦਿਹਾਤੀ ਮਜ਼ਦੂਰਾਂ ਲਈ ਰੁਕਾਵਟ ਪੈਦਾ ਕਰ ਸਕਦੀ ਹਨ।

**9. ਜਵਾਬਦੇਹੀ:** ਮਨਰੇਗਾ ਵਿੱਚ ਸਮਾਜਿਕ ਆਡਿਟ ਜਵਾਬਦੇਹੀ ਨੂੰ ਸਖ਼ਤ ਬਣਾਉਂਦੀ ਸੀ। ਵੀਬੀ-ਜੀ-ਰਾਮ-ਜੀ ਵਿੱਚ ਤਕਨਾਲੋਜੀ ਆਧਾਰਿਤ ਨਿਗਰਾਨੀ ਨੂੰ ਵੱਧ ਕੇਂਦਰਿਤ ਕੀਤਾ ਗਿਆ ਹੈ, ਜਿਸ ਨਾਲ ਜਵਾਬਦੇਹੀ ਕਮਜ਼ੋਰ ਹੋ ਸਕਦੀ ਹੈ।

### ਵੀਬੀ-ਜੀ-ਰਾਮ-ਜੀ ਦਾ ਨਕਾਰਾਤਮਕ ਪ੍ਰਭਾਵ ਅਤੇ ਢਾਂਚਾਗਤ ਚਿੰਤਾਵਾਂ ਦਾ ਮੁਲੰਕਣ

**1. ਰਾਜ ਸਰਕਾਰਾਂ ਅਤੇ ਅੰਤਰਰਾਜੀ ਅਸਮਾਨਤਾ ਉੱਤੇ ਵਿੱਤੀ ਬੋਝ:** ਵੀਬੀ-ਜੀ-ਰਾਮ-ਜੀ ਢਾਂਚੇ ਹੇਠ ਰਾਜ ਸਰਕਾਰਾਂ ਉੱਪਰ ਰੱਖੀ ਗਈ ਵਿੱਤੀ ਜ਼ਿੰਮੇਵਾਰੀ ਵਿੱਚ ਕਾਫੀ ਵਾਧਾ ਹੋਇਆ ਹੈ। ਮਨਰੇਗਾ ਤਹਿਤ ਤਨਖਾਹਾਂ ਦੀ ਪੂਰੀ ਅਦਾਇਗੀ ਕੇਂਦਰ ਦੁਆਰਾ ਕੀਤੀ ਜਾਂਦੀ ਸੀ ਅਤੇ ਮੰਗ ਅਨੁਸਾਰ ਫੰਡ ਵਧਾਏ ਜਾਂਦੇ ਸਨ। ਇਸ ਦੇ ਉਲਟ ਵੀਬੀ-ਜੀ-ਰਾਮ-ਜੀ ਵਿੱਚ ਲਾਗਤ-ਵੰਡ ਅਨੁਪਾਤ ਅਤੇ ਆਦਰਸ਼ ਵੰਡ 'ਤੇ ਨਿਰਭਰਤਾ ਨੂੰ ਵਧਾਇਆ ਗਿਆ ਹੈ। ਇਸ ਤਬਦੀਲੀ ਨਾਲ ਗਰੀਬ ਤੇ ਵਿੱਤੀ ਤੌਰ 'ਤੇ ਸੀਮਤ ਰਾਜ, ਜਿੱਥੇ ਦਿਹਾਤੀ ਰੋਜ਼ਗਾਰ ਦੀ ਸਭ ਤੋਂ ਵੱਧ ਮੰਗ ਹੁੰਦੀ ਹੈ, ਫੰਡ ਦੇਣ 'ਚ ਅਸਮਰੱਥ ਹੋ ਸਕਦੇ ਹਨ। ਇੰਜ ਰੋਜ਼ਗਾਰ ਦੀ ਮਾਤਰਾ ਸੀਮਤ ਹੋ ਸਕਦੀ ਹੈ। ਨਤੀਜੇ ਵਜੋਂ ਗਾਰੰਟੀਸ਼ੁਦਾ ਰੋਜ਼ਗਾਰ ਤੱਕ ਪਹੁੰਚ ਰਾਜ ਸਰਕਾਰ ਦੀ ਵਿੱਤੀ ਸਮਰੱਥਾ ਅਤੇ ਰਾਜਨੀਤਿਕ ਤਰਜੀਹਾਂ 'ਤੇ ਨਿਰਭਰ ਹੋ ਸਕਦੀ ਹੈ, ਜੋ ਖੇਤਰੀ ਅਸਮਾਨਤਾ ਨੂੰ ਹੋਰ ਡੂੰਘਾ ਕਰ ਸਕਦੀ ਹੈ।

**2. ਰੋਜ਼ਗਾਰ ਦੀ ਗਾਰੰਟੀ ਦਾ ਕਮਜ਼ੋਰ ਹੋਣਾ:** ਜਦੋਂ ਕੇ ਵੀਬੀ-ਜੀ-ਰਾਮ-ਜੀ ਬਿੱਲ ਗਾਰੰਟੀਸ਼ੁਦਾ ਰੋਜ਼ਗਾਰ ਨੂੰ 100 ਤੋਂ 125 ਦਿਨਾਂ ਤੱਕ ਵਧਾਉਂਦਾ ਹੈ, ਕਈ ਢਾਂਚਾਗਤ ਵਿਸ਼ੇਸ਼ਤਾਵਾਂ ਇਸ ਗਾਰੰਟੀ ਨੂੰ ਕਮਜ਼ੋਰ ਕਰਦੀਆਂ ਹਨ। ਮੰਗ ਆਧਾਰਿਤ ਢਾਂਚੇ ਤੋਂ ਮਨਰੇਗਾ ਨੂੰ ਹਟਾਉਣਾ ਇਸ ਦੇ ਅਧਿਕਾਰ ਆਧਾਰਿਤ ਲਾਗੂਕਰਨ ਦੇ ਕਾਨੂੰਨ ਨੂੰ ਘਟਾਉਂਦਾ ਹੈ। ਇਹ ਪਾਬੰਦੀਆਂ ਖੇਤੀਬਾੜੀ ਦੇ ਉੱਚ ਮੌਸਮੀ ਸਮੇਂ ਦੌਰਾਨ ਮਜ਼ਦੂਰਾਂ ਦੇ ਰੋਜ਼ਗਾਰ ਦਾ ਦਾਅਵਾ ਕਰਨ ਦੀ ਯੋਗਤਾ ਨੂੰ ਸੀਮਤ ਕਰਦਾ ਹੈ।

**3. ਵਿਕੇਂਦਰੀਕ੍ਰਿਤ ਅਤੇ ਭਾਗੀਦਾਰੀ ਦੇ ਸ਼ਾਸਨ ਦਾ ਖਾਤਮਾ:** ਮਨਰੇਗਾ ਹੇਠ ਗ੍ਰਾਮ ਸਭਾਵਾਂ ਅਤੇ ਪੰਚਾਇਤਾਂ ਨੂੰ ਯੋਜਨਾਬੰਦੀ ਅਤੇ ਕੰਮ ਦੀ ਚੋਣ ਕਰਨ ਵਿੱਚ ਪ੍ਰਮੁੱਖ ਭੂਮਿਕਾ ਦਿੱਤੀ ਗਈ ਸੀ। ਵੀਬੀ-ਜੀ-ਰਾਮ-ਜੀ ਵਿੱਚ ਕੇਂਦਰੀ ਏਕੀਕਰਨ ਵੱਧ ਗਿਆ ਹੈ ਜਿਵੇਂ ਕਿ ਪੀ.ਐਮ. ਗਤੀਸ਼ਕਤੀ ਮਾਸਟਰ ਯੋਜਨਾ ਨਾਲ ਏਕੀਕਰਨ। ਇਹ ਸਥਾਨਕ ਤੌਰ 'ਤੇ ਸਬੰਧਤ ਕੰਮਾਂ ਨੂੰ ਹਾਸ਼ੀਏ 'ਤੇ ਪਾ ਸਕਦਾ ਹੈ ਅਤੇ ਭਾਈਚਾਰਕ ਮਾਲਕੀ ਤੇ ਜਵਾਬਦੇਹੀ ਨੂੰ ਕਮਜ਼ੋਰ ਕਰ ਸਕਦਾ ਹੈ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

**ਭਖਦਾ ਸਵਾਲ**

# ਕੀ ਨਵਾਬ ਆਸਫੁੱਦੌਲਾ ਦੇ ਰੋਜ਼ਗਾਰ ਮਾਡਲ ਤੋਂ 'ਨਿਊ ਇੰਡੀਆ' ਕੁਝ ਸਿੱਖ ਸਕਦਾ ਹੈ?

**ਕ੍ਰਿਸ਼ਨ ਪ੍ਰਤਾਪ ਸਿੰਘ**
**(ਸੀਨੀਅਰ ਪੱਤਰਕਾਰ)**

ਜਦੋਂ ਵੀ ਕਿਸੇ ਬਜਟ ਵਿੱਚ ਆਮ ਲੋਕਾਂ ਦੀ ਰੋਜ਼ੀ-ਰੋਟੀ ਨਾਲ ਜੁੜੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਜਾਂ ਉਨ੍ਹਾਂ 'ਤੇ ਢੰਗ ਨਾਲ ਗੱਲ ਨਹੀਂ ਹੁੰਦੀ ਅਤੇ ਸਰਕਾਰ ਸਿਰਫ਼ ਜੀ.ਡੀ.ਪੀ. ਵਧਣ ਦੇ ਅੰਕੜਿਆਂ 'ਤੇ ਮਾਣ ਕਰਦੀ ਹੈ; ਬਿਨਾਂ ਇਹ ਸੋਚੇ ਕਿ ਉਸ ਵਾਧੇ ਦੇ ਅਨੁਪਾਤ ਵਿੱਚ ਨਵੇਂ ਰੋਜ਼ਗਾਰ ਪੈਦਾ ਨਹੀਂ ਹੋ ਰਹੇ ਤਾਂ ਅਵਧ ਦੇ ਇਤਿਹਾਸ ਨੂੰ ਜਾਣਨ ਵਾਲਿਆਂ ਨੂੰ ਲਾਜ਼ਮੀ ਤੌਰ 'ਤੇ ਨਵਾਬ ਆਸਫੁੱਦੌਲਾ ਦੀ ਯਾਦ ਆਉਂਦੀ ਹੈ। 1784 ਦੇ ਭਿਆਨਕ ਅਕਾਲ ਦੌਰਾਨ ਨਵਾਬ ਆਸਫੁੱਦੌਲਾ ਨੇ ਜੋ ਰੋਜ਼ਗਾਰ ਮਾਡਲ ਲਾਗੂ ਕੀਤਾ ਸੀ, ਉਹ ਅੱਜ ਦੇ ਮਨਰੇਗਾ ਵਰਗਾ ਹੀ ਸੀ ਅਤੇ ਬਹੁਤ ਸਫ਼ਲ ਮੰਨਿਆ ਜਾਂਦਾ ਹੈ।

ਨਰਿੰਦਰ ਮੋਦੀ ਸਰਕਾਰ ਦੇ ਤਾਜ਼ਾ ਬਜਟ ਸਮੇਂ ਇਹ ਯਾਦ ਹੋਰ ਵੀ ਤਿੱਖੀ ਹੋ ਜਾਂਦੀ ਹੈ। ਇਸ ਦੇ ਦੋ ਵੱਡੇ ਕਾਰਨ ਹਨ: ਪਹਿਲਾ, ਬਜਟ ਤੋਂ ਪਹਿਲਾਂ ਹੀ ਸਰਕਾਰ ਨੇ ਦੇਸ਼ ਦੀ ਸਭ ਤੋਂ ਵੱਡੀ ਅਤੇ ਪ੍ਰਭਾਵਸ਼ਾਲੀ ਰੋਜ਼ਗਾਰ ਯੋਜਨਾ ਮਨਰੇਗਾ ਦਾ ਨਾਂ ਤੇ ਸਰੂਪ ਬਦਲ ਦਿੱਤਾ। ਇਸ ਨਾਲ ਇਹ ਯੋਜਨਾ ਆਪਣੇ ਮੂਲ ਮਕਸਦ ਤੋਂ ਹੀ ਭਟਕ ਗਈ ਅਤੇ ਕੰਮ ਦੀ ਗਾਰੰਟੀ ਲਗਭਗ ਬੇਅਰਥ ਹੋ ਕੇ ਰਹਿ ਗਈ। ਦੂਜਾ ਕਾਰਨ ਇਹ ਹੈ ਕਿ ਤਾਜ਼ਾ ਬਜਟ ਤੋਂ ਰੋਜ਼ਗਾਰ ਸਿਰਜਣ ਬਾਰੇ ਕੋਈ ਵੱਡੀ ਉਮੀਦ ਨਹੀਂ ਬਣਦੀ।

ਇਸ ਪਿਛੋਕੜ 'ਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਜੇ ਇੱਕ ਰਾਜਤੰਤਰ ਦੇ ਦੌਰ 'ਚ ਨਵਾਬ ਆਸਫੁੱਦੌਲਾ ਵਰਗੀ ਹਕੂਮਤ ਆਪਣੇ ਸਮੇਂ 'ਚ ਸਭ ਨੂੰ ਕਬੂਲ ਹੋਣ ਵਾਲਾ ਰੋਜ਼ਗਾਰ ਮਾਡਲ ਦੇ ਸਕਦੀ ਸੀ ਤਾਂ ਲੋਕਤੰਤਰ ਰਾਹੀਂ ਆਈ ਮੋਦੀ ਸਰਕਾਰ ਉਸ ਤੋਂ ਕੁਝ ਵੀ ਸਿੱਖਣ ਤੋਂ ਕਿਉਂ ਕਤਰਾਉਂਦੀ ਹੈ? ਕੀ ਇਸ ਦਾ ਕਾਰਨ ਇਹ ਹੈ ਕਿ ਉਹ ਮਾਡਲ ਅਸਲ ਵਿੱਚ ਮਨਰੇਗਾ ਵਰਗਾ ਹੀ ਸੀ; ਜਿਸਨੂੰ ਮੋਦੀ ਸਰਕਾਰ ਨੇ ਬਿਨਾਂ ਲੋੜ ਆਪਣੀਆਂ ਰੰਜਿਸ਼ਾਂ ਅਤੇ ਬਦਨੀਅਤਾਂ ਦਾ ਸ਼ਿਕਾਰ ਬਣਾ ਦਿੱਤਾ?

### ਅਕਾਲ, ਰੋਜ਼ਗਾਰ ਅਤੇ ਆਤਮ-ਸਨਮਾਨ

1784 ਦੇ ਅਕਾਲ ਦੌਰਾਨ ਨਵਾਬ ਆਸਫੁੱਦੌਲਾ ਦੀ ਹਕੂਮਤ ਨੇ ਲੋਕਾਂ ਨੂੰ ਕੰਮ ਦੇ ਕੇ ਮਜ਼ਦੂਰੀ ਦਿੱਤੀ। ਇਹ ਸਹਾਇਤਾ ਖੈਰਾਤ ਦੇ ਰੂਪ ਵਿੱਚ ਨਹੀਂ ਸੀ, ਸਗੋਂ ਮਿਹਨਤ ਦੇ ਬਦਲੇ ਰੋਜ਼ਗਾਰ ਸੀ। ਖ਼ਾਸ ਗੱਲ ਇਹ ਸੀ ਕਿ ਇਸ ਯੋਜਨਾ 'ਚ ਸਿਰਫ਼ ਅਕੁਸ਼ਲ ਮਜ਼ਦੂਰ ਹੀ ਨਹੀਂ, ਸਗੋਂ ਕਾਰੀਗਰ, ਕਲਾਕਾਰ, ਲੇਖਕ, ਸ਼ਾਇਰ ਅਤੇ ਬੁੱਧੀਜੀਵੀ ਵੀ ਸ਼ਾਮਲ ਕੀਤੇ ਗਏ। ਇਹ ਸਭ ਕੁਝ ਉਸ ਸਮੇਂ ਹੋਇਆ, ਜਦੋਂ ਨਾ ਲੋਕਤੰਤਰ ਦਾ ਦਬਾਅ ਸੀ, ਨਾ ਹੀ ਕਿਸੇ ਕਲਿਆਣਕਾਰੀ ਰਾਜ ਦੀ ਮਜਬੂਰੀ। ਫਿਰ ਵੀ ਇਹ ਕਦਮ ਕਲਿਆਣਕਾਰੀ ਸਨ ਅਤੇ ਟਿਕਾਊ ਵਿਕਾਸ ਵਾਲੇ ਵੀ। ਇਸ ਦਾ ਸਬੂਤ ਉਹ ਇਮਾਰਤਾਂ ਹਨ, ਜੋ ਉਸ ਦੌਰ 'ਚ ਬਣੀਆਂ ਅਤੇ ਅੱਜ ਵੀ ਖੜ੍ਹੀਆਂ ਹਨ।

ਇਤਿਹਾਸ ਗਵਾਹ ਹੈ ਕਿ ਇਸ ਮਾਡਲ ਨੇ ਇਕ ਪਾਸੇ ਲੋਕਾਂ ਨੂੰ ਭੁੱਖ ਨਾਲ ਮਰਨ ਤੋਂ ਬਚਾਇਆ, ਦੂਜੇ ਪਾਸੇ ਉਨ੍ਹਾਂ ਦੇ ਆਤਮ-ਸਨਮਾਨ ਦੀ ਰਾਖੀ ਵੀ ਕੀਤੀ।

***1784 ਦੇ ਭਿਆਨਕ ਅਕਾਲ ਦੇ ਸਮੇਂ ਅਵਧ ਸੂਬੇ ਦੇ ਨਵਾਬ ਆਸਫੁੱਦੌਲਾ ਦੀ ਹਕੂਮਤ ਨੇ ਲੋਕਾਂ ਨੂੰ ਰੋਜ਼ਗਾਰ ਦੇਣ ਲਈ ਜੋ ਕਦਮ ਚੁੱਕੇ, ਉਹ ਅੱਜ ਦੇ ਮਨਰੇਗਾ ਵਰਗੇ ਹੀ ਸਨ। ਲੋਕਾਂ ਤੋਂ ਕੰਮ ਲਿਆ ਜਾਂਦਾ ਸੀ ਅਤੇ ਉਸ ਦੇ ਬਦਲੇ ਉਨ੍ਹਾਂ ਨੂੰ ਮਿਹਨਤਾਨਾ ਜਾਂ ਮਜ਼ਦੂਰੀ ਦਿੱਤੀ ਜਾਂਦੀ ਸੀ। ਇਸ ਪ੍ਰਬੰਧ ਨਾਲ ਇੱਕ ਪਾਸੇ ਤਾਂ ਇਸ ਅਕਾਲ ਦੌਰਾਨ ਬੇਅੰਤ ਲੋਕ ਭੁੱਖ ਨਾਲ ਮਰਨ ਤੋਂ ਬਚ ਗਏ, ਦੂਜੇ ਪਾਸੇ ਉਨ੍ਹਾਂ ਦੇ ਆਤਮ-ਸਨਮਾਨ ਦੀ ਵੀ ਰਾਖੀ ਹੋਈ।***



ਇਸ ਲਈ ਕਈ ਇਤਿਹਾਸਕਾਰ ਇਸਨੂੰ 'ਇੱਜ਼ਤ ਨਾਲ ਰੋਜ਼ਗਾਰ' ਦਾ ਮਾਡਲ ਕਹਿੰਦੇ ਹਨ; ਜਿਸ ਵਿੱਚ ਨਾ ਖੈਰਾਤ ਸੀ, ਨਾ ਸਰਕਾਰ ਦੀ ਦਾਨਦਾਤਾ ਬਣਨ ਦੀ ਨਾਟਕਬਾਜ਼ੀ।

### ਖੈਰਾਤ ਨਹੀਂ, ਖ਼ੁੱਦਾਰੀ

ਕਹਿੰਦੇ ਹਨ ਕਿ ਅਕਾਲ ਦੇ ਸਮੇਂ ਨਵਾਬ ਦੇ ਸਾਹਮਣੇ ਸੁਝਾਅ ਆਇਆ ਕਿ ਖਜ਼ਾਨਾ ਖੋਲ੍ਹ ਕੇ ਲੋਕਾਂ ਨੂੰ ਖੈਰਾਤ ਦਿੱਤੀ ਜਾਵੇ, ਪਰ ਮੁਸ਼ਕਲ ਇਹ ਸੀ ਕਿ ਬਹੁਤ ਸਾਰੇ ਲੋਕ ਐਸੇ ਸਨ, ਜੋ ਖੈਰਾਤ ਨਾਲ ਜੀਊਣ ਨਾਲ਼ੋਂ ਮੌਤ ਨੂੰ ਤਰਜੀਹ ਦਿੰਦੇ ਸਨ। ਇਸ ਲਈ ਫ਼ੈਸਲਾ ਕੀਤਾ ਗਿਆ ਕਿ ਵੱਡੇ ਜਨਤਕ ਨਿਰਮਾਣ ਕਰਵਾਏ ਜਾਣ, ਤਾਂ ਜੋ ਲੋਕਾਂ ਨੂੰ ਕੰਮ ਮਿਲੇ। 'ਇਮਾਮਬਾੜਾ' ਅਤੇ 'ਭੁੱਲ-ਭੁੱਲੀਆਂ' ਦਾ ਨਿਰਮਾਣ ਇਸੇ ਸੋਚ ਦਾ ਨਤੀਜਾ ਸੀ। ਬਾਅਦ ਵਿੱਚ ਰੂਮੀ ਦਰਵਾਜ਼ਾ ਦਿਨ-ਰਾਤ ਬਣਾਇਆ ਗਿਆ।

ਰਾਤ ਨੂੰ ਉਹ ਲੋਕ ਕੰਮ ਕਰਦੇ ਸਨ, ਜੋ ਦਿਨ ਦੇ ਸਮੇਂ ਆਪਣੀ ਸਮਾਜਿਕ ਇੱਜ਼ਤ ਕਰ ਕੇ ਕੰਮ ਨਹੀਂ ਕਰ ਸਕਦੇ ਸਨ। ਕਈ ਵਾਰੀ ਉਹ ਰਾਤ ਨੂੰ ਦਿਨ ਦੀ ਬਣਤਰ ਨੂੰ ਪ੍ਰਤੀਕਾਤਮਕ ਤੌਰ 'ਤੇ ਢਾਹੁੰਦੇ ਵੀ ਸਨ; ਤਾਂ ਜੋ ਇੱਜ਼ਤ ਵੀ ਬਣੀ ਰਹੇ ਅਤੇ ਰੋਜ਼ਗਾਰ ਵੀ ਮਿਲੇ। ਇਸ ਤਰ੍ਹਾਂ ਅਕਾਲ ਦੇ ਦੌਰ 'ਚ ਬਣਿਆ ਰੂਮੀ ਦਰਵਾਜ਼ਾ ਅੱਜ ਵੀ ਪੁਰਾਣੇ ਲਖਨਊ ਦੀ ਪਛਾਣ ਬਣਿਆ ਹੋਇਆ ਹੈ।



**ਅਕਾਲ ਦੇ ਦੌਰ 'ਚ ਬਣਿਆ ਰੂਮੀ ਦਰਵਾਜ਼ਾ ਅੱਜ ਵੀ ਪੁਰਾਣੇ ਲਖਨਊ ਦੀ ਪਛਾਣ ਬਣਿਆ ਹੋਇਆ ਹੈ**

### ਦੂਜਾ ਪੱਖ ਵੀ

ਇਸ ਦਾ ਦੂਜਾ ਪੱਖ ਵੀ ਹੈ। ਕਈ ਇਤਿਹਾਸਕਾਰ ਮੰਨਦੇ ਹਨ ਕਿ ਇਹ ਮਾਡਲ ਸਿਰਫ਼ ਰਹਿਮ ਦਾ ਨਤੀਜਾ ਨਹੀਂ ਸੀ, ਸਗੋਂ ਈਸਟ ਇੰਡੀਆ ਕੰਪਨੀ ਦੇ ਭਾਰੀ ਦਬਾਅ ਕਾਰਨ ਨਵਾਬ ਦੀ ਮਜਬੂਰੀ ਵੀ ਸੀ। ਫਿਰ ਵੀ, ਕਮਜ਼ੋਰ ਖਜ਼ਾਨੇ ਦੇ ਬਾਵਜੂਦ ਨਵਾਬ ਨੇ ਆਪਣੀ ਰਿਆਇਆ ਨੂੰ ਬੇਸਹਾਰਾ ਨਹੀਂ ਛੱਡਿਆ। ਉਸ ਨੇ ਸੰਭਵ ਹੱਦ ਤੱਕ ਰਕਮ ਇਕੱਠੀ ਕਰ ਕੇ ਰੋਜ਼ਗਾਰ ਦੇ ਮਾਡਲ ਨੂੰ ਜਾਰੀ ਰੱਖਿਆ। ਇਤਿਹਾਸ ਦੱਸਦਾ ਹੈ ਕਿ ਇਸ ਨਾਲ ਲੋਕਾਂ 'ਚ ਅਸੰਤੋਖ ਘੱਟ ਹੋਇਆ ਅਤੇ ਨਵਾਬ ਆਪਣੀ ਰਿਆਇਆ ਦੀ ਨਜ਼ਰ 'ਚ ਅੰਗਰੇਜ਼ਾਂ ਨਾਲੋਂ ਵੱਡਾ ਰਾਖਾ ਬਣ ਕੇ ਉਭਰੇ।

### ਅਜੋਕੇ ਦੌਰ ਲਈ ਸਬਕ

ਅੱਜ ਦੇ ਭਾਰਤ ਵਿੱਚ ਰੋਜ਼ਗਾਰ ਦਾ ਸੰਕਟ ਕਿਸੇ ਅਕਾਲ ਨਾਲੋਂ ਘੱਟ ਨਹੀਂ। ਫ਼ਰਕ ਸਿਰਫ਼ ਇਹ ਹੈ ਕਿ ਅੱਜ ਭੁੱਖ ਦਿਖਦੀ ਘੱਟ ਹੈ ਪਰ ਬੇਰੁਜ਼ਗਾਰੀ, ਅਸਥਿਰ ਕੰਮ ਅਤੇ ਘਟਦੀ ਆਮਦਨ ਹਰ ਘਰ ਦੇ ਅੰਦਰ ਮੌਜੂਦ ਹੈ। ਸਰਕਾਰ ਜੀ.ਡੀ.ਪੀ. ਦੇ ਅੰਕੜਿਆਂ ਨਾਲ ਵਿਕਾਸ ਦੀ ਤਸਵੀਰ ਖਿੱਚਦੀ ਹੈ, ਪਰ ਇਹ ਨਹੀਂ ਦੱਸਿਆ ਜਾਂਦਾ ਕਿ ਇਸ ਵਿਕਾਸ ਨਾਲ ਆਮ ਨੌਜਵਾਨ ਨੂੰ ਕੰਮ ਕਿੰਨਾ ਮਿਲਿਆ। 'ਰੋਜ਼ਗਾਰਹੀਣ ਵਿਕਾਸ' ਅੱਜ ਦਾ ਸਭ ਤੋਂ ਵੱਡਾ ਸੱਚ ਬਣ ਚੁੱਕਾ ਹੈ। ਇਸ ਸੰਦਰਭ 'ਚ ਨਵਾਬ ਆਸਫੁੱਦੌਲਾ ਦਾ ਮਾਡਲ ਸਿਰਫ਼ ਇਤਿਹਾਸਕ ਕਹਾਣੀ ਨਹੀਂ, ਸਗੋਂ ਇੱਕ ਚੇਤਾਵਨੀ ਵੀ ਹੈ। ਉਸ ਮਾਡਲ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਸ ਨੇ ਲੋਕਾਂ ਨੂੰ ਮਦਦ ਨਹੀਂ, ਮੌਕਾ ਦਿੱਤਾ। ਖੈਰਾਤ ਦੀ ਥਾਂ ਮਿਹਨਤ ਦਾ ਸਨਮਾਨ ਕੀਤਾ। ਅੱਜ ਦੀਆਂ ਕਲਿਆਣਕਾਰੀ ਯੋਜਨਾਵਾਂ ਅਕਸਰ ਲੋਕਾਂ ਨੂੰ ਲਾਭਪਾਤਰੀ ਬਣਾ ਕੇ ਰੱਖਦੀਆਂ ਹਨ, ਨਾਗਰਿਕ ਨਹੀਂ।

ਮਨਰੇਗਾ ਦੀ ਅਸਲ ਆਤਮਾ ਵੀ ਇਹੀ ਸੀ; ਕੰਮ ਦੇ ਕੇ ਜੀਊਣ ਦਾ ਹੱਕ। ਪਰ ਜਦੋਂ ਇਸ ਨੂੰ ਸਿਰਫ਼ ਖਰਚਾ ਸਮਝਿਆ ਜਾਣ ਲੱਗੇ, ਜਾਂ ਇਸ ਦੀ ਮਜ਼ਦੂਰੀ ਮਹਿੰਗਾਈ ਦੇ ਮੁਕਾਬਲੇ ਥਾਂ 'ਤੇ ਜਮ੍ਹੀ ਰਹੇ, ਤਾਂ ਇਹ ਯੋਜਨਾ ਆਪਣਾ ਅਰਥ ਗੁਆ ਬੈਠਦੀ ਹੈ।

ਨਵਾਬ ਦੇ ਸਮੇਂ 'ਚ ਨਾ ਤਾਂ ਲੋਕਤੰਤਰ ਸੀ, ਨਾ ਹੀ ਵੋਟ ਦੀ ਰਾਜਨੀਤੀ। ਫਿਰ ਵੀ ਰਿਆਇਆ ਦੀ ਇੱਜ਼ਤ ਅਤੇ ਪੇਟ- ਦੋਵਾਂ ਦੀ ਚਿੰਤਾ ਕੀਤੀ ਗਈ। ਅੱਜ ਲੋਕਤੰਤਰ ਵਿੱਚ ਇਹ ਸਵਾਲ ਹੋਰ ਵੱਧ ਗੰਭੀਰ ਹੋ ਜਾਂਦਾ ਹੈ ਕਿ ਜਦੋਂ ਸਰਕਾਰ ਲੋਕਾਂ ਦੀ ਚੁਣੀ ਹੋਈ ਹੈ, ਤਾਂ ਰੋਜ਼ਗਾਰ ਜਿਹਾ ਬੁਨਿਆਦੀ ਹੱਕ ਹਾਸ਼ੀਏ 'ਤੇ ਕਿਉਂ ਹੈ? ਅਸਲ ਗੱਲ ਇਹ ਨਹੀਂ ਕਿ ਅਸੀਂ ਅਠਾਰਵੀਂ ਸਦੀ ਵੱਲ ਵਾਪਸ ਮੁੜੀਏ, ਸਗੋਂ ਇਹ ਹੈ ਕਿ ਅਸੀਂ ਉਥੋਂ ਮਨੁੱਖੀ ਸੋਚ ਸਿੱਖੀਏ। ਵਿਕਾਸ ਉਹੀ ਹੈ, ਜੋ ਇਨਸਾਨ ਨੂੰ ਇੱਜ਼ਤ ਨਾਲ ਜੀਊਣ ਦਾ ਸਾਧਨ ਦੇਵੇ। ਨਹੀਂ ਤਾਂ ਉੱਚੀ ਜੀ.ਡੀ.ਪੀ. ਵੀ ਖਾਲੀ ਅੰਕੜਾ ਹੀ ਰਹਿ ਜਾਂਦੀ ਹੈ।

## 'ਮਨਰੇਗਾ' ਤੋਂ 'ਜੀ-ਰਾਮ-ਜੀ' ਤੱਕ

**4. ਹੱਦ ਤੋਂ ਵੱਧ ਡਿਜੀਟਲ ਅਤੇ ਪ੍ਰਸ਼ਾਸਕੀ ਪਹੁੰਚ ਦੇ ਜੋਖਮ:** ਬਾਇਓਮੈਟ੍ਰਿਕ ਪ੍ਰਮਾਣਿਕਤਾ, ਡਿਜੀਟਲ ਨਿਗਰਾਨੀ ਅਤੇ ਏ.ਆਈ. 'ਤੇ ਨਿਰਭਰਤਾ ਵਧੇਰੀ ਦਖਲਅੰਦਾਜ਼ੀ ਦੇ ਖਤਰੇ ਨੂੰ ਪੈਦਾ ਕਰਦੀ ਹੈ। ਘੱਟ ਡਿਜੀਟਲ ਜਾਣਕਾਰੀ ਵਾਲੇ ਘਰਾਂ, ਔਰਤਾਂ, ਬਜ਼ੁਰਗਾਂ ਅਤੇ ਪਰਵਾਸੀ ਮਜ਼ਦੂਰ ਇਸ ਦਖਲਅੰਦਾਜੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ। ਇਸ ਤਰ੍ਹਾਂ ਦਿਹਾੜੀ ਵਿੱਚ ਦੇਰੀ, ਕੰਮ ਤੋਂ ਇਨਕਾਰੀ ਅਤੇ ਪਹੁੰਚਯੋਗਤਾ ਵਿੱਚ ਘਾਟ ਆ ਸਕਦੀ ਹੈ।

**5. ਨਾਮ ਬਦਲਣ ਦੇ ਪ੍ਰਤੀਕਆਤਮਕ ਅਤੇ ਸਾਰਥਕ ਪ੍ਰਭਾਵ:** ਮਨਰੇਗਾ ਦਾ ਨਾਮ ਬਦਲ ਕੇ ਵੀਬੀ-ਜੀ-ਰਾਮ-ਜੀ ਰੱਖਣਾ ਇਹ ਨਾ ਸਿਰਫ ਪ੍ਰਤੀਕਆਤਮਕ ਹੈ, ਸਗੋਂ ਇਸ ਦਾ ਸੰਸਥਾਗਤ ਨਿਰੰਤਰਤਾ ਅਤੇ ਜਨਤਕ ਮਾਨਤਾ ਉੱਤੇ ਵੀ ਪ੍ਰਭਾਵ ਪੈਂਦਾ ਹੈ। ਮਨਰੇਗਾ ਦੇ ਰੱਦ ਹੋਣ ਨਾਲ ਭਾਈਚਾਰਕ ਮਾਨਤਾ, ਕਾਨੂੰਨੀ ਵਿਰਾਸਤ ਅਤੇ ਅਧਿਕਾਰ-ਆਧਾਰਿਤ ਭਲਾਈ ਦੇ ਮੁੱਲ ਘਟ ਸਕਦੇ ਹਨ। ਇਹ ਪ੍ਰਤੀਕਆਤਮਕ ਤਬਦੀਲੀ ਦਿਹਾਤੀ ਰੋਜ਼ਗਾਰ ਨੂੰ ਸ਼ਰਤੀਆ, ਵਿਕਾਸ ਸਬੰਧੀ ਮੱਦਦ ਵੱਲ ਇੱਕ ਵਿਆਪਕ ਰੂਪ ਵਿੱਚ ਲੈ ਕੇ ਜਾ ਸਕਦੀ ਹੈ।

**6. ਸਮਾਜਿਕ ਸਰੋਕਾਰਾਂ ਵੱਲੋਂ ਵਿਰੋਧ ਅਤੇ ਗ੍ਰਾਮ ਸਭਾ ਦੀ ਭੂਮਿਕਾ ਘਟਾਉਣਾ:** ਆਲੋਚਕਾਂ ਦਾ ਦ੍ਰਿਸ਼ਟੀਕੋਣ ਹੈ ਕਿ ਨਵੀਂ ਯੋਜਨਾ ਨਾਲ ਕੇਂਦਰੀਕ੍ਰਿਤ ਯੋਜਨਾਬੰਦੀ ਵਧੇਗੀ ਅਤੇ ਗ੍ਰਾਮ ਸਭਾ-ਪੰਚਾਇਤਾਂ ਦੀ ਸਥਾਨਕ ਸਬੰਧਿਤ ਯੋਜਨਾਬੰਦੀ ਤੇ ਫੈਸਲੇ ਲੈਣ ਦੀ ਜਵਾਬਦੇਹੀ ਘੱਟ ਹੋ ਜਾਵੇਗੀ। ਇਸ ਨਾਲ ਲੋਕਤੰਤਰ ਦੀ ਭਾਗੀਦਾਰੀ ਪਿੱਛੇ ਹੋ ਸਕਦੀ ਹੈ।

**7. ਮੌਸਮੀ ਪਾਬੰਦੀਆਂ ਜਾਂ ਵਿਰਾਮ ਦੇ ਕਾਰਨ ਰੋਜ਼ਗਾਰ ਦੀ ਪਹੁੰਚ ਘੱਟ ਹੋਣਾ:** ਬਿੱਲ ਵਿੱਚ ਖੇਤੀਬਾੜੀ ਦੀਆਂ ਉੱਚ ਮੌਸਮੀ ਪਾਬੰਦੀਆਂ (ਜਿਵੇਂ 60 ਦਿਨਾਂ ਦਾ ਵਿਰਾਮ) ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਉਦਯੋਗਪੂਰਕ ਮਜ਼ਦੂਰਾਂ ਨੂੰ ਉਸ ਦੌਰਾਨ ਕੰਮ ਦੀ ਮੰਗ ਕਰਨ ਤੋਂ ਰੋਕਿਆ ਜਾ ਸਕਦਾ ਹੈ। ਖਾਸ ਕਰਕੇ ਜਦੋਂ ਖੇਤੀ ਤੋਂ ਇਲਾਵਾ ਗੈਰ-ਖੇਤੀ ਸਬੰਧੀ ਰੋਜ਼ਗਾਰ ਸੰਭਾਵਨਾਵਾਂ ਵੀ ਘੱਟ ਹੋਣ।

**8. ਹੱਕਦਾਰੀ ਅਤੇ ਨਿਆਂ ਦੀ ਭਾਵਨਾ ਘੱਟ ਹੋਣ ਦਾ ਖਦਸ਼ਾ:** ਕਈ ਸਮਾਜਿਕ ਕਲਿਆਣ ਸੰਸਥਾਵਾਂ ਨੇ ਦਾਅਵਾ ਕੀਤਾ ਹੈ ਕਿ ਵੀਬੀ-ਜੀ-ਰਾਮ-ਜੀ ਲੋਕਤੰਤਰਿਕ ਅਤੇ ਨਿਆਂ ਆਧਾਰਿਤ ਸਿਧਾਂਤਾਂ ਨੂੰ ਪਿੱਛੇ ਰੱਖਦਾ ਹੈ ਅਤੇ ਇਹ ਰਾਜ ਸੰਚਾਲਿਤ ਗੈਰ-ਅਪਰਾਧਿਕ ਪ੍ਰਬੰਧ (ਜਿਵੇਂ ਮਨਰੇਗਾ ਅਧੀਨ ਰੋਜ਼ਗਾਰ ਦੀ ਗਾਰੰਟੀ) ਦੀ ਸਮਰਥਾ ਨੂੰ ਘਟਾਉਂਦਾ ਹੈ।

### ਭਵਿੱਖੀ ਖਾਹਿਸ਼ਾਂ

ਪਹਿਲਾਂ ਮਨਰੇਗਾ ਢਾਂਚੇ ਹੇਠ ਪੇਂਡੂ ਪਰਿਵਾਰਾਂ ਨੂੰ ਕਾਨੂੰਨੀ ਤੌਰ 'ਤੇ ਸਮਾਜਿਕ ਅਧਿਕਾਰ ਵਜੋਂ ਰੋਜ਼ਗਾਰ ਦੀ ਗਾਰੰਟੀ ਦਿੱਤੀ ਜਾਂਦੀ ਸੀ। ਇਸ ਦੇ ਉਲਟ ਹੁਣ ਪ੍ਰਸਤਾਵਿਤ ਵੀਬੀ-ਜੀ-ਰਾਮ-ਜੀ ਬਿੱਲ ਸਿਰਫ ਇੱਕ ਸੁਧਾਰ ਨਹੀਂ ਸਗੋਂ ਪੇਂਡੂ ਰੋਜ਼ਗਾਰ ਨੀਤੀ ਦਾ ਇੱਕ ਬੁਨਿਆਦੀ ਪੁਨਰਗਠਨ ਦਰਸ਼ਾਉਂਦਾ ਹੈ। ਰਾਜ ਸਰਕਾਰਾਂ ਨੂੰ ਵਧੇਰੇ ਵਿੱਤੀ ਜ਼ਿੰਮੇਦਾਰੀ ਸਪੁਰਦ ਕਰਕੇ, ਵਿੱਤੀ ਸੀਮਾਵਾਂ ਰਾਹੀਂ ਮੰਗ-ਆਧਾਰਿਤ ਰੋਜ਼ਗਾਰ ਨੂੰ ਸੀਮਤ ਕਰਕੇ, ਯੋਜਨਾਬੰਦੀ ਪ੍ਰਕਿਰਿਆਵਾਂ ਨੂੰ ਕੇਂਦਰੀਕਰਨ ਕਰਕੇ ਅਤੇ ਆਮਦਨ ਸੁਰੱਖਿਆ ਦੀ ਬਜਾਏ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ ਮੁੱਖ ਤੌਰ 'ਤੇ ਇੱਕ ਸਾਧਨ ਵਜੋਂ ਰੋਜ਼ਗਾਰ ਨੂੰ ਮੁੜ ਪ੍ਰਭਾਸ਼ਿਤ ਕਰਕੇ, ਨਵਾਂ ਢਾਂਚਾ ਬੁਨਿਆਦੀ ਰੋਜ਼ਗਾਰ ਗਾਰੰਟੀ ਨੂੰ ਕਾਫ਼ੀ ਕਮਜ਼ੋਰ ਕਰਦਾ ਹੈ। ਹਾਲਾਂਕਿ ਦਿਹਾਤੀ ਰੋਜ਼ਗਾਰ ਨੂੰ ਲੰਮੇ ਸਮੇਂ ਦੇ ਵਿਕਾਸ ਉਦੇਸ਼ਾਂ ਨਾਲ ਜੋੜਨਾ ਇੱਕ ਅਹਿਮ ਨੀਤੀਗਤ ਟੀਚਾ ਹੈ, ਫਿਰ ਵੀ ਇਸ ਦੀ ਸਰਵਵਿਆਪਕਤਾ, ਕਾਨੂੰਨੀ ਲਾਗੂਕਰਨ ਅਤੇ ਵਿਕੇਂਦਰੀਕਰਨ ਦੀ ਕਮਜ਼ੋਰ ਸਮਾਜਿਕ ਸੁਰੱਖਿਆ ਜਾਲ ਵਜੋਂ ਸਮਾਨਤਾ, ਸਮਾਵੇਸ਼ ਅਤੇ ਰੋਜ਼ਗਾਰ ਗਾਰੰਟੀਆਂ ਦੀ ਨਿਰੰਤਰ ਸਾਰਥਕਤਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੀ ਹੈ।

ਮਨਰੇਗਾ ਦੇ ਢਾਂਚੇ ਵਿੱਚ ਕੀਤੀਆਂ ਯੋਜਨਾਬੱਧ ਤਬਦੀਲੀਆਂ ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ, ਕਿਉਂਕਿ ਇਹ ਯੋਜਨਾ ਸਿਰਫ ਇੱਕ ਭਲਾਈ ਉਪਾਅ ਨਹੀਂ, ਸਗੋਂ ਦਿਹਾਤੀ ਭਾਰਤ ਲਈ ਇੱਕ ਜੀਵਨ-ਰੇਖਾ ਹੈ, ਜੋ ਸੰਕਟ ਦੇ ਸਮੇਂ ਦੌਰਾਨ ਘੱਟੋ-ਘੱਟ ਆਮਦਨ ਸੁਰੱਖਿਆ ਦੀ ਗਾਰੰਟੀ ਦਿੰਦੀ ਹੈ। ਇਸ ਨੂੰ ਕਮਜ਼ੋਰ ਕਰਨ ਨਾਲ ਰੋਜ਼ਗਾਰ ਦੇ ਮੌਕੇ ਘੱਟ ਹੋ ਸਕਦੇ ਹਨ ਅਤੇ ਇਸ ਨਾਲ ਕਮਜ਼ੋਰ ਪਰਿਵਾਰਾਂ ਦੀ ਗਰੀਬੀ ਤੇ ਪਰਵਾਸ ਵੱਧ ਸਕਦਾ ਹੈ, ਅਤੇ ਦਿਹਾਤੀ ਰੋਜ਼ੀ-ਰੋਟੀ ਉੱਤੇ ਸਿੱਧਾ ਖ਼ਤਰਾ ਪੈਂਦਾ ਹੈ। ਇਹ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਵੀ ਕਮਜ਼ੋਰ ਕਰਦਾ ਹੈ, ਕਿਉਂਕਿ ਮਨਰੇਗਾ ਉਨ੍ਹਾਂ ਕੁਝ ਪ੍ਰੋਗਰਾਮਾਂ ਵਿੱਚੋਂ ਇੱਕ ਹੈ, ਜੋ ਕਾਨੂੰਨੀ ਤੌਰ 'ਤੇ ਗੈਰ-ਰਸਮੀ ਮਜ਼ਦੂਰਾਂ ਨੂੰ ਕੰਮ, ਸਮੇਂ ਸਿਰ ਉਜਰਤ ਅਤੇ ਬੁਨਿਆਦੀ ਅਧਿਕਾਰਾਂ ਦੀ ਗਾਰੰਟੀ ਵੀ ਦਿੰਦਾ ਹੈ। ਇਸ ਤੋਂ ਇਲਾਵਾ ਬਹੁਤ ਜ਼ਿਆਦਾ ਕੇਂਦਰੀ ਨਿਯੰਤਰਣ, ਦੇਰੀ ਨਾਲ ਫੰਡ ਜਾਰੀ ਕਰਨ ਅਤੇ ਇਕਪਾਸੜ ਨੀਤੀਗਤ ਤਬਦੀਲੀਆਂ ਰਾਜ ਸਰਕਾਰਾਂ ਦੀ ਯੋਗਤਾ ਨੂੰ ਸੀਮਤ ਕਰਦੀਆਂ ਹਨ। ਭਾਵੇਂ ਦਿਹਾਤੀ ਰੋਜ਼ਗਾਰ ਦੀ ਜ਼ਰੂਰਤ ਵੱਡੀ ਹੋਵੇ। ਇਸ ਲਈ ਮਨਰੇਗਾ ਦਾ ਕਮਜ਼ੋਰ ਹੋਣਾ ਨਾ ਸਿਰਫ ਆਰਥਿਕ ਮੁਸ਼ਕਲਾਂ ਦਾ ਖ਼ਤਰਾ ਹੈ, ਸਗੋਂ ਭਾਰਤ ਵਿੱਚ ਮਿਹਨਤ ਨਾਲ ਜਿੱਤੀਆਂ ਕਿਰਤ ਸੁਰੱਖਿਆਵਾਂ ਤੇ ਸਹਿਕਾਰੀ ਸੰਘਵਾਦ ਦੀ ਵਾਪਸੀ ਦਾ ਵੀ ਖ਼ਤਰਾ ਪੈਦਾ ਕਰਦਾ ਹੈ।

ਪਰਵਾਸ ਇਸ ਤਬਦੀਲੀ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ। ਇਤਿਹਾਸਕ ਤੌਰ 'ਤੇ ਮਨਰੇਗਾ ਨੇ ਕਮਜ਼ੋਰ ਖੇਤੀਬਾੜੀ ਮੌਸਮਾਂ ਦੌਰਾਨ ਸਥਾਨਕ ਰੋਜ਼ਗਾਰ ਨੂੰ ਪ੍ਰਦਾਨ ਕਰਕੇ ਖਾਸ ਕਰਕੇ ਆਰਥਿਕ ਸੰਕਟ ਨਾਲ ਜੂਝ ਰਹੀ ਰਾਜ ਸਰਕਾਰਾਂ ਵਿੱਚ ਸੰਕਟ ਪਰਵਾਸ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਨਾਲ ਦਿਹਾਤੀ ਪਰਿਵਾਰਾਂ ਨੂੰ ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਵਰਗੇ ਖ਼ੁਸ਼ਹਾਲ ਰਾਜਾਂ ਵਿੱਚ ਸ਼ਹਿਰੀ ਅਤੇ ਖੇਤੀਬਾੜੀ ਬਜ਼ਾਰਾਂ ਵਿੱਚ ਨੁਮਾਇੰਦੇ ਭੇਜਣ ਦੀ ਬਜਾਏ ਸਥਾਨਕ ਤੌਰ 'ਤੇ ਰੋਜ਼ੀ-ਰੋਟੀ ਕਾਇਮ ਰੱਖਣ ਦੀ ਯੋਗਤਾ ਮਿਲੀ। ਜੇਕਰ ਵੀਬੀ-ਜੀ-ਰਾਮ-ਜੀ ਵਿੱਤੀ ਜਾਂ ਪ੍ਰਸ਼ਾਸਕੀ ਰੁਕਾਵਟਾਂ ਕਾਰਨ ਭਰੋਸੇਯੋਗ ਰੋਜ਼ਗਾਰ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਸੰਕਟ ਸੰਚਾਲਿਤ ਪਰਵਾਸ ਇੱਕ ਵਾਰੀ ਫਿਰ ਤੇਜ਼ ਹੋ ਸਕਦਾ ਹੈ। ਦੂਜੇ ਪਾਸੇ, ਜੇ ਯੋਜਨਾ ਸਫਲਤਾਪੂਰਵਕ ਟਿਕਾਊ ਬੁਨਿਆਦੀ ਢਾਂਚਾ ਸਿਰਜਣ ਅਤੇ ਸਥਾਨਕ ਆਰਥਿਕ ਵਿਭਿੰਨਤਾ ਨੂੰ ਮਜਬੂਤ ਬਣਾਉਂਦੀ ਹੈ, ਤਾਂ ਸਮੇਂ ਦੇ ਨਾਲ ਲੰਬੀ ਦੂਰੀ ਦੇ ਪਰਵਾਸ ਲਈ ਆਰਥਿਕ ਮਜਬੂਰੀ ਘੱਟ ਸਕਦੀ ਹੈ।

ਕੁੱਲ ਮਿਲਾ ਕੇ ਮਨਰੇਗਾ ਤੋਂ ਵੀਬੀ-ਜੀ-ਰਾਮ-ਜੀ ਵੱਲ ਦਾ ਰੁਝਾਨ ਨਿਰੰਤਰਤਾ ਅਤੇ ਤਬਦੀਲੀ ਦੋਹਾਂ ਨੂੰ ਦਰਸਾਉਂਦਾ ਹੈ; ਜਦੋਂ ਕਿ ਦਿਹਾਤੀ ਰੋਜ਼ਗਾਰ ਦਾ ਮੁੱਖ ਉਦੇਸ਼ ਹੈ। ਰੋਜ਼ਗਾਰ ਦੀ ਭਰੋਸੇਯੋਗਤਾ, ਤਨਖਾਹ ਦੀ ਯੋਗਤਾ, ਰਾਜ ਦੀ ਵਿੱਤੀ ਸਮਰੱਥਾ ਅਤੇ ਪਰਵਾਸ ਗਤੀਸ਼ੀਲਤਾ ਸਬੰਧੀ ਮਹੱਤਵਪੂਰਨ ਸਵਾਲ ਪੈਦਾ ਕਰਦਾ ਹੈ। ਮਜ਼ਦੂਰਾਂ ਦੀ ਭਲਾਈ, ਗਰੀਬੀ ਘਟਾਉਣ, ਦਿਹਾਤੀ ਮਜ਼ਦੂਰ ਬਾਜ਼ਾਰਾਂ ਅਤੇ ਪਰਵਾਸ ਦੇ ਮਾਪਢੰਡਾਂ 'ਤੇ ਅੰਤਿਮ ਪ੍ਰਭਾਵ, ਖਾਸ ਕਰਕੇ ਉੱਚ ਆਊਟ-ਮਾਈਗ੍ਰੇਸ਼ਨ ਖੇਤਰਾਂ ਵਿੱਚ ਰਾਜ ਪੱਧਰੀ ਲਾਗੂਕਰਨ, ਵਿੱਤੀ ਪ੍ਰਬੰਧਨ ਦੀ ਪ੍ਰਭਾਵਸ਼ੀਲਤਾ ਅਤੇ ਭਾਰਤ ਦੇ ਵੱਖ-ਵੱਖ ਦਿਹਾਤੀ ਖੇਤਰਾਂ ਵਿੱਚ ਰੋਜ਼ਗਾਰ ਗਾਰੰਟੀਆਂ ਨੂੰ ਕਿਸ ਹੱਦ ਤੱਕ ਸਾਰਥਕ ਬਣਾਇਆ ਜਾ ਸਕਦਾ ਹੈ, ਇਸ 'ਤੇ ਨਿਰਭਰ ਕਰੇਗਾ।

---

***(*ਲੇਖਕ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਪ੍ਰਣਾਲੀ ਦੇ ਮਾਹਿਰ ਹਨ ਅਤੇ ਉਹ ਭਾਰਤ ਸਰਕਾਰ ਦੇ ਦਿਹਾਤੀ ਵਿਕਾਸ ਮੰਤਰਾਲੇ ਵਿੱਚ ਰਾਸ਼ਟਰੀ ਪੱਧਰ ਦੇ ਨਿਰੀਖਣ ਕਰਤਾ ਰਹਿ ਚੁੱਕੇ ਹਨ)***

# ਪਾਣੀ 'ਚ ਘੁਲਦੇ ਜ਼ਹਿਰ ਦਾ ਸੱਚ ਬੇਨਕਾਬ

## ਭਾਰਤ ਵਿੱਚ ਹਰ ਸਾਲ ਗੰਦਾ ਪਾਣੀ ਪੀਣ ਨਾਲ਼ ਹੁੰਦੀਆਂ ਨੇ 2 ਲੱਖ ਮੌਤਾਂ

ਪੰਜਾਬੀ ਪਰਵਾਜ਼ ਬਿਊਰੋ

ਇਨ੍ਹੀਂ ਦਿਨੀਂ ਭਾਰਤ ਦੇ ਵੱਖ-ਵੱਖ ਹਿਸਿਆਂ ਤੋਂ ਆਈਆਂ ਖ਼ਬਰਾਂ ਨੇ ਇੱਕ ਵੱਡਾ ਤੇ ਡਰਾਉਣਾ ਸੱਚ ਬੇਨਕਾਬ ਕਰ ਦਿੱਤਾ ਹੈ-ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਥਾਂ ਜ਼ਹਿਰ ਮਿਲ ਰਿਹਾ ਹੈ। ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਦੇ ਭਾਗੀਰਥਪੁਰਾ ਇਲਾਕੇ ਵਿੱਚ ਗੰਦਾ ਪਾਣੀ ਪੀਣ ਕਾਰਨ 1400 ਤੋਂ ਵੱਧ ਲੋਕ ਡਾਇਰੀਆ ਦਾ ਸ਼ਿਕਾਰ ਹੋਏ ਅਤੇ 17 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਥੋੜ੍ਹੇ ਹੀ ਸਮੇਂ ਬਾਅਦ ਗੁਜਰਾਤ ਵਿੱਚ ਵੀ ਇਸੇ ਤਰ੍ਹਾਂ ਦੀ ਘਟਨਾ ਵਾਪਰੀ, ਜਿੱਥੇ ਦਸ ਤੋਂ ਵੱਧ ਲੋਕ ਮਾਰੇ ਗਏ। ਉੱਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ ਵਿੱਚ ਵੀ ਗੰਦੇ ਪਾਣੀ ਕਾਰਨ ਸੈਂਕੜੇ ਲੋਕ ਬੀਮਾਰ ਹੋਏ।

ਸੋਚਣ ਵਾਲੀ ਗੱਲ ਇਹ ਹੈ ਕਿ ਇੰਦੌਰ ਨੂੰ 'ਦੇਸ਼ ਦਾ ਸਭ ਤੋਂ ਸਾਫ਼ ਸ਼ਹਿਰ' ਅਤੇ ਗੁਜਰਾਤ ਨੂੰ 'ਵਿਕਾਸ ਮਾਡਲ' ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ; ਪਰ ਹਕੀਕਤ ਇਹ ਹੈ ਕਿ ਇਹ ਸਾਰੇ ਸਰਟੀਫ਼ਿਕੇਟ ਹਕੂਮਤੀ ਪ੍ਰਚਾਰ ਅਤੇ ਕਾਰਪੋਰੇਟ ਮੀਡੀਆ ਦੀ ਪੈਦਾਵਾਰ ਹਨ। ਜ਼ਮੀਨੀ ਸੱਚ ਇਹ ਹੈ ਕਿ ਇਨ੍ਹਾਂ ਸ਼ਹਿਰਾਂ ਵਿੱਚ ਲੋਕ ਸਾਲਾਂ ਤੋਂ ਗੰਦਾ ਪਾਣੀ ਪੀਣ ਲਈ ਮਜਬੂਰ ਹਨ ਅਤੇ ਹੈਪੇਟਾਈਟਿਸ, ਟਾਇਫਾਇਡ, ਡਾਇਰੀਆ ਅਤੇ ਗੁਰਦਿਆਂ ਦੀਆਂ ਬੀਮਾਰੀਆਂ ਨਾਲ ਜੂਝ ਰਹੇ ਹਨ।

ਇੰਦੌਰ ਨਗਰ ਨਿਗਮ ਆਪਣੇ ਕੁੱਲ ਬਜਟ ਦਾ 25 ਤੋਂ 30 ਫ਼ੀਸਦੀ ਹਿੱਸਾ ਪਾਣੀ ਅਤੇ ਸਫ਼ਾਈ ਉੱਤੇ ਖਰਚ ਕਰਨ ਦਾ ਦਾਅਵਾ ਕਰਦਾ ਹੈ। ਇਹ ਰਕਮ ਹਜ਼ਾਰਾਂ ਕਰੋੜ ਰੁਪਏ ਤੱਕ ਪਹੁੰਚ ਚੁੱਕੀ ਹੈ। ਫਿਰ ਵੀ ਜੇ ਲੋਕਾਂ ਨੂੰ ਨਲਕਿਆਂ ਰਾਹੀਂ ਗੰਦਾ ਅਤੇ ਬਦਬੂਦਾਰ ਪਾਣੀ ਮਿਲਦਾ ਹੈ, ਤਾਂ ਸਾਫ਼ ਹੈ ਕਿ ਇਹ ਪੈਸਾ ਜਨਤਾ ਦੀ ਭਲਾਈ ਦੀ ਥਾਂ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਰਿਹਾ ਹੈ। ਲੋਕਾਂ ਵੱਲੋਂ ਸਾਲਾਂ ਤੋਂ ਕੀਤੀਆਂ ਗਈਆਂ ਸ਼ਿਕਾਇਤਾਂ ਨੂੰ ਅਣਡਿੱਠਾ ਕੀਤਾ ਗਿਆ ਹੈ। ਜਦੋਂ ਮੌਤਾਂ ਹੋਈਆਂ, ਤਦ ਵੀ ਸਰਕਾਰ ਨੇ ਮਸਲੇ ਨੂੰ ਗੰਭੀਰਤਾ ਨਾਲ ਲੈਣ ਦੀ ਥਾਂ ਲੀਪਾ-ਪੋਚੀ ਦੀ ਕੋਸ਼ਿਸ਼ ਕੀਤੀ।

ਇਹ ਸਿਰਫ਼ ਪ੍ਰਸ਼ਾਸਕੀ ਨਾਕਾਮੀ ਨਹੀਂ, ਸਗੋਂ ਇੱਕ ਐਸੀ ਪ੍ਰਣਾਲੀ ਦਾ ਨਤੀਜਾ ਹੈ ਜੋ ਮੁਨਾਫ਼ੇ ਨੂੰ ਮਨੁੱਖੀ ਜ਼ਿੰਦਗੀ ਤੋਂ ਉੱਪਰ ਰੱਖਦੀ ਹੈ। ਫਾਸ਼ਿਸਟ ਰੁਝਾਨਾਂ ਵਾਲੀ ਸਰਕਾਰ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਦੀ ਥਾਂ ਧਾਰਮਿਕ ਧਰੁਵੀਕਰਨ, ਨਫ਼ਰਤੀ ਮੁਹਿੰਮਾਂ ਅਤੇ ਝੂਠੇ ਮਸਲਿਆਂ ਵਿੱਚ ਰੁੱਝੀ ਰਹਿੰਦੀ ਹੈ। ਇੰਦੌਰ ਵਿੱਚ ਜਦੋਂ ਲੋਕ ਮਰ ਰਹੇ ਸਨ, ਉਸ ਵੇਲੇ ਸੱਤਾ ਧਿਰ ਦੇ ਨੇਤਾ ਅਤੇ ਕਾਰਕੁਨ ਗੈਰ-ਮਨੁੱਖੀ ਤਰੀਕੇ ਨਾਲ ਪੇਸ਼ ਆਏ। ਜ਼ਿੰਮੇਵਾਰ ਵੱਡੇ ਨੇਤਾਵਾਂ ਨੂੰ ਬਚਾਉਣ ਲਈ ਸਿਰਫ਼ ਹੇਠਲੇ ਕਰਮਚਾਰੀਆਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ।

ਇੰਦੌਰ ਜਾਂ ਗੁਜਰਾਤ ਦੀਆਂ ਘਟਨਾਵਾਂ ਕੋਈ ਇਕੱਲੀਆਂ ਨਹੀਂ ਹਨ। ਇਹ ਤਾਂ ਵੱਡੀ ਤਬਾਹੀ ਦੇ ਸਿਰਫ਼ ਸੰਕੇਤ ਹਨ। ਸਰਕਾਰੀ ਅੰਕੜਿਆਂ ਮੁਤਾਬਕ ਇੰਦੌਰ ਵਿੱਚ ਜਾਂਚੇ ਗਏ ਪਾਣੀ ਦੇ ਨਮੂਨਿਆਂ ਵਿੱਚ ਖ਼ਤਰਨਾਕ ਬੈਕਟੀਰੀਆ ਮਿਲੇ, ਜੋ ਪੀਣ ਯੋਗ ਮਿਆਰਾਂ ਤੋਂ ਕਈ ਗੁਣਾ ਵੱਧ ਸਨ। ਸ਼ਹਿਰ ਦਾ ਵੱਡਾ ਹਿੱਸਾ ਬਿਨਾਂ ਸਾਫ਼ ਕੀਤੇ ਗੰਦੇ ਪਾਣੀ ਨੂੰ ਸਿੱਧਾ ਦਰਿਆਵਾਂ ਅਤੇ ਜਲ ਸਰੋਤਾਂ ਵਿੱਚ ਛੱਡ ਰਿਹਾ ਹੈ।

ਗੁਜਰਾਤ ਵਿੱਚ ਵੀ 'ਨਲ ਤੋਂ ਜਲ' ਯੋਜਨਾ ਦੇ ਵੱਡੇ ਦਾਅਵਿਆਂ ਦੇ ਬਾਵਜੂਦ, ਅੱਧੇ ਤੋਂ ਵੱਧ ਘਰਾਂ ਤੱਕ ਸਾਫ਼ ਪੀਣ ਯੋਗ ਪਾਣੀ ਨਹੀਂ ਪਹੁੰਚਦਾ। ਕਈ ਜ਼ਿਲ੍ਹਿਆਂ ਵਿੱਚ ਤਾਂ ਇੱਕ ਵੀ ਘਰ ਅਜਿਹਾ ਨਹੀਂ ਜਿੱਥੇ ਨਲਕਿਆਂ ਰਾਹੀਂ ਸ਼ੁੱਧ ਪਾਣੀ ਮਿਲਦਾ ਹੋਵੇ। ਭਾਰੀ ਨਿਵੇਸ਼ਾਂ ਦੇ ਬਾਵਜੂਦ ਹਕੀਕਤ ਇਹ ਹੈ ਕਿ ਪਾਣੀ ਦੀ ਗੁਣਵੱਤਾ ਲਗਾਤਾਰ ਖ਼ਰਾਬ ਹੋ ਰਹੀ ਹੈ।

ਦੇਸ਼ ਪੱਧਰ 'ਤੇ ਹਾਲਤ ਹੋਰ ਵੀ ਡਰਾਉਣੀ ਹੈ। ਭਾਰਤ ਵਿੱਚ ਦੁਨੀਆ ਦੀ 18 ਫ਼ੀਸਦੀ ਆਬਾਦੀ ਰਹਿੰਦੀ ਹੈ, ਪਰ ਸਾਫ਼ ਮਿੱਠੇ ਪਾਣੀ ਦੇ ਸਰੋਤ ਸਿਰਫ਼ 4 ਫ਼ੀਸਦੀ ਹਨ। ਨੀਤੀ ਆਯੋਗ ਦੀ ਰਿਪੋਰਟ ਮੁਤਾਬਕ 82 ਕਰੋੜ ਲੋਕਾਂ ਨੂੰ ਪਾਣੀ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਸਾਲ ਲਗਭਗ ਦੋ ਲੱਖ ਲੋਕ ਸਿਰਫ਼ ਗੰਦਾ ਪਾਣੀ ਪੀਣ ਕਾਰਨ ਮਰ ਜਾਂਦੇ ਹਨ।

ਭੂ-ਜਲ ਦੀ ਹਾਲਤ ਵੀ ਚਿੰਤਾਜਨਕ ਹੈ। ਕੇਂਦਰੀ ਭੂ-ਜਲ ਬੋਰਡ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਦੇਸ਼ ਦੇ ਵੱਡੇ ਹਿੱਸੇ ਦੇ ਭੂ-ਜਲ ਵਿੱਚ ਨਾਈਟਰੇਟ, ਆਰਸੈਨਿਕ, ਫਲੋਰਾਈਡ ਅਤੇ ਯੂਰੇਨੀਅਮ ਵਰਗੇ ਜ਼ਹਿਰੀਲੇ ਤੱਤ ਮਿਲ ਰਹੇ ਹਨ। ਹਜ਼ਾਰਾਂ ਪਿੰਡਾਂ ਦਾ ਪਾਣੀ ਪੀਣ ਯੋਗ ਮਿਆਰਾਂ 'ਤੇ ਖਰਾ ਨਹੀਂ ਉਤਰਦਾ। ਦਰਿਆਵਾਂ ਦੀ ਹਾਲਤ ਵੀ ਬੁਰੀ ਹੈ-ਸੈਂਕੜੇ ਥਾਵਾਂ 'ਤੇ ਦਰਿਆਵਾਂ ਦਾ ਪਾਣੀ ਨਹਾਉਣ ਯੋਗ ਵੀ ਨਹੀਂ ਰਿਹਾ।

### ਪਾਣੀ ਦਾ ਸੰਕਟ: ਸਿਰਫ਼ ਸਿਹਤ ਨਹੀਂ, ਲੋਕਤੰਤਰ ਦਾ ਸਵਾਲ

ਇਹ ਸਾਰੀ ਸਥਿਤੀ ਸਾਫ਼ ਕਰ ਦਿੰਦੀ ਹੈ ਕਿ ਪੀਣ ਵਾਲੇ ਪਾਣੀ ਦਾ ਮਸਲਾ ਹੁਣ ਕੇਵਲ ਸਿਹਤ ਜਾਂ ਪ੍ਰਸ਼ਾਸਨ ਤੱਕ ਸੀਮਿਤ ਨਹੀਂ ਰਿਹਾ, ਬਲਕਿ ਇਹ ਸਿੱਧੇ ਤੌਰ 'ਤੇ ਲੋਕਤੰਤਰ, ਨਾਗਰਿਕ ਅਧਿਕਾਰਾਂ ਅਤੇ ਰਾਜ ਦੀ ਜ਼ਿੰਮੇਵਾਰੀ ਨਾਲ ਜੁੜਿਆ ਹੋਇਆ ਸਵਾਲ ਬਣ ਗਿਆ ਹੈ। ਜਦੋਂ ਰਾਜ ਲੋਕਾਂ ਨੂੰ ਸਾਫ਼ ਪਾਣੀ, ਬੁਨਿਆਦੀ ਸਿਹਤ ਸੇਵਾਵਾਂ ਅਤੇ



ਸੁਰੱਖਿਅਤ ਵਾਤਾਵਰਣ ਦੇਣ ਵਿੱਚ ਨਾਕਾਮ ਰਹਿੰਦਾ ਹੈ, ਤਾਂ ਉਸ ਦੇ ਸਾਰੇ 'ਵਿਕਾਸ ਮਾਡਲ' ਅਤੇ 'ਗਵਰਨੈਂਸ' ਦੇ ਦਾਅਵੇ ਖੋਖਲੇ ਸਾਬਤ ਹੋ ਜਾਂਦੇ ਹਨ।

'ਹਰ ਘਰ ਨਲ, ਹਰ ਨਲ ਜਲ' ਵਰਗੇ ਨਾਅਰੇ ਜਦੋਂ ਅਸਲ ਵਿੱਚ ਲੋਕਾਂ ਨੂੰ ਗੰਦਾ, ਬਦਬੂਦਾਰ ਅਤੇ ਬੈਕਟੀਰੀਆ ਨਾਲ ਭਰਿਆ ਪਾਣੀ ਦੇਣ ਲੱਗ ਪੈਂਦੇ ਹਨ, ਤਾਂ ਇਹ ਸਿਰਫ਼ ਨਾਕਾਮੀ ਨਹੀਂ ਰਹਿੰਦੀ, ਸਗੋਂ ਇੱਕ ਸੋਚੀ-ਸਮਝੀ ਧੋਖਾਧੜੀ ਬਣ ਜਾਂਦੀ ਹੈ। ਇਸ ਦਾ ਸਾਰਾ ਭਾਰ ਗਰੀਬ, ਮਜ਼ਦੂਰ ਅਤੇ ਦਬੇ-ਕੁਚਲੇ ਵਰਗਾਂ ਉੱਤੇ ਪੈਂਦਾ ਹੈ। ਅਮੀਰ ਵਰਗ ਕੋਲ ਫਿਲਟਰ, ਬੋਤਲਬੰਦ ਪਾਣੀ ਅਤੇ ਨਿੱਜੀ ਸਹੂਲਤਾਂ ਹਨ, ਪਰ ਝੁੱਗੀ-ਝੌਂਪੜੀਆਂ, ਮਜ਼ਦੂਰ ਬਸਤੀਆਂ ਅਤੇ ਪਿੰਡਾਂ ਵਿੱਚ ਰਹਿੰਦੇ ਲੋਕਾਂ ਕੋਲ ਕੋਈ ਹੋਰ ਰਾਹ ਨਹੀਂ ਹੁੰਦਾ। ਉਹ ਉਹੀ ਪਾਣੀ ਪੀਣ ਲਈ ਮਜਬੂਰ ਹਨ, ਜੋ ਸਰਕਾਰ ਅਤੇ ਨਗਰ ਨਿਗਮ ਉਨ੍ਹਾਂ ਤੱਕ ਪਹੁੰਚਾਉਂਦੇ ਹਨ-ਭਾਵੇਂ ਉਹ ਪਾਣੀ ਹੌਲੀ-ਹੌਲੀ ਉਨ੍ਹਾਂ ਦੀ ਜ਼ਿੰਦਗੀ ਖਾ ਰਿਹਾ ਹੋਵੇ।

ਇਸ ਸੰਕਟ ਦਾ ਸਭ ਤੋਂ ਖ਼ਤਰਨਾਕ ਪੱਖ ਇਹ ਹੈ ਕਿ ਲੋਕਾਂ ਨੂੰ ਹੌਲੀ-ਹੌਲੀ ਇਸ ਦੇ ਹੀ ਆਦੀ ਬਣਾਇਆ ਜਾ ਰਿਹਾ ਹੈ। ਡਾਇਰੀਆ, ਟਾਇਫਾਇਡ ਅਤੇ ਹੈਪੇਟਾਈਟਿਸ ਵਰਗੀਆਂ ਬੀਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਨੂੰ 'ਆਮ' ਬਣਾਇਆ ਜਾ ਰਿਹਾ ਹੈ। ਸਰਕਾਰੀ ਕਾਗਜ਼ਾਂ ਵਿੱਚ ਇਨ੍ਹਾਂ ਮੌਤਾਂ ਨੂੰ 'ਕੁਦਰਤੀ ਮੌਤ' ਕਹਿ ਕੇ ਦਰਜ ਕਰ ਦਿੱਤਾ ਜਾਂਦਾ ਹੈ, ਤਾਂ ਜੋ ਅਸਲੀ ਜ਼ਿੰਮੇਵਾਰਾਂ ਤੱਕ ਗੱਲ ਨਾ ਪਹੁੰਚੇ। ਇਸ ਤਰ੍ਹਾਂ ਰਾਜ ਦੀ ਅਪਰਾਧਿਕ ਲਾਪਰਵਾਹੀ ਹੌਲੀ-ਹੌਲੀ ਨੀਤੀ ਦਾ ਰੂਪ ਧਾਰ ਰਹੀ ਹੈ।

ਇਸ ਸਾਰੀ ਤਬਾਹੀ ਦੀ ਜੜ੍ਹ ਮੌਜੂਦਾ ਮੁਨਾਫ਼ਾ-ਕੇਂਦਰਿਤ ਪੂੰਜੀਵਾਦੀ ਪ੍ਰਣਾਲੀ ਹੈ। ਇਸ ਪ੍ਰਣਾਲੀ ਵਿੱਚ ਨਾ ਸਿਰਫ਼ ਮਜ਼ਦੂਰਾਂ ਦੀ ਮਿਹਨਤ ਦੀ ਲੁੱਟ ਹੁੰਦੀ ਹੈ, ਸਗੋਂ ਕੁਦਰਤ ਦਾ ਵੀ ਅੰਧਾਧੁੰਦ ਸ਼ੋਸ਼ਣ ਕੀਤਾ ਜਾਂਦਾ ਹੈ। ਮੁਨਾਫ਼ਾ ਵਧਾਉਣ ਲਈ ਵਾਤਾਵਰਣ ਸੁਰੱਖਿਆ ਅਤੇ ਜਨ ਸਿਹਤ ਨਾਲ ਜੁੜੇ ਕਾਨੂੰਨਾਂ ਨੂੰ ਕਮਜ਼ੋਰ ਕੀਤਾ ਗਿਆ ਹੈ। ਭਾਜਪਾ ਸਰਕਾਰਾਂ ਵੱਲੋਂ ਕੀਤੀਆਂ ਗਈਆਂ ਕਾਨੂੰਨੀ ਤਬਦੀਲੀਆਂ ਨੇ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹੀ ਛੋਟ ਦੇ ਦਿੱਤੀ ਹੈ।

ਨਤੀਜਾ ਇਹ ਹੈ ਕਿ ਮਿਹਨਤਕਸ਼ ਲੋਕ ਦੋਹਰੇ ਹਮਲੇ ਦਾ ਸ਼ਿਕਾਰ ਹਨ; ਇੱਕ ਪਾਸੇ ਮਿਹਨਤ ਦੀ ਲੁੱਟ, ਦੂਜੇ ਪਾਸੇ ਗੰਦੀ ਹਵਾ, ਜ਼ਹਿਰੀਲਾ ਪਾਣੀ ਅਤੇ ਮਹਿੰਗੀਆਂ ਤੇ ਨਾਕਾਫ਼ੀ ਸਿਹਤ ਸੇਵਾਵਾਂ। ਸਭ ਤੋਂ ਵੱਧ ਮੌਤਾਂ ਵੀ ਇਨ੍ਹਾਂ ਹੀ ਵਰਗਾਂ ਵਿੱਚ ਹੋ ਰਹੀਆਂ ਹਨ।

ਇਸ ਸਥਿਤੀ ਤੋਂ ਛੁਟਕਾਰੇ ਦਾ ਰਾਹ ਇੱਕ ਹੀ ਹੈ। ਸਾਫ਼ ਪਾਣੀ, ਸਾਫ਼ ਹਵਾ ਅਤੇ ਮੁਫ਼ਤ, ਵਧੀਆ ਸਿਹਤ ਸੇਵਾਵਾਂ ਹਰ ਮਨੁੱਖ ਦਾ ਮੂਲ ਅਧਿਕਾਰ ਹਨ। ਇਹ ਅਧਿਕਾਰ ਸਿਰਫ਼ ਅਧੂਰੇ ਸੁਧਾਰਾਂ ਨਾਲ ਨਹੀਂ ਮਿਲਣਗੇ। ਇਸ ਲਈ ਲੋੜ ਹੈ ਕਿ ਮਿਹਨਤਕਸ਼ ਲੋਕ ਇਕੱਠੇ ਹੋ ਕੇ ਇਸ ਮੁਨਾਫ਼ਾਖੋਰ ਤੇ ਮਨੁੱਖ-ਵਿਰੋਧੀ ਪ੍ਰਣਾਲੀ ਨੂੰ ਚੁਣੌਤੀ ਦੇਣ ਅਤੇ ਇੱਕ ਮਨੁੱਖ-ਕੇਂਦਰਿਤ, ਸਮਾਜਕ ਤੇ ਇਨਸਾਫ਼ਪੂਰਨ ਵਿਵਸਥਾ ਦੀ ਲੜਾਈ ਲੜਨ।

# ਅੱਖਾਂ ਬੰਦ ਕਰ ਕੇ ਨਹੀਂ ਬਚੇਗਾ ਪੰਜਾਬ

## 'ਮੁਕਤੀ ਦੇ ਰਸਤੇ ਇਕੱਲਿਆਂ ਨਹੀਂ ਮਿਲਦੇ'

ਸੁਸ਼ੀਲ ਦੁਸਾਂਝ

ਮਹਾਨ ਵਿਚਾਰਕ ਰਾਹੁਲ ਸ਼ੰਕਰਾਤਾਯਨ ਨੇ ਕਦੇ ਕਿਹਾ ਸੀ, "ਹਰ ਪੀੜੀ ਵਿੱਚ ਹਜ਼ਾਰਾਂ ਸਮਰਥ ਲੋਕ ਕਬੂਤਰ ਵਾਂਗ ਬਿੱਲੀ ਨੂੰ ਦੇਖ ਕੇ ਸੰਘਰਸ਼ ਕਰਨ ਦੀ ਥਾਂ ਅੱਖਾਂ ਬੰਦ ਕਰਨ ਦੀ ਪ੍ਰਵਿਰਤੀ ਦਾ ਸ਼ਿਕਾਰ ਹੁੰਦੇ ਆਏ ਹਨ। ਜੇ ਉਨ੍ਹਾਂ ਨੇ ਪ੍ਰਸਥਿਤੀਆਂ ਬਦਲਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸੰਸਾਰ ਜ਼ਰੂਰ ਬੇਹਤਰ ਬਣਦਾ।'"

ਦੁਨੀਆ ਜਿਹੋ ਜਿਹੀ ਹੋਣੀ ਚਾਹੀਦੀ ਹੈ, ਨਹੀਂ ਹੈ। ਇਹ ਇਸ ਕਰ ਕੇ ਹੈ ਕਿ ਲੋੜ ਅਤੇ ਸਮਰਥਾ ਮੁਤਾਬਕ ਅਸੀਂ-ਤੁਸੀਂ ਸੰਸਾਰ ਨੂੰ ਬਦਲਣ ਪ੍ਰਤੀ ਗੰਭੀਰ ਤੇ ਯਤਨਸ਼ੀਲ ਨਹੀਂ ਹਾਂ। ਰਾਹੁਲ ਸ਼ੰਕਰਾਤਾਯਨ ਠੀਕ ਕਹਿੰਦੇ ਹਨ ਕਿ ਅਸੀਂ 'ਬਿੱਲੀ' ਨੂੰ ਦੇਖ ਕੇ 'ਕਬੂਤਰ' ਵਾਂਗ ਅੱਖਾਂ ਬੰਦ ਕਰ ਲਈਆਂ ਹਨ।

ਅੱਜ ਪੰਜਾਬ ਵੀ ਕੁਝ ਅਜਿਹਾ ਹੀ ਕਰ ਰਿਹਾ ਹੈ। ਅਸੀਂ ਸਮੱਸਿਆਵਾਂ ਨੂੰ ਵੇਖ ਰਹੇ ਹਾਂ, ਪਰ ਉਨ੍ਹਾਂ ਨਾਲ ਟਕਰਾਉਣ ਦੀ ਥਾਂ ਅੱਖਾਂ ਮੁੰਦ ਕੇ ਬੈਠ ਗਏ ਹਾਂ। ਕੀ ਅੱਖਾਂ ਬੰਦ ਕਰਕੇ ਬਚ ਸਕਾਂਗੇ? ਹਰਗਿਜ਼ ਨਹੀਂ। ਅੱਖਾਂ ਖੋਲ੍ਹਣੀਆਂ ਹੀ ਪੈਣੀਆਂ ਹਨ। ਹੋਰ ਕੋਈ ਚਾਰਾ ਹੀ ਨਹੀਂ। ਸਵਾਲ ਇਹ ਹੀ ਹੈ ਕਿ ਕੀ ਅੱਖਾਂ ਬੰਦ ਕਰਨ ਨਾਲ ਖ਼ਤਰਾ ਟਲ ਜਾਂਦਾ ਹੈ? ਇਤਿਹਾਸ ਕਹਿੰਦਾ ਹੈ-ਕਦੇ ਨਹੀਂ।

ਪੰਜਾਬ ਦਾ ਕਿਸਾਨ, ਜੋ ਕਦੇ ਦੇਸ਼ ਦਾ ਅੰਨਦਾਤਾ ਕਹਾਉਂਦਾ ਸੀ, ਅੱਜ ਖੁਦ ਭੁੱਖ ਅਤੇ ਕਰਜ਼ੇ ਨਾਲ ਜੂਝ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦਾ ਇੱਕ ਕਿਸਾਨ ਪਰਿਵਾਰ ਔਸਤਨ ਦੋ ਤੋਂ ਤਿੰਨ ਲੱਖ ਰੁਪਏ ਦੇ ਕਰਜ਼ੇ ਹੇਠ ਹੈ। ਬੀਜ, ਖਾਦ, ਕੀਟਨਾਸ਼ਕ ਅਤੇ ਡੀਜ਼ਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ, ਪਰ ਫਸਲਾਂ ਦੇ ਭਾਅ ਇੱਕ ਥਾਂ 'ਤੇ ਹੀ ਖੜ੍ਹੇ ਹਨ। ਸਰਕਾਰਾਂ ਵੱਲੋਂ ਕਰਜ਼ਾ ਮਾਫ਼ੀ ਦੇ ਐਲਾਨ ਤਾਂ ਹੁੰਦੇ ਹਨ, ਪਰ ਹਕੀਕਤ ਵਿੱਚ ਕਿਸਾਨ ਤੱਕ ਰਾਹਤ ਪਹੁੰਚਦੀ ਬਹੁਤ ਘੱਟ ਹੈ।

ਕਿਸਾਨ ਦੇ ਨਾਲ-ਨਾਲ ਮਜ਼ਦੂਰ ਦੀ ਹਾਲਤ ਵੀ ਚਿੰਤਾਜਨਕ ਹੈ। ਸ਼ਹਿਰਾਂ ਦੀਆਂ ਇਮਾਰਤਾਂ, ਸੜਕਾਂ ਅਤੇ ਫੈਕਟਰੀਆਂ ਮਜ਼ਦੂਰ ਦੇ ਪਸੀਨੇ ਨਾਲ ਬਣਦੀਆਂ ਹਨ, ਪਰ ਉਸਦੀ ਆਪਣੀ ਜ਼ਿੰਦਗੀ ਅਸੁਰੱਖਿਅਤ ਰਹਿੰਦੀ ਹੈ। ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਕੋਲ ਨਾ ਪੱਕੀ ਨੌਕਰੀ ਹੈ, ਨਾ ਸਮਾਜਿਕ ਸੁਰੱਖਿਆ। ਮਹਿੰਗਾਈ ਵਧ ਰਹੀ ਹੈ, ਪਰ ਮਜ਼ਦੂਰੀ ਉੱਥੇ ਹੀ ਅਟਕੀ ਹੋਈ ਹੈ। ਇਹ ਸਵਾਲ ਕੌਣ ਪੁੱਛੇਗਾ ਕਿ ਵਿਕਾਸ ਆਖ਼ਰ ਕਿਸ ਲਈ ਹੈ?

ਪੰਜਾਬ ਦਾ ਨੌਜਵਾਨ ਅੱਜ ਦੋਹਰੀ ਮਾਰ ਦਾ ਸ਼ਿਕਾਰ ਹੈ; ਬੇਰੁਜ਼ਗਾਰੀ ਅਤੇ ਨਸ਼ੇ। ਸਰਕਾਰੀ ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ ਕੌਮੀ ਔਸਤ ਤੋਂ ਉੱਪਰ ਹੈ। ਪੜ੍ਹਿਆ-ਲਿਖਿਆ ਨੌਜਵਾਨ ਨੌਕਰੀ ਲਈ ਦਰ-ਦਰ ਭਟਕ ਰਿਹਾ ਹੈ। ਦੂਜੇ ਪਾਸੇ ਨਸ਼ੇ ਇੱਕ ਪੂਰੀ ਪੀੜ੍ਹੀ ਨੂੰ ਖਾ ਰਹੇ ਹਨ। ਸਰਕਾਰਾਂ ਨਸ਼ਿਆਂ ਖ਼ਿਲਾਫ਼ ਮੁਹਿੰਮਾਂ ਦੀ ਗੱਲ ਕਰਦੀਆਂ ਹਨ, ਪਰ ਨਸ਼ਾ ਮਾਫ਼ੀਆ ਅਜੇ ਵੀ ਬੇਖ਼ੌਫ਼ ਹੈ।

ਪੰਜਾਬ ਦੀਆਂ ਸਭ ਤੋਂ ਗੰਭੀਰ ਸਮੱਸਿਆਵਾਂ ਵਿੱਚ



ਸਿਹਤ ਅਤੇ ਸਿੱਖਿਆ ਦੀ ਹਾਲਤ ਵੀ ਸ਼ਾਮਲ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਆਪਣੇ ਕੁੱਲ ਬਜਟ ਦਾ ਲਗਭਗ 4 ਫ਼ੀਸਦੀ ਸਿਹਤ ਅਤੇ ਕਰੀਬ 11 ਫ਼ੀਸਦੀ ਸਿੱਖਿਆ 'ਤੇ ਖਰਚ ਕਰਦਾ ਹੈ, ਜੋ ਕਿ ਵਿਸ਼ਵ ਸਿਹਤ ਸੰਸਥਾ ਅਤੇ ਯੂਨੈਸਕੋ ਵੱਲੋਂ ਸਿਫ਼ਾਰਸ਼ ਕੀਤੇ ਮਿਆਰਾਂ ਤੋਂ ਕਾਫ਼ੀ ਘੱਟ ਹੈ। ਨਤੀਜਾ ਇਹ ਹੈ ਕਿ ਪਿੰਡਾਂ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਡਾਕਟਰਾਂ ਤੋਂ ਖਾਲੀ ਪਏ ਹਨ ਅਤੇ ਸਰਕਾਰੀ ਸਕੂਲ ਅਧਿਆਪਕਾਂ ਦੀ ਕਮੀ ਨਾਲ ਜੂਝ ਰਹੇ ਹਨ।

ਇੱਕ ਸਰਵੇਖਣ ਮੁਤਾਬਕ ਪੰਜਾਬ ਦੇ 40 ਫ਼ੀਸਦੀ ਪਿੰਡਾਂ ਵਿੱਚ ਅਜੇ ਵੀ ਪੂਰੀ ਤਰ੍ਹਾਂ ਕਾਰਗਰ ਸਿਹਤ ਸਹੂਲਤਾਂ ਉਪਲਬਧ ਨਹੀਂ। ਗੰਭੀਰ ਬਿਮਾਰੀ ਦੀ ਸੂਰਤ ਵਿੱਚ ਗਰੀਬ ਪਰਿਵਾਰ ਨਿੱਜੀ ਹਸਪਤਾਲਾਂ ਦੇ ਭਾਰੀ ਖਰਚਿਆਂ ਦੇ ਭਾਰ ਹੇਠ ਦੱਬ ਜਾਂਦਾ ਹੈ। ਇਹੀ ਕਾਰਨ ਹੈ ਕਿ ਹਰ ਸਾਲ ਹਜ਼ਾਰਾਂ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਂਦੇ ਹਨ।

ਪੰਜਾਬ ਦਾ ਪਾਣੀ ਵੀ ਅੱਜ ਇੱਕ ਵੱਡਾ ਸੰਕਟ ਬਣ ਚੁੱਕਾ ਹੈ। ਕੇਂਦਰੀ ਜ਼ਮੀਨੀ ਪਾਣੀ ਬੋਰਡ ਦੇ ਅੰਕੜਿਆਂ ਮੁਤਾਬਕ ਪੰਜਾਬ ਦੇ 80 ਫ਼ੀਸਦੀ ਤੋਂ ਵੱਧ ਬਲਾਕ 'ਡਾਰਕ ਜੋਨ' ਵਿੱਚ ਆ ਚੁੱਕੇ ਹਨ, ਜਿੱਥੇ ਧਰਤੀ ਹੇਠਲਾ ਪਾਣੀ ਖ਼ਤਰਨਾਕ ਹੱਦ ਤੱਕ ਥੱਲੇ ਜਾ ਚੁੱਕਾ ਹੈ। ਦੂਜੇ ਪਾਸੇ, ਮਾਲਵਾ ਖੇਤਰ ਵਿੱਚ ਕੈਂਸਰ ਦੀ ਵਧਦੀ ਦਰ ਇਸ ਗੱਲ ਦੀ ਗਵਾਹ ਹੈ ਕਿ ਕੀਟਨਾਸ਼ਕਾਂ ਅਤੇ ਉਦਯੋਗਿਕ ਪ੍ਰਦੂਸ਼ਣ ਨੇ ਆਮ ਬੰਦੇ ਦੀ ਜ਼ਿੰਦਗੀ ਨੂੰ ਕਿਵੇਂ ਜ਼ਹਿਰਲਾ ਬਣਾ ਦਿੱਤਾ ਹੈ।

ਇਹ ਸਾਰੇ ਮਸਲੇ ਕੁਦਰਤੀ ਨਹੀਂ, ਸਗੋਂ ਨੀਤੀਗਤ ਅਪਰਾਧ ਹਨ। ਜਦੋਂ ਸਰਕਾਰਾਂ ਕਾਰਪੋਰੇਟ ਲਾਭਾਂ ਲਈ ਵਾਤਾਵਰਣੀ ਕਾਨੂੰਨਾਂ ਨੂੰ ਕਮਜ਼ੋਰ ਕਰਦੀਆਂ ਹਨ, ਤਾਂ ਉਸਦੀ ਕੀਮਤ ਕਿਸਾਨ, ਮਜ਼ਦੂਰ ਅਤੇ ਆਮ ਲੋਕ ਆਪਣੀ ਸਿਹਤ ਤੇ ਜਾਨ ਨਾਲ ਚੁਕਾਉਂਦੇ ਹਨ।

ਅੱਜ ਲੋਕਤੰਤਰ ਨੂੰ ਸਿਰਫ਼ ਪੰਜ ਸਾਲਾਂ ਵਿੱਚ ਇੱਕ ਵੋਟ ਤੱਕ ਸੀਮਿਤ ਕਰ ਦਿੱਤਾ ਗਿਆ ਹੈ, ਪਰ ਅਸਲ ਲੋਕਤੰਤਰ ਸਵਾਲ ਪੁੱਛਣ, ਵਿਰੋਧ ਕਰਨ ਅਤੇ ਸੱਤਾ ਨੂੰ ਜਵਾਬਦੇਹ ਬਣਾਉਣ ਨਾਲ ਜਿਊਂਦਾ ਰਹਿੰਦਾ ਹੈ। ਜੇ ਕਿਸਾਨ ਆਪਣੀ ਫ਼ਸਲ ਦੇ ਭਾਅ ਲਈ, ਮਜ਼ਦੂਰ ਆਪਣੀ ਮਜ਼ਦੂਰੀ ਲਈ ਅਤੇ ਨੌਜਵਾਨ ਰੋਜ਼ਗਾਰ ਲਈ ਆਵਾਜ਼ ਨਹੀਂ ਚੁੱਕੇਗਾ, ਤਾਂ ਕੋਈ ਸਰਕਾਰ ਆਪਣੇ ਆਪ ਲੋਕ-ਹਿੱਤ ਵਿੱਚ ਨਹੀਂ ਚੱਲੇਗੀ।

### 'ਕੁਝ ਨਾ ਸੋਚਣ, ਕੁਝ ਨਾ ਬੋਲਣ' ਦੀ ਕੀਮਤ

ਹਿੰਦੀ ਸ਼ਾਇਰ ਉਦੈ ਪ੍ਰਕਾਸ਼ ਦੀਆਂ ਸਤਰਾਂ ਅੱਜ ਦੇ ਸਮਾਜ ਦੀ ਅਸਲੀ ਤਸਵੀਰ ਪੇਸ਼ ਕਰਦੀਆਂ ਹਨ:

"ਆਦਮੀ ਮਰਨ ਤੋਂ ਬਾਅਦ
ਕੁੱਝ ਨਹੀਂ ਸੋਚਦਾ
ਆਦਮੀ ਮਰਨ ਤੋਂ ਬਾਅਦ
ਕੁੱਝ ਨਹੀਂ ਬੋਲਦਾ
ਕੁੱਝ ਨਾ ਸੋਚਣ
ਤੇ ਕੁੱਝ ਨਾ ਬੋਲਣ ਕਰ ਕੇ
ਆਦਮੀ ਮਰ ਜਾਂਦਾ ਹੈ।'"

ਅਸੀਂ ਵੀ ਕੁਝ ਨਾ ਸੋਚਣ ਅਤੇ ਕੁਝ ਨਾ ਬੋਲਣ ਦੀ ਆਦਤ ਪਾ ਲਈ ਹੈ। ਮਹਿੰਗਾਈ, ਬੇਰੁਜ਼ਗਾਰੀ, ਨਸ਼ੇ, ਸਿਹਤ ਅਤੇ ਸਿੱਖਿਆ-ਹਰ ਮਸਲੇ 'ਤੇ ਅਸੀਂ ਚੁੱਪ ਹਾਂ। ਇਹ ਚੁੱਪੀ ਹੀ ਸਿਸਟਮ ਦੀ ਸਭ ਤੋਂ ਵੱਡੀ ਤਾਕਤ ਬਣ ਚੁੱਕੀ ਹੈ।

### ਸਰਕਾਰਾਂ ਦੀ ਨੀਤੀ ਅਤੇ ਨੀਅਤ

ਪੰਜਾਬ ਦੀਆਂ ਸਰਕਾਰਾਂ ਨੇ ਹਮੇਸ਼ਾ ਲੋਕਾਂ ਨੂੰ ਵਾਅਦਿਆਂ ਨਾਲ ਭਰਮਾਇਆ ਹੈ। ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਐਲਾਨ, ਪਰ ਬਾਅਦ ਵਿੱਚ ਨੀਤੀਆਂ ਵਿੱਚ ਲੋਕ-ਹਿੱਤ ਦੀ ਥਾਂ ਕਾਰਪੋਰੇਟ ਹਿੱਤ ਨਜ਼ਰ ਆਉਂਦਾ ਹੈ। ਸਿੱਖਿਆ ਅਤੇ ਸਿਹਤ 'ਤੇ ਖਰਚ ਘਟਦਾ ਜਾ ਰਿਹਾ ਹੈ, ਪਰ ਸੱਤਾ ਦੀ ਇਸ਼ਤਿਹਾਰਬਾਜ਼ੀ ਦਾ ਖਰਚ ਬੇਲਗਾਮ ਹੈ। ਕੀ ਇਹ ਨੀਤੀ ਹੈ ਜਾਂ ਫਿਰ ਨੀਅਤ?

### ਇਤਿਹਾਸ ਗਵਾਹ ਹੈ

ਪੰਜਾਬ ਦੀ ਧਰਤੀ ਸੰਘਰਸ਼ਾਂ ਦੀ ਗਵਾਹ ਰਹੀ ਹੈ। ਭਗਤ ਸਿੰਘ ਤੋਂ ਲੈ ਕੇ ਕਿਸਾਨ ਅੰਦੋਲਨ ਤੱਕ, ਜਦੋਂ ਲੋਕ ਇਕੱਠੇ ਹੋਏ, ਤਦ ਸੱਤਾ ਨੂੰ ਝੁਕਣਾ ਪਿਆ। ਇਹ ਸਾਬਤ ਕਰਦਾ ਹੈ ਕਿ ਲੋਕ-ਤਾਕਤ ਅਜੇ ਵੀ ਜ਼ਿੰਦਾ ਹੈ, ਸਿਰਫ਼ ਉਸਨੂੰ ਜਾਗਣ ਦੀ ਲੋੜ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਕਬੂਤਰ ਬਣ ਕੇ ਅੱਖਾਂ ਬੰਦ ਨਾ ਕਰੀਏ। ਸਵਾਲ ਪੁੱਛੀਏ, ਬੋਲੀਏ ਅਤੇ ਆਪਣੇ ਹੱਕਾਂ ਲਈ ਖੜ੍ਹੇ ਹੋਈਏ। ਲੋਕਤੰਤਰ ਸਿਰਫ਼ ਵੋਟ ਪਾਉਣ ਦਾ ਨਾਂ ਨਹੀਂ, ਸਗੋਂ ਸੱਤਾ ਨੂੰ ਜਵਾਬਦੇਹ ਬਣਾਉਣ ਦੀ ਸਾਡੀ ਜ਼ਿੰਮੇਵਾਰੀ ਹੈ।

ਪੰਜਾਬ ਅੱਜ ਜਿਸ ਮੋੜ 'ਤੇ ਖੜ੍ਹਾ ਹੈ, ਉੱਥੇ ਇੱਕ ਪਾਸੇ ਚੁੱਪੀ, ਡਰ ਅਤੇ ਨਿਰਾਸ਼ਾ ਹੈ; ਦੂਜੇ ਪਾਸੇ ਸੰਘਰਸ਼, ਸਾਂਝ ਅਤੇ ਬਦਲਾਅ ਦਾ ਰਾਹ। ਚੋਣ ਸਾਡੇ ਹੱਥ ਵਿੱਚ ਹੈ।

ਜਦੋਂ ਪੰਜਾਬ ਦਾ ਕਿਸਾਨ, ਮਜ਼ਦੂਰ ਅਤੇ ਆਮ ਬੰਦਾ ਇਕੱਠਾ ਖੜ੍ਹੇਗਾ, ਤਦ ਹੀ ਇਹ ਧਰਤੀ ਫਿਰ ਤੋਂ ਇਨਸਾਫ਼, ਇੱਜ਼ਤ ਅਤੇ ਜੀਵਨ ਦੀ ਧਰਤੀ ਬਣ ਸਕੇਗੀ।

ਜੇ ਅਸੀਂ ਅੱਜ ਵੀ ਚੁੱਪ ਰਹੇ ਤਾਂ ਕੱਲ੍ਹ ਸਾਡੀ ਚੁੱਪੀ ਸਾਡੀ ਹਾਰ ਬਣੇਗੀ। ਸੰਘਰਸ਼ ਹੀ ਇੱਕੋ-ਇੱਕ ਰਾਹ ਹੈ, ਕਿਉਂਕਿ ਮੁਕਤੀ ਦੇ ਰਸਤੇ ਇਕੱਲਿਆਂ ਨਹੀਂ, ਸਾਂਝ ਨਾਲ ਹੀ ਮਿਲਦੇ ਹਨ।

**ਅਵਾਮੀ ਸ਼ਾਇਰ ਮੁਕਤੀ ਬੋਧ ਦੀਆਂ ਇਹ ਸਤਰਾਂ ਪੜ੍ਹਦੇ ਜਾਓ:**

**ਮੁਕਤੀ ਦੇ ਰਸਤੇ ਇਕੱਲਿਆਂ ਨਹੀਂ ਮਿਲਦੇ**
**ਜੇ ਉਹ ਹਨ ਤਾਂ ਸਭ ਦੇ ਨਾਲ਼ ਹਨ।**

-0-

# ਮਾਂ ਬੋਲੀ ਹੈ ਇੱਜ਼ਤ ਸਾਡੀ, ਮਾਂ ਬੋਲੀ ਹੈ ਗਹਿਣਾ

ਵਿਸ਼ੇਸ਼

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



## ਸੰਯੁਕਤ ਰਾਸ਼ਟਰ ਸੰਘ ਨੇ ਤਾਂ ਸਾਲ 2022-2032 ਦੇ ਦਹਾਕੇ ਨੂੰ 'ਲੋਕ ਬੋਲੀਆਂ ਦਾ ਦਹਾਕਾ' ਐਲਾਨ ਕੇ ਲੋਕ ਬੋਲੀਆਂ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਮੁਹਿੰਮ ਵਿੱਢੀ ਹੈ

ਇਹ ਗੱਲ ਤਾਂ ਸੋਲ੍ਹਾਂ ਆਨੇ ਸੱਚੀ ਹੈ ਕਿ ਜਨਮ ਦੇਣ ਵਾਲੀ ਮਾਂ, ਰਿਜ਼ਕ ਦੇਣ ਵਾਲੀ ਮਾਤ ਭੂਮੀ ਅਤੇ ਦਿਲ ਦੀਆਂ ਗਹਿਰਾਈਆਂ 'ਚੋਂ ਨਿਕਲੇ ਜਜ਼ਬਾਤਾਂ ਨੂੰ ਜ਼ੁਬਾਨ ਦੇਣ ਵਾਲੀ ਮਾਂ ਬੋਲੀ ਦਾ ਕਰਜ਼ਾ ਅੱਜ ਤੱਕ ਨਾ ਤਾਂ ਕੋਈ ਲਾਹ ਸਕਿਆ ਹੈ ਤੇ ਨਾ ਹੀ ਕਦੇ ਕੋਈ ਲਾਹ ਸਕੇਗਾ। ਸਾਡੀ ਮਾਂ ਬੋਲੀ ਪੰਜਾਬੀ, ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿੱਚੋਂ ਨੌਵੇਂ ਨੰਬਰ 'ਤੇ ਹੈ ਤੇ ਭਾਰਤ ਵਿੱਚ ਇਸਦਾ ਸਥਾਨ 11ਵਾਂ ਹੈ। ਭਾਰਤੀ ਉਪ-ਮਹਾਂਦੀਪ ਵਿੱਚ ਅਤੇ ਇੰਗਲੈਂਡ ਵਿੱਚ ਪੰਜਾਬੀ ਨੂੰ ਤੀਜਾ ਸਥਾਨ ਅਤੇ ਕੈਨੇਡਾ ਵਿੱਚ ਪੰਜਵਾਂ ਸਥਾਨ ਹਾਸਿਲ ਹੈ। ਭਾਸ਼ਾ ਖੋਜੀਆਂ ਦਾ ਮੰਨਣਾ ਹੈ ਕਿ ਪੰਜਾਬੀ ਦੀਆਂ ਜੜ੍ਹਾਂ ਪਹਿਲਾਂ ਪ੍ਰਾਕ੍ਰਿਤ ਭਾਸ਼ਾ ਅਤੇ ਫਿਰ ਪ੍ਰਾਕ੍ਰਿਤ ਦੇ ਹੀ ਇੱਕ ਅਪਭ੍ਰੰਸ਼ ਰੂਪ ਨਾਲ ਜਾ ਕੇ ਜੁੜਦੀਆਂ ਹਨ। ਸਤਵੀਂ ਤੋਂ ਦਸਵੀਂ ਸਦੀ ਤੱਕ ਇਹ ਪ੍ਰਾਕ੍ਰਿਤ ਭਾਸ਼ਾ ਦੇ ਅਪਭ੍ਰੰਸ਼ ਰੂਪ ਵਿੱਚ ਵਿਗਸੀ ਸੀ। ਨੌਵੀਂ ਤੋਂ ਚੌਦ੍ਹਵੀਂ ਸਦੀ ਤੱਕ ਨਾਥਾਂ-ਜੋਗੀਆਂ ਵੱਲੋਂ ਰਚੀਆਂ ਅਨੇਕਾਂ ਰਚਨਾਵਾਂ ਵਿੱਚ ਪੰਜਾਬੀ ਦੇ ਝਲਕਾਰੇ ਵੇਖਣ ਨੂੰ ਮਿਲਦੇ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਪੰਜਾਬੀ ਦਾ ਸਰੂਪ 'ਸ਼ੌਰਸੈਨੀ ਅਪਭ੍ਰੰਸ਼' ਨਾਲ ਕਾਫੀ ਹੱਦ ਤੱਕ ਮਿਲਦਾ-ਜੁਲਦਾ ਹੈ। ਸਭ ਤੋਂ ਵਧੀਆ ਗੱਲ ਇਹ ਹੈ ਕਿ ਬਾਬਾ ਫ਼ਰੀਦ, ਬਾਬਾ ਬੁੱਲ੍ਹੇ ਸ਼ਾਹ ਅਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮਨੋਵੇਗਾਂ ਤੇ ਮਨੋਭਾਵਾਂ ਨੂੰ ਪ੍ਰਗਟ ਕਰਨ ਲਈ ਉਸ ਵੇਲੇ ਪ੍ਰਚੱਲਿਤ ਅਤੇ ਮਾਨਤਾ ਪ੍ਰਾਪਤ ਸਰਕਾਰੀ ਭਾਸ਼ਾਵਾਂ ਦੀ ਥਾਂ ਪੰਜਾਬੀ ਦੀ ਹੀ ਚੋਣ ਕੀਤੀ ਸੀ; ਤੇ ਇਸ ਨੂੰ ਵੱਡਾ ਅਤੇ ਆਦਰਯੋਗ ਸਥਾਨ ਬਖ਼ਸ਼ਿਆ ਸੀ। ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਤਾਂ ਸਮੂਹ ਗੁਰੂ ਸਾਹਿਬਾਨ ਨੇ ਪੰਜਾਬੀ ਬੋਲੀ ਨੂੰ ਹੀ ਮਾਣ ਪ੍ਰਦਾਨ ਕਰਦਿਆਂ ਸਮੁੱਚੀ ਬਾਣੀ ਇਸੇ ਬੋਲੀ ਵਿੱਚ ਰਚ ਕੇ ਇਸਦੀ ਆਨ, ਬਾਨ ਤੇ ਸ਼ਾਨ ਨੂੰ ਚਾਰ ਚੰਨ ਲਗਾ ਦਿੱਤੇ।

ਦਰਅਸਲ 21 ਫ਼ਰਵਰੀ ਦਾ ਦਿਨ ਹਰ ਸਾਲ ਦੁਨੀਆਂ ਭਰ ਵਿੱਚ 'ਕੌਮਾਂਤਰੀ ਮਾਂ ਬੋਲੀ ਦਿਵਸ' ਵਜੋਂ ਬੜੇ ਹੀ ਚਾਅ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਇਹ ਦਿਨ ਕੁੱਲ ਦੁਨੀਆਂ ਦੇ ਲੋਕਾਂ ਵੱਲੋਂ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ, ਉਸਦੀ ਰਾਖੀ ਕਰਨ ਅਤੇ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਬਚਾਉਣ ਪ੍ਰਤੀ ਜਾਗਰੂਕ ਹੋਣ ਦੇ ਪਵਿੱਤਰ ਕਾਜ ਨੂੰ ਸਮਰਪਿਤ ਕੀਤਾ ਜਾਂਦਾ ਹੈ। ਸੰਨ 1947 ਵਿੱਚ ਭਾਰਤ ਦੇ ਦੋ ਟੋਟੇ ਕਰਕੇ ਅੰਗਰੇਜ਼ ਹਾਕਮਾਂ ਨੇ ਭਾਰਤ ਮਾਂ ਦੇ ਸੀਨੇ 'ਤੇ ਵੰਡ ਦੀ ਭੈੜੀ ਲਕੀਰ ਖਿੱਚੀ ਸੀ ਤੇ ਉਦੋਂ ਜਿਹੜਾ ਮੁਲਕ 'ਪਾਕਿਸਤਾਨ' ਅਖਵਾਇਆ ਸੀ, ਉਸਦੇ ਦੋ ਮੁੱਖ ਭਾਗ ਸਨ-ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ। ਪੂਰਬੀ ਪਾਕਿਸਤਾਨ ਵਾਲੇ ਖਿੱਤੇ ਵਿੱਚ ਬਹੁਗਿਣਤੀ ਬੰਗਾਲੀ ਬੋਲੀ ਬੋਲਣ ਵਾਲਿਆਂ ਦੀ ਸੀ, ਜਿਨ੍ਹਾਂ ਨੂੰ ਪਾਕਿਸਤਾਨੀ ਸਰਕਾਰ ਵੱਲੋਂ ਕੌਮੀ ਭਾਸ਼ਾ ਐਲਾਨੀ ਗਈ 'ਉਰਦੂ' ਭਾਸ਼ਾ ਪ੍ਰਵਾਨ ਨਹੀਂ ਸੀ। 23 ਫ਼ਰਵਰੀ 1948 ਨੂੰ ਪੂਰਬੀ ਪਾਕਿਸਤਾਨ ਦੀ ਤਰਜ਼ਮਾਨੀ ਕਰਦਿਆਂ ਹੋਇਆਂ ਧੀਰੇਂਦਰ ਨਾਥ ਦੱਤਾ ਨੇ ਪਾਕਿਸਤਾਨੀ ਸੰਸਦ ਵਿੱਚ ਬੰਗਾਲੀ ਨੂੰ ਕੌਮੀ ਭਾਸ਼ਾ ਐਲਾਨਣ ਦਾ ਪ੍ਰਸਤਾਵ ਪੇਸ਼ ਕੀਤਾ ਸੀ। ਸੰਨ 1952 ਵਿੱਚ 21 ਫ਼ਰਵਰੀ ਦੇ ਦਿਨ ਬੰਗਾਲੀ ਭਾਸ਼ਾ ਦੇ ਹੱਕ ਵਿੱਚ ਕੱਢੀ ਗਈ ਇੱਕ ਵਿਸ਼ਾਲ ਰੈਲੀ ਨੂੰ ਕੁਚਲਣ ਲਈ ਸਰਕਾਰ ਨੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ, ਜਿਸਦੇ ਫ਼ਲਸਰੂਪ ਬੰਗਾਲੀ ਮਾਂ ਬੋਲੀ ਲਈ ਸੰਘਰਸ਼ ਕਰਦੇ ਸਪੂਤ ਅਬਦੁਲ ਸਲਾਮ, ਅਬੁਲ ਬਰਕਤ, ਰਫ਼ੀਕੂਦੀਨ ਅਹਿਮਦ, ਅਬਦੁੱਲ ਜੱਬਾਰ ਅਤੇ ਸ਼ਰੀਫ਼ੁੱਰ ਰਹਿਮਾਨ ਸ਼ਹੀਦ ਹੋ ਗਏ ਸਨ ਤੇ ਸੈਂਕੜੇ ਹੋਰ ਸੂਰਮੇ ਆਪਣੇ ਸੀਨੇ 'ਤੇ ਜ਼ਖ਼ਮ ਖਾ ਗਏ ਸਨ। ਇਸੇ ਸੰਘਰਸ਼ ਨੇ 'ਬੰਗਲਾਦੇਸ਼' ਦੀ ਨੀਂਹ ਰੱਖ ਦਿੱਤੀ ਸੀ, ਜੋ ਬਾਅਦ ਵਿੱਚ ਭਾਰਤੀ ਫ਼ੌਜ ਦੀ ਮਦਦ ਨਾਲ ਸੰਨ 1971 ਵਿੱਚ ਪਾਕਿਸਤਾਨ ਤੋਂ ਵੱਖ ਹੋ ਕੇ ਇੱਕ ਆਜ਼ਾਦ ਮੁਲਕ ਬਣ ਗਿਆ ਸੀ। ਉਨ੍ਹਾਂ ਸ਼ਹੀਦਾਂ ਦੀ ਯਾਦ ਢਾਕਾ ਵਿਖੇ 'ਸ਼ਹੀਦੀ ਮੀਨਾਰ' ਵੀ ਕਾਇਮ ਕੀਤਾ ਗਿਆ ਸੀ। 21 ਫ਼ਰਵਰੀ ਦੇ ਦਿਨ ਬੰਗਲਾਦੇਸ਼ ਵਿਖੇ ਤੇ ਭਾਰਤ 'ਚ ਸਥਿਤ ਪੱਛਮੀ ਬੰਗਾਲ ਵਿਖੇ ਬੰਗਾਲੀ ਭਾਸ਼ਾ ਲਈ ਜਾਨਾਂ ਵਾਰ ਦੇਣ ਵਾਲੇ ਉਕਤ ਸ਼ਹੀਦਾਂ ਨੂੰ ਸਲਾਮ ਕੀਤਾ ਜਾਂਦਾ ਹੈ ਤੇ ਮਾਂ ਬੋਲੀ ਦੀ ਪੱਤ ਰੱਖਣ ਲਈ ਕੀਤੀਆਂ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਯਾਦ ਵਿੱਚ ਵੱਖ-ਵੱਖ ਸਾਹਿਤਕ ਤੇ ਸੱਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ।

ਸੰਨ 1998 ਵਿੱਚ ਕੈਨੇਡਾ ਵਿੱਚ ਵੱਸਦੇ ਬੰਗਲਾਦੇਸ਼ੀ ਨੌਜਵਾਨਾਂ ਰਫ਼ੀਕੁੱਲ ਇਸਲਾਮ ਅਤੇ ਅਬਦੁੱਲ ਸਲਾਮ ਨੇ ਉਸ ਵੇਲੇ ਦੇ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਕੋਫ਼ੀ ਅੰਨਾਨ ਨੂੰ ਖ਼ਤ ਲਿਖ਼ ਕੇ 'ਕੌਮਾਂਤਰੀ ਮਾਤ ਭਾਸ਼ਾ ਦਿਵਸ' ਮਨਾਉਣ ਸਬੰਧੀ ਫ਼ੈਸਲਾ ਕਰਨ ਦੀ ਅਰਜ਼ ਕੀਤੀ ਸੀ ਤਾਂ ਜੋ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਖ਼ਤਮ ਹੋਣ ਜਾਂ ਮਿਟ ਜਾਣ ਤੋਂ ਪਹਿਲਾਂ ਬਚਾਇਆ ਜਾ ਸਕੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ। ਬੰਗਲਾਦੇਸ਼ ਦੀ ਸੰਸਦ ਨੇ ਉਕਤ ਉੱਦਮ ਨੂੰ ਸਮਰਥਨ ਦੇਣ ਦੇ ਮਕਸਦ ਨਾਲ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੇ ਦਸਤਖ਼ਤਾਂ ਹੇਠ ਸੰਯੁਕਤ ਰਾਸ਼ਟਰ ਨੂੰ ਰਸਮੀ ਪ੍ਰਸਤਾਵ ਭੇਜਿਆ ਤੇ ਅਖ਼ੀਰ 17 ਨਵੰਬਰ 1999 ਨੂੰ ਯੂਨੈਸਕੋ ਦੀ 30ਵੀਂ ਆਮ ਸਭਾ ਨੇ ਸਰਬਸੰਮਤੀ ਨਾਲ 21 ਫ਼ਰਵਰੀ ਦੇ ਦਿਨ ਨੂੰ 'ਕੌਮਾਂਤਰੀ ਮਾਂ ਬੋਲੀ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਪਾਸ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐਨ.ਓ. ਦੀ ਆਮ ਸਭਾ ਨੇ ਸੰਨ 2002 ਵਿੱਚ ਇਸ ਪ੍ਰਸਤਾਵ ਨੂੰ ਮਾਨਤਾ ਦੇ ਦਿੱਤੀ ਸੀ ਤੇ ਸੰਨ 2007 ਵਿੱਚ ਇਸ ਨੂੰ ਲਾਗੂ ਵੀ ਕਰ ਦਿੱਤਾ ਸੀ।

ਬੜੇ ਹੀ ਦੁੱਖ ਅਤੇ ਪ੍ਰੇਸ਼ਾਨੀ ਦੀ ਗੱਲ ਹੈ ਕਿ ਦੁਨੀਆਂ ਦੀ ਕੁੱਲ ਬੋਲੀਆਂ ਦਾ 43 ਫ਼ੀਸਦੀ ਭਾਵ 6000 ਦੇ ਕਰੀਬ ਬੋਲੀਆਂ ਖ਼ਤਰੇ ਦੇ ਨਿਸ਼ਾਨ 'ਤੇ ਖੜੀਆਂ ਹਨ, ਪਰ ਨਾਲ ਹੀ ਇਸ ਗੱਲ ਦੀ ਰਤਾ ਤਸੱਲੀ ਵੀ ਹੈ ਕਿ ਵਿਸ਼ਵ ਪੱਧਰ ਉੱਤੇ ਬੋਲੀਆਂ ਦੀ ਰਾਖੀ ਅਤੇ ਸੰਭਾਲ ਲਈ ਵੱਖ-ਵੱਖ ਜਥੇਬੰਦੀਆਂ, ਸੰਸਥਾਵਾਂ ਅਤੇ ਸਰਕਾਰਾਂ ਯਤਨਸ਼ੀਲ ਹਨ। ਸੰਯੁਕਤ ਰਾਸ਼ਟਰ ਸੰਘ ਨੇ ਤਾਂ ਸਾਲ 2022-2032 ਦੇ ਦਹਾਕੇ ਨੂੰ 'ਲੋਕ ਬੋਲੀਆਂ ਦਾ ਦਹਾਕਾ' ਐਲਾਨ ਕੇ ਲੋਕ ਬੋਲੀਆਂ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਮੁਹਿੰਮ ਵਿੱਢੀ ਹੈ।

ਭਾਰਤ ਵਿੱਚ ਵੀ ਲੋਕ ਬੋਲੀਆਂ ਦੀ ਰਾਖੀ ਤੇ ਵਿਕਾਸ ਲਈ ਕਈ ਸਾਰੇ ਉੱਦਮ ਕੀਤੇ ਜਾ ਚੁੱਕੇ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ-29 ਵਿੱਚ ਹਰੇਕ ਨਾਗਰਿਕ ਨੂੰ ਆਪਣੀ ਮਾਂ ਬੋਲੀ ਦੀ ਰਾਖੀ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਅਤੇ ਭਾਸ਼ਾ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਾ ਕੀਤੇ ਜਾਣ ਦੀ ਗੱਲ ਵੀ ਕੀਤੀ ਗਈ ਹੈ। ਇਸੇ ਤਰ੍ਹਾਂ ਆਰਟੀਕਲ-120 ਅਧੀਨ ਸਮੂਹ ਸੰਸਦ ਮੈਂਬਰਾਂ ਨੂੰ ਸੰਸਦ ਅੰਦਰ ਆਪਣੀ ਮਾਂ ਬੋਲੀ ਵਿੱਚ ਆਪਣੀ ਗੱਲ ਕਹਿਣ ਦਾ ਹੱਕ ਦਿੱਤਾ ਗਿਆ ਹੈ। ਆਰਟੀਕਲ 305-ਏ, ਜਿੱਥੇ ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਰੱਖਣ ਦੀ ਵਕਾਲਤ ਕਰਦਾ ਹੈ, ਉੱਥੇ ਹੀ ਕੌਮੀ ਸਿੱਖਿਆ ਨੀਤੀ-2020 ਵਿੱਚ ਵੀ ਮਾਂ ਬੋਲੀ ਦੇ ਵਿਕਾਸ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਗੱਲ ਕੀਤੀ ਗਈ ਹੈ। ਇਸ ਨੀਤੀ ਤਹਿਤ ਤਾਂ ਪ੍ਰਾਇਮਰੀ ਤੋਂ ਵਧ ਕੇ ਅੱਠਵੀਂ ਜਾਂ ਇਸ ਤੋਂ ਵੀ ਵੱਧ ਭਾਵ ਜਿੱਥੋਂ ਤੱਕ ਵੀ ਸੰਭਵ ਹੋ ਸਕੇ, ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਰੱਖੇ ਜਾਣ ਦਾ ਸੁਝਾਅ ਦਿੱਤਾ ਗਿਆ ਹੈ। ਵਿਗਿਆਨਕ ਅਤੇ ਤਕਨੀਕੀ ਵਿਸ਼ਿਆਂ ਦੀ ਸ਼ਬਦਾਵਲੀ ਨੂੰ ਲੋਕ ਬੋਲੀਆਂ ਵਿੱਚ ਅਨੁਵਾਦਿਤ ਕਰਨ ਲਈ ਵਿਸ਼ੇਸ਼ ਕਮਿਸ਼ਨ ਦਾ ਗਠਨ ਵੀ ਕੀਤਾ ਗਿਆ ਹੈ। ਮੈਸੂਰ ਵਿਖੇ ਸਥਿਤ 'ਸੈਂਟਰਲ ਇਸਟੀਚਿਊਟ ਆਫ਼ ਇੰਡੀਅਨ ਲੈਂਗੂਏਜਿਜ਼' ਵੱਲੋਂ ਵੀ 'ਕੌਮੀ ਅਨੁਵਾਦ ਮਿਸ਼ਨ' ਤਹਿਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਕਿਤਾਬਾਂ ਦਾ ਲੋਕ ਬੋਲੀਆਂ ਵਿੱਚ ਅਨੁਵਾਦ ਕਰਨ ਦਾ ਵੱਡਆਕਾਰੀ ਕਾਰਜ ਕੀਤਾ ਜਾ ਰਿਹਾ ਹੈ। ਇਸੇ ਪ੍ਰਕਾਰ ਅਲੋਪ ਹੋਣ ਦੇ ਮੁਹਾਣੇ 'ਤੇ ਖੜੀਆਂ ਬੋਲੀਆਂ ਦੀ ਰਾਖੀ ਲਈ ਇੱਕ ਵਿਸ਼ੇਸ਼ ਯੋਜਨਾ 'ਪ੍ਰੋਟੈਕਸ਼ਨ ਐਂਡ ਪ੍ਰੀਜ਼ਰਵੇਸ਼ ਆਫ਼ ਐਨਡੇਂਜਰਡ ਲੈਂਗੂਏਜਜ਼ ਸਕੀਮ' ਵੀ ਸਰਕਾਰ ਵੱਲੋਂ ਅਰੰਭ ਕੀਤੀ ਗਈ ਹੈ। ਭਾਰਤ ਸਰਕਾਰ ਵੱਲੋਂ 'ਭਾਰਤਵਾਣੀ' ਪ੍ਰਾਜੈਕਟ ਅਤੇ ਗੂਗਲ ਵੱਲੋਂ 'ਨਵਲੇਖਾ' ਨਾਮਕ ਪ੍ਰਾਜੈਕਟ ਇਸੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ਹਨ।

ਵਿਸ਼ਵ ਪ੍ਰਸਿੱਧ ਵਿਦਵਾਨ ਜਾਰਜ ਬਰਨੱਡ ਸ਼ਾਅ ਨੇ ਵੀ ਕਿਹਾ ਸੀ, "ਸਾਨੂੰ ਆਪਣੀ ਮਾਂ ਬੋਲੀ ਦੀ ਖ਼ੂਬਸੂਰਤੀ ਉਸ ਵੇਲੇ ਸਮਝ ਆਉਂਦੀ ਹੈ, ਜਦੋਂ ਅਸੀਂ ਕਿਸੇ ਬੇਗਾਨੇ ਮੁਲਕ ਦੀ ਧਰਤ ਉੱਤੇ ਹੁੰਦੇ ਹਾਂ।" ਭਾਸ਼ਾ ਵਿਗਿਆਨੀ ਅਤੇ ਮਨੋਵਿਗਿਆਨੀ ਇਸ ਗੱਲ 'ਤੇ ਇੱਕਮੱਤ ਹਨ ਕਿ ਕੋਈ ਵੀ ਸੰਕਲਪ ਜਾਂ ਵਿਸ਼ਾ ਜੇਕਰ ਕਿਸੇ ਬੱਚੇ ਨੇ ਚੰਗੀ ਤਰ੍ਹਾਂ ਸਿੱਖਣਾ ਹੋਵੇ ਤਾਂ ਉਹ ਉਸੇ ਹੀ ਬੋਲੀ ਵਿੱਚ ਸਿੱਖਿਆ ਤੇ ਸਮਝਿਆ ਜਾ ਸਕਦਾ ਹੈ, ਜਿਸ ਬੋਲੀ ਨੂੰ ਬੱਚੇ ਨੇ ਆਪਣੇ ਬਚਪਨ 'ਚ ਸਿੱਖਿਆ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਉੱਘਾ ਸਾਹਿਤਕਾਰ ਤੇ ਅਦਾਕਾਰ ਬਲਰਾਜ ਸਾਹਨੀ ਜਦੋਂ ਗੁਰੂਦੇਵ ਰਵਿੰਦਰਨਾਥ ਟੈਗੋਰ ਕੋਲ ਗਿਆ ਸੀ ਤਾਂ ਉਨ੍ਹਾਂ ਨੇ ਉਸਨੂੰ ਆਪਣੀ ਮਾਂ ਬੋਲੀ 'ਚ ਸਾਹਿਤ ਰਚਣ ਦੀ ਤਾਕੀਦ ਕੀਤੀ ਸੀ ਤੇ ਫਿਰ ਬਲਰਾਜ ਨੇ ਜੋ ਰਚਨਾਵਾਂ ਮਾਂ ਬੋਲੀ 'ਚ ਰਚੀਆਂ, ਬਹੁਤ ਹੀ ਮਕਬੂਲ ਹੋਈਆਂ ਸਨ। ਗੁਰੂਦੇਵ ਟੈਗੋਰ ਦੀ ਨੋਬਲ ਇਨਾਮ ਪ੍ਰਾਪਤ ਕਾਵਿ-ਪੁਸਤਕ 'ਗੀਤਾਂਜਲੀ' ਵੀ ਉਨ੍ਹਾਂ ਦੀ ਮਾਂ ਬੋਲੀ ਬੰਗਾਲੀ ਵਿੱਚ ਹੀ ਸੀ, ਜਿਸਦਾ ਬਾਅਦ ਵਿੱਚ ਅੰਗਰੇਜ਼ੀ ਭਾਸ਼ਾ 'ਚ ਵੀ ਅਨੁਵਾਦ ਕੀਤਾ ਗਿਆ ਸੀ।

ਅੱਜ ਪੰਜਾਬੀ ਮਾਂ ਬੋਲੀ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਹੈ। ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਨੂੰ ਪੰਜਾਬੀ ਨਾਲ ਜਿੰਨਾ ਪ੍ਰੇਮ ਹੈ, ਓਨਾ ਪੰਜਾਬ ਦੀ ਮਿੱਟੀ 'ਚ ਵੱਸਦੇ ਨੌਜਵਾਨਾਂ ਅਤੇ ਬੱਚਿਆਂ ਅੰਦਰ ਨਹੀਂ ਹੈ। ਇੱਥੇ ਲੋਕ ਹਿੰਦੀ ਜਾਂ ਅੰਗਰੇਜ਼ੀ ਵਿੱਚ ਗੱਲ ਕਰਨਾ ਆਪਣਾ 'ਸਟੇਟਸ' ਸਮਝਦੇ ਹਨ ਤੇ ਪੰਜਾਬੀ 'ਚ ਗੱਲ ਕਰਨਾ ਉਨ੍ਹਾਂ ਨੂੰ ਹੀਣ ਭਾਵਨਾ ਭਰਿਆ ਲੱਗਦਾ ਹੈ। ਪੰਜਾਬ ਦੀ ਹੱਦ ਅੰਦਰ ਸਥਿਤ ਅਸੰਖਾਂ ਵਿੱਦਿਅਕ ਅਦਾਰਿਆਂ ਤੇ ਖ਼ਾਸ ਕਰਕੇ ਛੋਟੇ ਬੱਚਿਆਂ ਨਾਲ ਜੁੜੇ ਵਿੱਦਿਅਕ ਅਦਾਰਿਆਂ ਅੰਦਰ ਪ੍ਰਬੰਧਕਾਂ ਵੱਲੋਂ ਅਧਿਆਪਕਾਂ ਅਤੇ ਬੱਚਿਆਂ ਦੇ ਪੰਜਾਬੀ ਬੋਲਣ ਦੀ ਮਨਾਹੀ ਹੈ। ਪੰਜਾਬੀ ਲੋਕ ਆਪਣੇ ਬੱਚਿਆਂ ਦੇ ਮੂੰਹੋਂ ਫ਼ਰਾਟੇਦਾਰ ਅੰਗਰੇਜ਼ੀ ਨਿਕਲਦੀ ਵੇਖ ਕੇ ਮਾਣ ਨਾਲ ਫੁੱਲ ਜਾਂਦੇ ਹਨ। ਇਹ ਪ੍ਰਵਿਰਤੀ ਅਤੇ ਸੋਚ ਬਿਲਕੁਲ ਵੀ ਠੀਕ ਨਹੀਂ ਹਨ। ਅੰਗਰੇਜ਼ੀ ਸਿੱਖਣਾ ਜਾਂ ਬੋਲਣਾ ਸਮੇਂ ਦੀ ਲੋੜ ਹੈ ਤੇ ਕੋਈ ਮਾੜੀ ਗੱਲ ਵੀ ਨਹੀਂ ਹੈ, ਪਰ ਪੰਜਾਬੀ ਦੀ ਕਬਰ ਉੱਤੇ ਅੰਗਰੇਜ਼ੀ ਜਾਂ ਕਿਸੇ ਹੋਰ ਬੋਲੀ ਦੇ ਫੁੱਲ ਖਿੜਾਉਣ ਦੀ ਹਰਕਤ ਬਿਲਕੁਲ ਵੀ ਵਾਜਿਬ ਨਹੀਂ ਹੈ। ਸਾਨੂੰ ਇਹ ਗੱਲ ਘੁੱਟ ਕੇ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ:

ਮਾਂ ਬੋਲੀ ਹੈ ਇੱਜ਼ਤ ਸਾਡੀ,
ਮਾਂ ਬੋਲੀ ਹੈ ਗਹਿਣਾ।
ਭੁੱਲ ਗਏ ਜੇਕਰ ਮਾਂ ਬੋਲੀ ਨੂੰ,
ਸਾਡਾ ਕੁਝ ਨਹੀਂ ਰਹਿਣਾ।

ਪੰਜਾਬੀ ਮਾਂ ਬੋਲੀ ਦੀ ਅਮੋਲਕ ਦੇਣ ਪ੍ਰਤੀ ਅਣਗਹਿਲੀ ਤੇ ਬੇਪ੍ਰਵਾਹੀ ਵਰਤਣ ਵਾਲੇ ਸਾਡੇ ਵਰਗੇ ਨਾਸ਼ੁਕਰੇ ਪੰਜਾਬੀਆਂ ਬਾਰੇ ਸਿਰਮੌਰ ਕਵੀ ਫ਼ਿਰੋਜ਼ਦੀਨ ਸ਼ਰਫ਼ ਨੇ ਕਿੰਨਾ ਸਹੀ ਕਿਹਾ ਸੀ:

ਪੁੱਛੀ ਸ਼ਰਫ਼ ਨਾ ਜਿਨ੍ਹਾਂ ਨੇ ਬਾਤ ਮੇਰੀ
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

# ਇਲੀਨਾਏ ਸਟੇਟ 'ਚ ਫਰਵਰੀ ਨੂੰ ਪੰਜਾਬੀ ਭਾਸ਼ਾ ਮਹੀਨੇ ਵਜੋਂ ਮਾਨਤਾ

**ਸਪਰਿੰਗਫੀਲਡ, ਇਲੀਨਾਏ:** ਰਾਜ ਦੇ ਅੰਦਰ ਪੰਜਾਬੀ ਬੋਲਣ ਵਾਲੇ ਵਸਨੀਕਾਂ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਦੀ ਇੱਕ ਮਹੱਤਵਪੂਰਨ ਮਾਨਤਾ ਵਿੱਚ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ ਅਧਿਕਾਰਤ ਤੌਰ 'ਤੇ ਫਰਵਰੀ 2026 ਨੂੰ ਇਲੀਨਾਏ ਵਿੱਚ 'ਪੰਜਾਬੀ ਭਾਸ਼ਾ ਮਹੀਨਾ' ਵਜੋਂ ਘੋਸ਼ਿਤ ਕੀਤਾ ਹੈ। ਇਹ ਐਲਾਨਨਾਮਾ ਪੰਜਾਬੀ ਭਾਈਚਾਰੇ ਦੇ ਯੋਗਦਾਨ ਦਾ ਸਨਮਾਨ ਕਰਦਾ ਹੈ ਅਤੇ ਸੰਯੁਕਤ ਰਾਸ਼ਟਰ ਦੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਨਾਲ ਮੇਲ ਖਾਂਦਾ ਹੈ, ਜੋ ਕਿ 21 ਫਰਵਰੀ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਯੂਨੈਸਕੋ ਦੁਆਰਾ ਪ੍ਰਵਾਨਿਤ ਇਹ ਦਿਨ ਸਾਰੀਆਂ ਭਾਸ਼ਾਵਾਂ ਦੀ ਸੰਭਾਲ ਅਤੇ ਸੁਰੱਖਿਆ ਦੀ ਵਕਾਲਤ ਕਰਦੇ ਹੋਏ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਦਾ ਹੈ।

ਪੰਜਾਬੀ ਭਾਸ਼ਾ ਦੁਨੀਆ ਵਿੱਚ ਨੌਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਜੋ ਕਿ 7ਵੀਂ ਸਦੀ ਦੇ ਆਸ-ਪਾਸ ਦੱਖਣੀ ਏਸ਼ੀਆ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡੇ ਹੋਏ ਪੰਜਾਬ ਖੇਤਰ ਵਿੱਚ ਉਤਪੰਨ ਹੋਈ ਸੀ। ਅੱਜ ਦੁਨੀਆ ਭਰ ਵਿੱਚ 113 ਮਿਲੀਅਨ ਤੋਂ ਵੱਧ ਲੋਕ ਪੰਜਾਬੀ ਬੋਲਦੇ ਹਨ। ਪੰਜਾਬ ਖੇਤਰ ਵਿੱਚ ਸਿੱਖ, ਹਿੰਦੂ, ਮੁਸਲਿਮ ਅਤੇ ਈਸਾਈ ਭਾਈਚਾਰੇ ਦੇ ਲੋਕ ਪੰਜਾਬੀ ਨੂੰ ਮੁੱਖ ਭਾਸ਼ਾ ਵਜੋਂ ਵਰਤਦੇ ਹਨ। ਇੱਥੋਂ ਤੱਕ ਕੇ ਭਾਰਤ ਦੀਆਂ ਹੋਰਨਾਂ ਸਟੇਟਾਂ ਤੋਂ ਪੰਜਾਬ ਵਿੱਚ ਆ ਵਸੇ ਲੋਕ ਵੀ ਪੰਜਾਬੀ ਬੋਲਣ ਲੱਗੇ ਹਨ। ਪੰਜਾਬੀ ਭਾਰਤ, ਪਾਕਿਸਤਾਨ, ਯੂਨਾਈਟਿਡ ਕਿੰਗਡਮ ਤੇ ਕੈਨੇਡਾ ਵਿੱਚ ਇੱਕ ਅਧਿਕਾਰਤ ਭਾਸ਼ਾ ਵਜੋਂ ਦਰਜਾ ਰੱਖਦੀ ਹੈ ਅਤੇ ਮਲੇਸ਼ੀਆ, ਪੂਰਬੀ ਅਫ਼ਰੀਕੀ ਦੇਸ਼ਾਂ, ਸੰਯੁਕਤ ਅਰਬ ਅਮੀਰਾਤ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਵਿੱਚ ਵੀ ਪੰਜਾਬੀ ਬੋਲਦੇ ਭਾਈਚਾਰੇ ਮਿਲ ਸਕਦੇ ਹਨ।


ਸੰਯੁਕਤ ਰਾਜ ਅਮਰੀਕਾ ਦੇ ਅੰਦਰ 750,000 ਤੋਂ ਵੱਧ ਪੰਜਾਬੀ ਬੋਲਣ ਵਾਲੇ ਅਮਰੀਕੀ ਹਨ, ਜਿਨ੍ਹਾਂ ਵਿੱਚੋਂ 50,000 ਤੋਂ ਵੱਧ ਇਲੀਨਾਏ ਸਟੇਟ ਵਿੱਚ ਰਹਿੰਦੇ ਹਨ।

ਸ਼ਿਕਾਗੋ ਦੀ ਪੰਜਾਬੀ ਸੱਭਿਆਚਾਰਕ ਸੁਸਾਇਟੀ (ਪੀ.ਸੀ.ਐਸ.) ਦੀ ਚੇਅਰਵੂਮੈਨ ਡਾ. ਪ੍ਰਿਮਲ ਕੌਰ ਨੇ ਪੰਜਾਬੀਆਂ ਦੇ ਮਾਣਮੱਤੇ, ਸਾਹਸੀ ਅਤੇ ਪ੍ਰਾਹੁਣਚਾਰੀ ਵਾਲੇ ਸੁਭਾਅ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਭਾਈਚਾਰਾ ਆਪਣੀ ਬਹਾਦਰੀ ਤੇ ਮੌਜ-ਮਸਤੀ ਦੇ ਪਿਆਰ ਲਈ ਅਤੇ ਦੁਨੀਆ ਨੂੰ ਸੁਆਦੀ ਪੰਜਾਬੀ ਪਕਵਾਨਾਂ ਨਾਲ ਜਾਣੂ ਕਰਵਾਉਣ ਲਈ ਜਾਣਿਆ ਜਾਂਦਾ ਹੈ।

ਪੰਜਾਬੀ ਭਾਸ਼ਾ ਮਹੀਨੇ ਨੂੰ ਮਨਾਉਣ ਲਈ ਮੈਟਰੋਸਿਟੀ ਸ਼ਿਕਾਗੋ ਖੇਤਰ ਵਿੱਚ ਕਈ ਗਤੀਵਿਧੀਆਂ ਅਤੇ ਸਮਾਗਮ ਤੈਅ ਕੀਤੇ ਗਏ ਹਨ। ਪੀ.ਸੀ.ਐਸ. ਸ਼ਿਕਾਗੋ ਦੇ ਪ੍ਰਧਾਨ ਬਿਕਰਮ ਸਿੰਘ ਸੋਹੀ ਅਨੁਸਾਰ ਇੱਕ ਮੁੱਖ ਆਕਰਸ਼ਣ 'ਰੰਗਲਾ ਪੰਜਾਬ' ਸਮਾਗਮ ਹੈ, ਜੋ ਕਿ 25 ਅਪ੍ਰੈਲ 2026 ਨੂੰ ਸ਼ਿਕਾਗੋ ਦੇ ਕੋਪਰਨਿਕਸ ਸੈਂਟਰ ਦੇ ਗੇਟਵੇ ਥੀਏਟਰ ਵਿੱਚ ਹੋਵੇਗਾ।

ਪੀ.ਸੀ.ਐਸ. ਦੇ ਬੋਰਡ ਆਫ਼ ਗਵਰਨਰਜ਼ ਦੇ ਮੈਂਬਰ ਰਾਜਿੰਦਰ ਸਿੰਘ ਮਾਗੋ ਨੇ ਪੰਜਾਬੀ ਬੋਲਣ ਵਾਲੇ ਇਲੀਨਾਏ ਵਾਸੀਆਂ ਦੀ ਆਪਣੀ ਅਮੀਰ ਭਾਸ਼ਾ, ਸਾਹਿਤ, ਕਲਾ, ਸੰਗੀਤ, ਨਾਚ, ਸੱਭਿਆਚਾਰ, ਫਿਲਮਾਂ, ਤਿਉਹਾਰਾਂ ਅਤੇ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਵਿਸ਼ਾਲ ਅਮਰੀਕੀ ਭਾਈਚਾਰੇ ਨਾਲ ਸਾਂਝਾ ਕਰਨ ਦੀ ਮਜਬੂਤ ਵਚਨਬੱਧਤਾ 'ਤੇ ਜ਼ੋਰ ਦਿੱਤਾ। ਬ੍ਰਿਟਿਸ਼ ਭਾਰਤੀ ਫੌਜ ਵਿੱਚ ਪੰਜਾਬੀਆਂ ਨੂੰ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਉਨ੍ਹਾਂ ਦੀ ਬਹਾਦਰੀ ਲਈ ਸਨਮਾਨਿਤ ਕੀਤਾ ਗਿਆ ਹੈ, ਕਿਸੇ ਵੀ ਹੋਰ ਗੈਰ-ਬ੍ਰਿਟਿਸ਼ ਭਾਈਚਾਰੇ ਨਾਲੋਂ ਸਹਿਯੋਗੀਆਂ ਲਈ ਲੜਾਈ ਵਿੱਚ ਬਹਾਦਰੀ ਲਈ ਵਧੇਰੇ ਚੋਟੀ ਦੇ ਤਗਮੇ ਪ੍ਰਾਪਤ ਕੀਤੇ ਹਨ।

ਪੰਜਾਬੀ ਅਮਰੀਕੀਆਂ ਨੇ ਵੱਖ-ਵੱਖ ਖੇਤਰਾਂ ਵਿੱਚ



STATE OF ILLINOIS
EXECUTIVE DEPARTMENT

Proclamation

*WHEREAS, native to the Punjab region of India and Pakistan, Punjabi is the ninth most widely spoken language in the world: and,*

*WHEREAS, Punjabi has a significant number of speakers in India, Pakistan, the United Kingdom, the United States, Canada, and Australia, as well as smaller communities of speakers in other countries, and,*

*WHEREAS, more than 750,000 Punjabis are Americans, with more than 50,000 of that number being Illinoisans; and,*

*WHEREAS, the Punjabi Cultural Society of Chicago and the Illinois Punjabi-speaking community are committed to preserving, protecting, and sharing Punjabi language, literature, art, culture, and tradition with their fellow Illinoisans;*

*THEREFORE, I, JB Pritzker, Governor of the State of Illinois, do hereby proclaim February 2026 as **Punjabi Language Month** in Illinois.*

In Witness Whereof, *I have hereunto set my hand and caused the Great Seal of the State of Illinois to be affixed.*

*Done at the Capitol in the City of Springfield, this* TWENTY-EIGHTH *day of* JANUARY, *in the Year of Our Lord, two thousand and* TWENTY-SIX, *and of the State of Illinois, two hundred and* SEVENTH.

SECRETARY OF STATE

GOVERNOR

ਵਿਲੱਖਣਤਾ ਪ੍ਰਾਪਤ ਕੀਤੀ ਹੈ। ਕੈਲੀਫੋਰਨੀਆ ਤੋਂ ਪਹਿਲੇ ਏਸ਼ੀਆਈ ਅਮਰੀਕੀ ਕਾਂਗਰਸਮੈਨ ਦਲੀਪ ਸਿੰਘ ਸੌਂਦ ਇੱਕ ਸਿੱਖ ਪੰਜਾਬੀ ਸਨ। ਹੋਰ ਪ੍ਰਮੁੱਖ ਪੰਜਾਬੀ ਅਮਰੀਕੀਆਂ ਵਿੱਚ ਦਵਾਈ ਵਿੱਚ ਨੋਬਲ ਪੁਰਸਕਾਰ ਜੇਤੂ ਡਾ. ਹਰਗੋਬਿੰਦ ਖੁਰਾਨਾ, ਲੁਈਸਿਆਨਾ ਦੇ ਸਾਬਕਾ ਗਵਰਨਰ ਬੌਬੀ ਜਿੰਦਲ, ਦੱਖਣੀ ਕੈਰੋਲੀਨਾ ਦੇ ਸਾਬਕਾ ਗਵਰਨਰ ਨਿੱਕੀ ਹੇਲੀ, ਅਮਰੀਕੀ ਕਾਂਗਰਸਮੈਨ ਰੋ ਖੰਨਾ, ਨਾਸਾ ਦੇ ਪੁਲਾੜ ਯਾਤਰੀ ਕਲਪਨਾ ਚਾਵਲਾ, ਫਾਈਬਰ-ਆਪਟਿਕਸ ਦੇ ਪਿਤਾਮਾ ਨਰਿੰਦਰ ਸਿੰਘ ਕਪਾਨੀ, ਸਨ ਮਾਈਕ੍ਰੋਸਿਸਟਮ ਦੇ ਸਹਿ-ਸੰਸਥਾਪਕ ਵਿਨੋਦ ਖੋਸਲਾ, ਹਾਟਮੇਲ ਦੇ ਸਹਿ-ਸੰਸਥਾਪਕ ਸਬੀਰ ਭਾਟੀਆ, ਪੈਂਟੀਅਮ ਚਿੱਪ ਦੇ ਖੋਜੀ ਵਿਨੋਦ ਧਾਮ ਅਤੇ ਮਾਸਟਰਕਾਰਡ ਦੇ ਸਾਬਕਾ ਸੀ.ਈ.ਓ. ਅਤੇ ਵਿਸ਼ਵ ਬੈਂਕ ਦੇ ਮੌਜੂਦਾ ਪ੍ਰਧਾਨ ਅਜੈ ਬੰਗਾ ਸ਼ਾਮਲ ਹਨ। ਦੱਖਣੀ ਕੈਲੀਫੋਰਨੀਆ 'ਚ ਬਹੁਤ ਸਾਰੇ ਸਫਲ ਕਿਸਾਨ ਵੀ ਹਨ ਜੋ ਬਦਾਮ, ਸੌਗੀ ਤੇ ਆੜੂ ਵਰਗੀਆਂ ਕਈ ਕਿਸਮਾਂ ਦੀਆਂ ਫਸਲਾਂ ਉਗਾਉਂਦੇ ਹਨ।

ਪੰਜਾਬੀਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਕੈਨੇਡਾ ਵਿੱਚ ਪ੍ਰਸਿੱਧ ਸ਼ਖਸੀਅਤਾਂ ਵਿੱਚ ਸਾਬਕਾ ਰਾਸ਼ਟਰੀ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਸਾਬਕਾ ਰਾਸ਼ਟਰੀ ਰੱਖਿਆ ਮੰਤਰੀ ਅਤੇ ਮੌਜੂਦਾ ਵਿਦੇਸ਼ ਮੰਤਰੀ ਅਨੀਤਾ ਆਨੰਦ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਸਾਬਕਾ ਨੇਤਾ ਜਗਮੀਤ ਸਿੰਘ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਗਵਰਨਰ ਉੱਜਲ ਦੋਸਾਂਝ ਸ਼ਾਮਲ ਹਨ। ਨਿਊਜ਼ੀਲੈਂਡ ਵਿੱਚ ਕੰਵਲਜੀਤ ਸਿੰਘ ਬਖਸ਼ੀ ਸੰਸਦ ਮੈਂਬਰ ਵਜੋਂ ਸੇਵਾ ਨਿਭਾਅ ਰਹੇ ਹਨ। ਭਾਰਤ ਤੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਇੰਦਰ ਕੁਮਾਰ ਗੁਜਰਾਲ ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਪੰਜਾਬੀ ਮੂਲ ਦੇ ਸਨ। ਯੂਨਾਈਟਿਡ ਕਿੰਗਡਮ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਪੰਜਾਬੀ ਵਿਰਾਸਤ ਦੇ ਹਨ।

# ਵਾਹਗਾ ਬਾਰਡਰ ਅਤੇ ਲਾਹੌਰ ਦੀਆਂ ਗੱਲਾਂ

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਨੌਵੀਂ ਕਿਸ਼ਤ, ਜਿਸ ਵਿੱਚ ਤਾਹਿਰ ਦੇ ਦਫ਼ਤਰ, ਲਾਹੌਰ ਨੂੰ ਅਲਵਿਦਾ ਆਖਣ ਅਤੇ ਦੂਜੀ ਫੇਰੀ ਦੌਰਾਨ ਲਾਹੌਰ ਨੂੰ ਫਿਰ ਆ ਮਿਲਣ ਦਾ ਸੰਖੇਪ ਵੇਰਵਾ ਦਰਜ ਹੈ...*



**ਰਵਿੰਦਰ ਸਹਿਰਾਅ**
ਫੋਨ: 219-900-1115

## ਤਾਹਿਰ ਦੇ ਦਫ਼ਤਰ ਵਿੱਚ

ਗੌਰਮਿੰਟ ਕਾਲਜ ਯੂਨੀਵਰਸਿਟੀ ਤੋਂ ਵਿਹਲੇ ਹੋ ਕੇ ਅਸੀਂ ਤਾਹਿਰ ਦੇ ਦਫ਼ਤਰ ਵਿੱਚ ਗਏ। ਉਥੇ ਬਾਬਾ ਨਜ਼ਮੀ ਸਾਡੀ ਉਡੀਕ ਕਰ ਰਹੇ ਸਨ। ਬਾਬਾ ਜੀ ਦੀਆਂ ਮਨਮੋਹਣੀਆਂ ਗੱਲਾਂ ਨੇ ਸਾਡਾ ਦਿਲ ਲਾਈ ਰੱਖਿਆ। ਬਾਬਾ ਜੀ ਵਿੱਚ-ਵਿੱਚ ਸ਼ੇਅਰੋ-ਸ਼ਾਇਰੀ ਵੀ ਕਰਦੇ ਰਹੇ। ਉਨ੍ਹਾਂ ਤਾਹਿਰ ਦੇ ਕੰਨ ਵਿੱਚ ਕੁੱਝ ਕਿਹਾ ਪਰ ਸਾਨੂੰ ਸੁਣਿਆ ਨਾ। ਤਾਹਿਰ ਕਹਿੰਦਾ, 'ਬਾਬਾ ਜੀ ਪੁੱਛ ਕੇ ਦੇਖਦਾਂ।' ਮੈਂ ਕਿਹਾ, 'ਬਈ ਕੀ ਗੱਲ ਹੈ ਸਾਨੂੰ ਵੀ ਤਾਂ ਪਤਾ ਲੱਗੇ।'

ਤਾਹਿਰ ਨੇ ਦੱਸਿਆ ਕਿ ਬਾਬਾ ਜੀ ਤੁਹਾਡਾ ਮਾਣ ਸਨਮਾਨ ਕਰਨਾ ਚਾਹੁੰਦੇ ਹਨ। ਅਸੀਂ ਨਾਂਹ ਕੀਤੀ, ਪਰ ਉਨ੍ਹਾਂ ਬਹੁਤ ਹੀ ਜ਼ੋਰ ਨਾਲ ਤੇ ਬੜੇ ਪਿਆਰ ਨਾਲ ਫਿਰ ਆਖਿਆ ਤਾਂ ਅਸੀਂ ਚੁੱਪ ਹੋ ਗਏ। ਬਾਬਾ ਨਜ਼ਮੀ ਜੀ ਨੀਰੂ ਲਈ ਸ਼ਾਲ ਤੇ ਮੇਰੇ ਲਈ ਲੋਈ ਲੈ ਕੇ ਆਏ ਸਨ। ਅਸੀਂ ਉਨ੍ਹਾਂ ਦੇ ਪਿਆਰ ਅੱਗੇ ਝੁਕ ਕੇ ਇਹ ਸਵੀਕਾਰ ਕਰ ਲਿਆ। ਬਾਬਾ ਜੀ ਦੀ ਲੜਕੀ ਜੋ ਪਹਿਲਾਂ ਮੈਰੀਲੈਂਡ 'ਚ ਰਹਿੰਦੀ ਸੀ, ਅੱਜ ਕਲ੍ਹ ਸ਼ਿਕਾਗੋ ਵਿੱਚ ਹੈ। ਅਸੀਂ ਬਾਬਾ ਜੀ ਨੂੰ ਕਿਹਾ ਕਿ ਜਦੋਂ ਤੁਹਾਡਾ ਅਮਰੀਕਾ ਦੀ ਫੇਰੀ ਦਾ ਬਣੇ ਤਾਂ ਸਾਨੂੰ ਜ਼ਰੂਰ ਦੱਸਣਾ; ਕਿਉਂਕਿ ਸ਼ਿਕਾਗੋ ਸਾਡੇ ਕੋਲੋਂ 60 ਮੀਲ ਦੀ ਦੂਰੀ 'ਤੇ ਹੀ ਹੈ। ਅਸੀਂ ਤੁਹਾਨੂੰ ਲੈ ਆਵਾਂਗੇ। ਉਨ੍ਹਾਂ ਨੇ ਸਾਡੇ ਨਾਲ ਵਾਅਦਾ ਕੀਤਾ ਕਿ ਜਦੋਂ ਵੀ ਅਮਰੀਕਾ ਦਾ ਵੀਜ਼ਾ ਲੱਗਿਆ, ਮੈਂ ਜ਼ਰੂਰ ਮਿਲਾਂਗਾ।

ਦਫ਼ਤਰ ਤੋਂ ਵਿਹਲੇ ਹੋ ਕੇ ਤਾਹਿਰ ਸਾਨੂੰ ਇੱਕ ਰੈਸਟੋਰੈਂਟ ਵਿੱਚ ਲੰਚ ਵਾਸਤੇ ਲੈ ਗਿਆ। ਅਸੀਂ ਇਕੱਠਿਆਂ ਲੰਚ ਕੀਤਾ ਤੇ ਦੋਵਾਂ ਦਾ ਧੰਨਵਾਦ ਕੀਤਾ।

ਉਧਰ ਮੁਸ਼ਤਾਕ ਸੂਫ਼ੀ ਸਾਨੂੰ ਪਿਲਾਕ ਵਿੱਚ ਉਡੀਕ ਰਿਹਾ ਸੀ। ਸੋ ਡਰਾਈਵਰ ਸਾਨੂੰ ਉਥੇ ਲੈ ਗਿਆ। ਅਸਲ ਵਿੱਚ ਬਾਬਾ ਨਜ਼ਮੀ ਤੇ ਸੂਫ਼ੀ ਹੋਰੀਂ ਸਾਨੂੰ ਆਪੋ ਆਪਣੇ ਘਰ ਬੁਲਾਉਣਾ ਚਾਹੁੰਦੇ ਸਨ, ਪਰ ਵਕਤ ਦੀ ਕਮੀ ਕਾਰਨ ਅਸੀਂ ਇੰਜ ਨਾ ਕਰ ਸਕੇ ਤੇ ਉਨ੍ਹਾਂ ਨੂੰ ਬਾਹਰ ਹੀ ਮਿਲ ਲਿਆ ਗਿਆ। ਸਵੇਰੇ ਸਾਡੀ ਵਾਪਸੀ ਜੋ ਸੀ। ਰੱਜ ਕੇ ਗੱਲਾਂ ਵੀ ਹੋਈਆਂ। ਖ਼ਾਕਾਨ ਗਾਜੀ ਹੋਰੀਂ ਪਾਰਖੂ ਵੀ ਨੇ ਤੇ ਗੀਤਕਾਰ ਵੀ। ਫ਼ਿਲਮ 'ਮੌਲਾ ਜੱਟ' ਵਿੱਚ ਉਨ੍ਹਾਂ ਦੇ ਗੀਤ ਬੜੇ ਸਲਾਹੇ ਗਏ ਹਨ। ਅਸੀਂ ਫਿਰ ਮਿਲਣ ਦਾ ਵਾਅਦਾ ਕਰਕੇ ਉਨ੍ਹਾਂ ਤੋਂ ਵਿਦਾਇਗੀ ਲਈ।

## ਅਲਵਿਦਾ ਲਾਹੌਰ

ਪੰਜ ਦਸੰਬਰ ਦੀ ਸ਼ਾਮ ਨੂੰ ਹੀ ਅਸੀਂ ਤਾਹਿਰ ਸੰਧੂ ਨਾਲ ਸਲਾਹ ਕਰਕੇ ਤੈਅ ਕਰ ਲਿਆ ਸੀ ਕਿ ਉਹ ਅਤੇ ਸ਼ਾਹਜੇਬ ਸਵੇਰੇ ਅੱਠ ਵਜੇ ਸਾਡੇ ਕੋਲ ਹੋਟਲ ਪਹੁੰਚ ਜਾਣ ਤੇ ਅਸੀਂ ਉਥੋਂ ਨਾਸ਼ਤਾ ਕਰਕੇ ਹੀ ਵਾਹਗਾ ਬਾਰਡਰ ਵੱਲ ਚਾਲੇ ਪਾਵਾਂਗੇ। ਸਾਡਾ ਡਰਾਈਵਰ ਅਜ਼ਾਜ ਵਕਤ ਦਾ ਬੜਾ ਪਾਬੰਦ ਸੀ। ਉਹ ਸੱਤ ਵਜੇ ਹੀ ਤਾਹਿਰ ਦੇ ਘਰ ਪਹੁੰਚ ਗਿਆ ਤੇ ਠੀਕ ਅੱਠ ਵਜੇ ਉਹ ਸਾਡੇ ਕੋਲ ਹੋਟਲ ਵਿੱਚ ਸਨ।

ਅਸੀਂ ਵੀ ਤਿਆਰ-ਬਰ-ਤਿਆਰ ਸੀ। ਹੋਟਲ ਦੀ ਛੱਤ ਉੱਪਰ ਬਣੇ ਰੈਸਟੋਰੈਂਟ ਵਿੱਚ ਅਸੀਂ ਲੋੜ ਅਨੁਸਾਰ ਖਾਣਾ ਖਾਧਾ। ਛੱਤ ਤੋਂ ਸਵੇਰੇ ਧੁੰਦ ਕਾਰਨ ਲਾਹੌਰ ਥੋੜ੍ਹਾ ਧੁੰਦਲਾ-ਧੁੰਦਲਾ ਦਿਸ ਰਿਹਾ ਸੀ। ਉਂਜ ਦਿਨ ਵੇਲੇ ਦੂਰ ਤਕ ਬੜਾ ਸਾਫ਼ ਨਜ਼ਾਰਾ ਦਿਸਦਾ ਹੈ। ਏਨੇ ਦਿਨ ਇੱਥੇ ਰਹਿਣ ਕਰਕੇ ਹੋਟਲ ਅਤੇ ਰੈਸਟੋਰੈਂਟ ਦਾ ਸਾਰਾ ਸਟਾਫ਼ ਸਾਡੇ ਨਾਲ ਘੁਲ-ਮਿਲ ਗਿਆ ਸੀ। ਨੌਜੁਆਨ ਮੈਨੇਜਰ ਕੁੜੀ (ਜਿਸਦਾ ਨਾਮ ਸ਼ਾਇਦ ਉਮਾ ਸੀ) ਤਾਂ ਸਾਨੂੰ ਬੱਚਿਆਂ ਵਾਂਗ ਪਿਆਰ ਕਰਦੀ ਸੀ। ਉਂਜ ਤਾਂ ਹੋਟਲ ਵਿੱਚ ਰਹਿਣ ਵਾਲੇ ਹੀ ਫ਼ਰੀ ਨਾਸ਼ਤਾ ਕਰ ਸਕਦੇ ਸਨ, ਪਰ ਸਾਡੇ ਨਾਲ ਤਾਹਿਰ ਹੋਰੀਂ ਵੀ ਸ਼ਾਮਲ ਹੋ ਜਾਣ ਦੇ ਬਾਵਜੂਦ ਉਹਨੇ ਕਦੀ ਇਤਰਾਜ਼ ਨਹੀਂ ਕੀਤਾ। ਮੈਂ ਹੱਸਦਿਆਂ ਕਿਹਾ, "ਉਮਾ ਤੈਨੂੰ ਅਮਰੀਕਾ ਨਾਲ ਲੈ ਚੱਲੀਏ?" ਤਾਂ ਕਹਿੰਦੀ ਮੇਰੇ ਬੰਦੇ ਦਾ ਕੀ ਬਣੂ ਫਿਰ। ਉਸਦਾ ਵਿਆਹ ਹੋਇਆਂ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ।

ਨਾਸ਼ਤੇ ਤੋਂ ਬਾਅਦ ਤੁਰਨ ਲੱਗਿਆਂ ਨੀਰੂ ਨੇ ਉਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਪੰਜ-ਪੰਜ ਸੌ ਰੁਪਏ ਦੀ ਟਿੱਪ ਦਿੱਤੀ। ਉਨ੍ਹਾਂ ਸਾਡੇ ਨਾਲ ਫ਼ੋਟੋਆਂ ਵੀ ਖਿਚਵਾਈਆਂ। ਕਹਿੰਦੇ ਅਗਲੀ ਵੇਰ ਆਉਗੇ ਤਾਂ ਸਾਡੇ ਕੋਲ ਹੀ ਠਹਿਰਿਉ। ਅਗਲੀ ਵੇਰ ਭਾਵੇਂ ਕਿਸੇ ਨੂੰ ਵੀ ਨਹੀਂ ਪਤਾ ਕੀ ਹੋਣਾ ਹੈ, ਪਰ ਅਸੀਂ ਜਿਵੇਂ ਕਹਿੰਦੇ ਹੁੰਦੇ ਨੇ, 'ਜੀਵੇ ਆਸਾ ਤੇ ਮਰੇ ਨਿਰਾਸਾ' ਮੁਤਾਬਕ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਜ਼ਰੂਰ ਆਵਾਂਗੇ; ਤੇ ਜੇਕਰ ਤੁਸੀਂ ਇੱਥੇ ਹੀ ਕੰਮ ਕਰਦੇ ਹੋਏ ਤਾਂ ਮਿਲਾਂਗੇ ਵੀ। ਸੱਚ-ਮੁੱਚ ਹੀ ਉਹ ਸਾਰੇ ਮੁਲਾਜ਼ਮ ਜੋ ਸਾਡਾ ਬੜਾ ਖ਼ਿਆਲ ਰੱਖਦੇ ਸਨ, ਸਾਨੂੰ ਸਾਡੇ ਪਰਿਵਾਰ ਦੇ ਜੀਅ ਹੀ ਲੱਗ ਰਹੇ ਸਨ।

ਥੱਲੇ ਆਏ ਤਾਂ ਸੁਰੱਖਿਆ ਮੁਲਾਜ਼ਮ ਵੀ ਬੜੀ ਹੀ ਮੁਹੱਬਤ ਨਾਲ ਮਿਲੇ। ਸਾਡਾ ਡਰਾਈਵਰ ਅਜ਼ਾਜ ਅਹਿਮਦ ਵੀ ਬੜਾ ਉਦਾਸ ਲੱਗ ਰਿਹਾ ਸੀ। ਕਹਿੰਦਾ, "ਅੱਜ ਤੱਕ ਮੈਨੂੰ ਕਿਸੇ ਵੀ ਗਾਹਕ ਨੇ ਆਪਣਿਆਂ ਵਰਗਾ ਸਲੂਕ ਨਹੀਂ ਕੀਤਾ।" ਨੀਰੂ ਨੂੰ ਕਹਿੰਦਾ, "ਬਾਜੀ ਅੱਜ ਮੈਨੂੰ ਇੰਜ ਲੱਗ ਰਿਹਾ ਜਿਵੇਂ ਮੇਰਾ ਟੱਬਰ ਮੇਰੇ ਕੋਲੋਂ ਵਿੱਛੜ ਰਿਹਾ ਹੋਵੇ।" ਉਸ ਦੀਆਂ ਗੱਲਾਂ ਨੇ ਸਾਨੂੰ ਵੀ ਭਾਵੁਕ ਕਰ ਦਿੱਤਾ।

ਹੁਣ ਉਸਦੀ ਕਾਰ ਲਾਹੌਰ-ਵਾਹਗਾ ਸੜਕ 'ਤੇ ਦੌੜ ਰਹੀ ਸੀ। ਲਾਹੌਰ ਤੋਂ ਵਾਹਗਾ ਭਾਵੇਂ ਚੌਵੀ-ਪੰਝੀ ਕਿਲੋਮੀਟਰ ਹੈ, ਪਰ ਸੜਕ 'ਤੇ ਆਵਾਜਾਈ ਜ਼ਿਆਦਾ ਹੋਣ ਕਾਰਨ ਇੱਕ ਘੰਟੇ ਦੇ ਕਰੀਬ ਲੱਗ ਜਾਂਦਾ ਹੈ। ਉਂਜ ਵੀ ਸਾਡਾ ਜੀਅ ਹੀ ਨਹੀਂ ਸੀ ਕਰਦਾ ਕਿ ਇਹ ਸਫ਼ਰ ਛੇਤੀ-ਛੇਤੀ ਮੁੱਕੇ। ਲਾਹੌਰ ਦੀਆਂ ਮਿੱਠੀਆਂ ਯਾਦਾਂ ਦੀ ਲੜੀ ਸਾਡੀ ਸੋਚ ਨੂੰ ਜਕੜੀ ਬੈਠੀ ਸੀ। ਅੰਗਰੇਜ਼ੀ ਵਾਲੇ ਕਹਿੰਦੇ ਹਨ ਕਿ 'ਅਹੋਰਣ ਸਿ. ਅਹੋਰਣ।' (ਲਾਹੌਰ, ਲਾਹੌਰ ਈ ਆ।) ਇਹ ਗੱਲ ਬਿਲਕੁਲ ਠੀਕ ਨਿਕਲੀ। ਲਾਹੌਰ ਨੂੰ ਬਾਗ਼ਾਂ ਦਾ ਸ਼ਹਿਰ ਜਾਂ ਮੁਗ਼ਲ ਬਾਗ਼ਾਂ ਦਾ ਸ਼ਹਿਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇੱਕ ਮਿੱਥ ਮੁਤਾਬਕ ਲਾਹੌਰ ਦਾ ਨਾਂ ਰਾਮਚੰਦਰ ਦੇ ਪੁੱਤਰ 'ਲਵ' ਤੋਂ ਪਿਆ ਅਤੇ ਇਸੇ ਤਰ੍ਹਾਂ ਦੂਜੇ ਪੁੱਤਰ 'ਕੁਸ਼' ਤੋਂ ਕਸੂਰ ਦਾ ਨਾਮ ਪਿਆ। ਪਰ ਕਈ ਇਤਿਹਾਸਕਾਰ ਇਸ ਨਾਲ ਸਹਿਮਤ ਨਹੀਂ। ਪਰ ਇਹ ਕਦੀਮੀ (ਬਹੁਤ ਪੁਰਾਣਾ) ਸ਼ਹਿਰ ਹੈ। ਵੰਡ ਤੋਂ ਪਹਿਲਾਂ ਇਹ ਸੱਭਿਆਚਾਰ, ਫ਼ਿਲਮ ਇੰਡਸਟਰੀ ਅਤੇ ਹੋਰ ਸਰਗਰਮੀਆਂ ਲਈ ਮਸ਼ਹੂਰ ਸੀ। ਹੁਣ ਵੀ ਇਹ ਵਿਦਿਅਕ ਅਦਾਰਿਆਂ, ਸੂਫ਼ੀ ਕਵੀਆਂ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਲੋਕਾਂ ਦੇ ਚੇਤਿਆਂ ਵਿੱਚ ਉੱਕਰਿਆ ਹੋਇਆ ਹੈ।



ਤਾਹਿਰ ਦੇ ਦਫ਼ਤਰ ਵਿੱਚ ਬਾਬਾ ਨਜ਼ਮੀ ਨਾਲ

ਵਾਹਗਾ ਗੇਟ 'ਤੇ ਆ ਕੇ ਤਾਹਿਰ ਹੋਰਾਂ ਸਾਨੂੰ ਮੁਹੱਬਤੀ ਗਲ਼ਵਕੜੀਆਂ ਨਾਲ ਵਿਦਾ ਕੀਤਾ ਤੇ ਅਸੀਂ ਫਿਰ ਆਉਣ ਦਾ ਵਾਅਦਾ ਕੀਤਾ।

ਇਮੀਗ੍ਰੇਸ਼ਨ ਵਾਲੇ (ਪਾਕਿ ਸਾਈਡ) ਕਹਿੰਦੇ, "ਸਰਦਾਰ ਜੀ ਸਾਡਾ ਮੁਲਕ ਕਿਹੋ ਜਿਹਾ ਲੱਗਿਆ?"

ਮੈਂ ਕਿਹਾ, "ਅਸੀਂ ਏਨੀ ਮੁਹੱਬਤ 'ਕੱਠੀ ਕਰਕੇ ਲੈ ਚੱਲੇ ਆਂ ਕਿ ਸਾਡੀਆਂ ਝੋਲੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ ਨੇ।" ਇਹ ਗੱਲ ਹੈ ਵੀ ਸੱਚੀ ਸੀ।

ਅਲਵਿਦਾ ਲਾਹੌਰ...। ਫਿਰ ਮਿਲਾਂਗੇ।

## ਦੂਜੀ ਵੇਰ ਵਾਹਗਾ ਬਾਰਡਰ 'ਤੇ

ਸਾਡੀ ਪਹਿਲੀ ਲਾਹੌਰ ਫੇਰੀ ਦੀਆਂ ਪੋਸਟਾਂ ਪੜ੍ਹ ਕੇ ਅਤੇ ਫ਼ੋਟੋਆਂ ਦੇਖ ਕੇ ਬਹੁਤ ਸਾਰੇ ਦੋਸਤਾਂ ਦੇ ਫ਼ੋਨ, ਕੁਮੈਂਟ ਆਏ ਕਿ ਉੱਥੋਂ ਦਾ ਕੀ ਹਾਲ ਹਵਾਲ ਹੈ। ਸਿਆਸੀ ਹਾਲਾਤ ਕਿਵੇਂ ਹਨ, ਕੀ ਉੱਥੇ ਜਾਣਾ ਸੁਰੱਖਿਅਤ ਹੈ ਤੇ ਕੀ ਸਾਡੇ ਪਾਸਪੋਰਟ ਉੱਪਰ ਪਾਕਿਸਤਾਨ ਦੀ ਮੋਹਰ ਲੱਗ ਜਾਣ ਕਾਰਨ ਸਾਨੂੰ ਕੋਈ ਮੁਸ਼ਕਲ ਤਾਂ ਨਹੀਂ ਆਵੇਗੀ; ਆਦਿ ਆਦਿ। ਮੇਰੇ ਭਰਾਵਾਂ ਵਰਗੇ ਦੋਸਤ ਕਮਲਜੀਤ ਵਿਰਕ ਤੇ ਸੁਖਜਿੰਦਰ (ਰਾਣਾ ਵਿਰਕ) ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਕੁਝ ਹੋਰ ਜਾਣਕਾਰਾਂ ਨੇ ਵੀ ਸਾਡੇ ਨਾਲ ਜਾਣ ਦਾ ਪ੍ਰੋਗਰਾਮ ਉਲੀਕ ਲਿਆ। ਅਸੀਂ ਫ਼ਰਵਰੀ-ਮਾਰਚ 'ਚ ਜਾਣ ਦਾ ਸੋਚਿਆ। ਬਾਲਟੀਮੋਰ 'ਤੋਂ ਸੁਰਿੰਦਰ ਸਿੰਘ ਗਿੱਲ (ਡਾ.) ਨੇ ਗਿਆਰਾਂ ਜਣਿਆਂ ਦੇ ਸੱਦਾ ਪੱਤਰ ਵੀ ਮੰਗਵਾ ਲਏ, ਪਰ ਅਚਾਨਕ ਮਨਜੀਤ ਵਿਰਕ ਦੇ ਪਿਤਾ ਦੀ ਸਿਹਤ ਵਿਗੜ ਗਈ ਤੇ ਉਨ੍ਹਾਂ ਨੂੰ ਐਮਰਜੈਂਸੀ ਵਿੱਚ ਲਿਜਾਣਾ ਪਿਆ। ਉਨ੍ਹਾਂ ਸਾਰਿਆਂ ਨੇ ਜਾਣ ਦਾ ਮੁਲਤਵੀ ਕਰ ਦਿੱਤਾ, ਪਰ ਅਸੀਂ ਕਿਉਂਕਿ ਪਹਿਲਾਂ ਹੀ ਇੰਡੀਆ ਦੀਆਂ ਟਿਕਟਾਂ ਖ਼ਰੀਦ ਲਈਆਂ ਸਨ ਤੇ ਕੈਂਸਲ ਕਰਵਾਉਣ ਦੀ ਵਾਹਵਾ ਰਕਮ ਦੇਣੀ ਪੈਣੀ ਸੀ, ਸੋ ਅਸੀਂ ਦੋਵਾਂ ਜੀਆਂ ਨੇ ਹੀ ਜਾਣ ਦਾ ਤੈਅ ਕਰ ਲਿਆ। ਕੁਝ ਹਫ਼ਤੇ ਪੰਜਾਬ ਵਿੱਚ ਰਹਿਣ ਤੋਂ ਬਾਅਦ ਅਸੀਂ 25 ਫਰਵਰੀ 2024 ਨੂੰ ਵਾਹਗਾ ਬਾਰਡਰ 'ਤੇ ਪਹੁੰਚ ਗਏ।

ਪਹਿਲਾਂ ਗਏ ਹੋਣ ਕਾਰਨ ਅਸੀਂ ਅਰਾਮ ਨਾਲ ਹੀ ਬਾਰਡਰ ਪਾਰ ਗਏ। ਪਿਛਲੀ ਵੇਰ ਇਮੀਗ੍ਰੇਸ਼ਨ ਦੀ ਦੇਰੀ ਕਾਰਨ ਅਸੀਂ ਤਾਹਿਰ ਸੰਧੂ ਨੂੰ ਲੇਟ ਆਉਣ ਲਈ ਕਹਿ ਦਿੱਤਾ ਸੀ, ਪਰ ਹੋਇਆ ਉਸਦੇ ਉਲਟ। ਅਸੀਂ ਬੜੀ ਜਲਦੀ ਫਾਰਗ ਹੋ ਗਏ। ਤਾਹਿਰ ਅਜੇ ਲਾਹੌਰ ਆਪਣੇ ਘਰ ਹੀ ਸੀ। ਉਹਨੇ ਸਾਨੂੰ ਉਡੀਕ ਕਰਨ ਨੂੰ ਕਿਹਾ। ਯਾਦ ਦੁਆ ਦਈਏ ਕਿ ਤਾਹਿਰ ਸੰਧੂ ਲਾਹੌਰ ਦੇ ਹੋਰ ਪੰਜਾਬੀ ਪਿਆਰਿਆਂ ਨਾਲ ਰਲ਼ ਕੇ ਪੰਜਾਬੀ ਜ਼ੁਬਾਨ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ। ਅਸੀਂ ਬਾਰਡਰ ਦੇ ਲਾਹੌਰ ਵਾਲੇ ਪਾਸੇ ਬਣੀਆਂ ਕੁਝ ਦੁਕਾਨਾਂ ਮੂਹਰੇ ਬੈਠੇ ਉਡੀਕ ਕਰ ਰਹੇ ਸੀ ਤਾਂ ਪਿਛਲੇ ਸਾਲ ਜਿਸ ਕਾਮੇ ਨੇ (ਕੁਲੀ ਨੇ) ਸਾਡਾ ਸਮਾਨ ਚੁੱਕਿਆ ਸੀ, ਉਸਨੇ ਨੀਰੂ ਨੂੰ ਪਛਾਣ ਲਿਆ ਤੇ ਸਾਡੇ ਕੋਲ ਆ ਕੇ ਦੁਆ ਸਲਾਮ ਕੀਤੀ। ਨਾਮ ਉਹਦਾ ਤਾਰਿਕ ਮਹਿਮੂਦ ਸੀ। ਉਸ ਦੀ ਰਿਸ਼ਤੇਦਾਰੀ ਵਿੱਚ ਕੋਈ ਫ਼ੌਤ ਹੋ ਗਿਆ ਸੀ ਤੇ ਉਹ ਕੰਮ ਛੱਡ ਕੇ ਘਰ ਜਾਣ ਲਈ ਤਿਆਰ ਸੀ। ਸਾਡੇ ਬਿਨਾਂ ਪੁੱਛਿਆਂ ਦੱਸਿਆਂ ਹੀ ਦੁਕਾਨ ਤੋਂ ਦੋ ਪਾਣੀ ਦੀਆਂ ਬੋਤਲਾਂ, ਚਿਪਸ ਅਤੇ ਹੋਰ ਨਿੱਕ-ਸੁੱਕ ਖ਼ਰੀਦ ਲਿਆਇਆ ਤੇ ਸਾਡੇ ਟੇਬਲ ਉੱਪਰ ਰੱਖ ਦਿੱਤਾ। ਅਸੀਂ ਹੈਰਾਨ ਵੀ ਹੋਏ ਅਤੇ ਉਸ ਉਪਰ ਮੋਹ ਭਰਿਆ ਮਾਣ ਵੀ ਹੋਇਆ, ਪਰ ਅਸੀਂ ਜ਼ਿੱਦ ਕਰਕੇ ਪਾਣੀ ਦੀਆਂ ਬੋਤਲਾਂ ਤਾਂ ਰੱਖ ਲਈਆਂ ਪਰ ਦੂਜੀਆਂ ਸ਼ੈਆਂ ਵਾਪਸ ਕਰਵਾ ਦਿੱਤੀਆਂ। ਉਸ ਕਿਰਤੀ ਦੇ ਹੱਥ ਤਿਲ-ਫੁੱਲ ਦਿੱਤਾ ਅਤੇ ਸ਼ੁਕਰਾਨਾ ਕੀਤਾ। ਕਿਉਂਕਿ ਅਸੀਂ ਤਾਂ ਤਾਹਿਰ ਨੂੰ ਉਡੀਕ ਰਹੇ ਸੀ ਤੇ ਉਹਦੇ ਘਰ ਪਹੁੰਚਣਾ ਸੀ, ਉਸਨੇ ਕਿਸੇ ਹੋਰ ਕਾਮੇ (ਕੁਲੀ) ਨੂੰ ਸਾਡੇ ਸਮਾਨ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਅੱਜ ਵੀ ਉਹਦੀ ਸ਼ਕਲ ਅੱਖਾਂ ਮੂਹਰੇ ਆਉਂਦੀ ਹੈ ਤਾਂ ਉਸ 'ਤੇ ਫ਼ਖ਼ਰ ਜਿਹਾ ਮਹਿਸੂਸ ਹੁੰਦਾ ਹੈ।

ਸਾਨੂੰ ਬੈਠਿਆਂ ਦੇਖ ਕੇ ਇੱਕ ਸਿੱਖ ਨੌਜਵਾਨ ਜਿਸਨੇ ਸਿਰ 'ਤੇ ਪਟਕਾ ਬੰਨ੍ਹਿਆ ਹੋਇਆ ਸੀ, ਕੋਲ ਆਇਆ ਅਤੇ ਕਹਿੰਦਾ, "ਸਾਸਰੀਕਾਲ ਜੀ! ਕਿੱਥੇ ਜਾਣਾ ਹੈ।" ਉਹ ਕੋਈ ਸਵਾਰੀ ਛੱਡਣ ਆਇਆ ਸੀ ਤੇ ਵਾਪਸੀ 'ਤੇ ਖ਼ਾਲੀ ਜਾਣਾ ਸੀ। ਅਸੀਂ ਤਾਂ ਆਪਣੇ ਮਹਿਮਾਨਾਂ ਨੂੰ ਉਡੀਕੇ ਬਿਨਾਂ ਕਿੱਧਰੇ ਨਹੀਂ ਜਾਣਾ ਸੀ, ਪਰ ਉਹ ਖਹਿੜੇ ਹੀ ਪੈ ਗਿਆ। ਕਹਿੰਦਾ ਮੈਨੂੰ ਉਨ੍ਹਾਂ ਦਾ ਫ਼ੋਨ ਦਿਉ ਮੈਂ ਉਨ੍ਹਾਂ ਨੂੰ ਦੱਸ ਦਿੰਦਾ ਹਾਂ ਤੇ ਰਾਹ ਵਿੱਚ ਜਿੱਥੇ ਵੀ ਮੇਲ ਹੋਊਗਾ ਮੈਂ ਤੁਹਾਨੂੰ ਉਤਾਰ ਦਿਆਂਗਾ। ਤੁਸੀਂ ਜਿੰਨਾ ਵੀ ਹੋ ਸਕੇ ਮੈਨੂੰ ਦੇ ਦਿਉ। ਮੈਨੂੰ ਉਹਦੀਆਂ ਗੱਲਾਂ 'ਚੋਂ ਲਾਲਚ ਸਾਫ਼ ਨਜ਼ਰ ਆ ਰਿਹਾ ਸੀ। ਸੋ ਮੈਂ ਨਾਂਹ ਕਰ ਦਿੱਤੀ। ਅੱਧੇ ਕੁ ਘੰਟੇ ਬਾਅਦ ਤਾਹਿਰ ਸੰਧੂ ਅਤੇ ਉਹਦਾ ਵਕੀਲ ਦੋਸਤ ਮੁਸਤਫ਼ਾ ਗਾਜੀ ਵੀ ਆਣ ਪਹੁੰਚੇ। ਹੋਟਲ ਸਾਡਾ ਪਿਛਲੇ ਸਾਲ ਵਾਲਾ ਓਬੈਨ (ਭਓਂ) ਹੀ ਸੀ। ਸ਼ਾਮ ਨੂੰ ਤਾਹਿਰ ਤੇ ਉਹਦੇ ਪਰਿਵਾਰ ਨਾਲ ਮਿਲੇ ਅਤੇ ਰਾਤ ਦਾ ਖਾਣਾ ਵੀ ਉਨ੍ਹਾਂ ਦੇ ਨਾਲ ਹੀ ਖਾਧਾ। ਉਸਦੀ ਬੀਵੀ ਸਾਇਮਾ ਤੇ ਬੱਚੀਆਂ ਨਵਾਲ, ਇਸ਼ਾਲ ਤੇ ਪੁੱਤਰ ਹਿਸ਼ਾਮ ਬੜੇ ਖ਼ੁਸ਼ ਸਨ। ਰਾਤ ਅਸੀਂ ਅਗਲੇ ਦਿਨ ਦਾ ਪ੍ਰੋਗਰਾਮ ਬਣਾ ਕੇ ਹੀ ਆਪਣੇ ਹੋਟਲ ਵਿੱਚ ਆ ਗਏ।

## ਲਾਹੌਰ ਦਾ ਅੰਦਰੂਨੀ ਹਿੱਸਾ

26 ਫਰਵਰੀ 2024 ਦੇ ਦਿਨ ਅਸੀਂ ਲਾਹੌਰ ਦੇ ਅੰਦਰੂਨੀ ਹਿੱਸੇ ਨੂੰ ਦੇਖਣਾ ਸੀ। ਤਾਹਿਰ ਨੇ ਇਮਰਾਨ ਮੁਹੰਮਦ ਨਾਮ ਦੇ ਡਰਾਈਵਰ ਨੂੰ ਪਹਿਲਾਂ ਹੀ ਸਾਡੇ ਵਾਸਤੇ ਰਾਖਵਾਂ ਕਰ ਲਿਆ ਸੀ। ਅਸੀਂ ਚਾਹੁੰਦੇ ਸੀ ਕਿ ਪਿਛਲੇ ਸਾਲ ਵਾਲਾ ਡਰਾਈਵਰ ਹੀ ਮਿਲ ਜਾਵੇ, ਪਰ ਉਸਨੂੰ ਉਹਦੇ ਮਾਲਕ ਨੇ ਪਹਿਲਾਂ ਹੀ ਕਿਸੇ ਡਿਊਟੀ 'ਤੇ ਭੇਜ ਦਿੱਤਾ ਸੀ। ਇਮਰਾਨ ਮੁਹੰਮਦ ਪੂਰਾ ਨਮਾਜ਼ੀ ਸੀ ਤੇ ਥੋੜ੍ਹੇ ਕੀਤੇ ਸਾਡੀ ਮਜ਼੍ਹਬੀ ਕਿਸਮ ਦੇ ਬੰਦਿਆਂ ਨਾਲ ਬਣਦੀ ਨਹੀਂ; ਪਰ ਉਹਨੇ ਆਪਣਾ ਆਈ.ਡੀ. ਕਾਰਡ ਦਿਖਾਇਆ ਤੇ ਦੱਸਿਆ ਕਿ ਉਹ ਪਾਰਟ ਟਾਈਮ ਫ਼ੌਜ ਦੀ ਨੌਕਰੀ ਵੀ ਕਰਦਾ ਹੈ। ਕਾਰ ਉਸਦੀ ਆਪਣੀ ਸੀ, ਜੋ ਚੰਗੀ ਹਾਲਤ ਵਿੱਚ ਸੀ। ਜਾਣ ਕੇ ਇਹ ਵੀ ਖ਼ੁਸ਼ੀ ਹੋਈ ਕਿ ਉਹ ਸਿਗਰਟ ਵਗ਼ੈਰਾ ਨਹੀਂ ਪੀਂਦਾ ਸੀ। ਉਸਨੇ ਸਾਨੂੰ ਪਹਿਲਾਂ ਹੀ ਦੱਸ ਦਿੱਤਾ ਕਿ ਅੰਦਰੂਨੀ ਬਾਜ਼ਾਰਾਂ ਵਿੱਚ ਕਾਰ ਨਹੀਂ ਜਾ ਸਕਦੀ। ਸੋ ਉਹਨੇ ਸਾਨੂੰ ਦਿੱਲੀ ਦਰਵਾਜ਼ੇ ਅੱਗੇ ਉਤਾਰ ਕੇ ਅੱਗੋਂ ਮੋਚੀ ਦਰਵਾਜ਼ੇ ਦੇ ਗੇਟ ਉੱਪਰ ਮਿਲਣਾ ਸੀ।

ਪਿਛਲੀ ਫੇਰੀ ਦੀ ਤਰ੍ਹਾਂ ਸ਼ਾਹਜੇਬ ਸਾਡੇ ਨਾਲ ਸੀ ਤੇ ਅਸੀਂ ਭੀੜ ਭਰੇ ਤੰਗ ਬਾਜ਼ਾਰਾਂ ਵਿੱਚ ਪੈਦਲ ਜਾ ਰਹੇ ਸੀ। ਇੱਥੇ ਅਸੀਂ ਕੁਝ ਇਤਿਹਾਸਕ ਥਾਵਾਂ ਦੇਖਣੀਆਂ ਸਨ ਅਤੇ ਨਾਲ ਦੀ ਨਾਲ ਬਾਜ਼ਾਰ ਵੀ ਗਾਹੁਣੇ ਸਨ। ਤੁਰਦੇ-ਤੁਰਦੇ ਅਸੀਂ ਚੂਨਾ ਮੰਡੀ ਵਿੱਚ ਪਹੁੰਚ ਗਏ, ਜਿੱਥੇ ਗੁਰੂ ਰਾਮਦਾਸ ਜੀ ਦੀ ਯਾਦ ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰੂਘਰ ਉਸਾਰਿਆ ਗਿਆ ਸੀ। ਅਸੀਂ ਸਕਿਊਰਿਟੀ ਕੋਲ ਪਾਸਪੋਰਟ ਜਮ੍ਹਾ ਕਰਵਾ ਕੇ ਉੱਪਰ ਗਏ, ਇੱਕ ਵਕਫ਼ ਬੋਰਡ ਦਾ ਮੁਲਾਜ਼ਮ ਵੀ ਸਾਡੇ ਨਾਲ ਗਿਆ। ਅਸੀਂ ਜੋੜੇ ਤਾਂ ਥੱਲੇ ਹੀ ਉਤਾਰ ਦਿੱਤੇ, ਪਰ ਜ਼ੁਰਾਬਾਂ ਪਾਈ ਰੱਖੀਆਂ ਤੇ ਗੁਰੂਘਰ 'ਚ ਪ੍ਰਕਾਸ਼ ਵਾਲੀ ਜਗ੍ਹਾ ਪਹੁੰਚੇ ਹੀ ਸੀ, ਮੁਲਾਜ਼ਮ ਨੇ ਸਾਡੀਆਂ ਜ਼ੁਰਾਬਾਂ ਵੱਲ ਇਸ਼ਾਰਾ ਕਰ ਕੇ ਕਿਹਾ ਕਿ ਇਹ ਵੀ ਲਾਹ ਕੇ ਆਉਣਾ ਸੀ, ਪਰ ਹੁਣ ਤਾਂ ਦੇਰ ਹੋ ਚੁੱਕੀ ਸੀ। ਸੋ ਉਸਨੇ ਆਖਿਆ ਕਿ ਅੱਗੇ ਤੋਂ ਖ਼ਿਆਲ ਰੱਖਿਓ।


ਅਸੀਂ ਫਿਰ ਬਾਜ਼ਾਰ ਵਿੱਚ ਆ ਗਏ। ਸਾਨੂੰ ਕਿਸੇ ਨੇ ਦੱਸਿਆ ਸੀ ਕਿ ਇੱਥੇ ਖਤਾਈਆਂ ਦੀ ਬੜੀ ਪੁਰਾਣੀ ਅਤੇ ਮਸ਼ਹੂਰ ਦੁਕਾਨ ਹੈ। ਅਸੀਂ ਪੁੱਛਦੇ ਪੁਛਾਉਂਦੇ ਇੱਕ ਤੰਗ ਜਿਹੀ ਗਲੀ ਵਿੱਚ ਉਹ ਦੁਕਾਨ ਵੀ ਲੱਭ ਲਈ। ਦੁਕਨ ਅੰਦਰੋਂ ਕਾਫ਼ੀ ਸਾਫ਼ ਸੁਥਰੀ ਸੀ ਤੇ ਗਾਹਕਾਂ ਦੀ ਲੰਮੀ ਕਤਾਰ ਸੀ। ਅਸੀਂ ਖਤਾਈਆਂ ਪੈਕ ਕਰਵਾ ਕੇ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ। ਇੱਕ ਮੌਲਵੀ ਕਿਸਮ ਦਾ ਵਿਅਕਤੀ ਸਾਡੇ ਵੱਲ ਬੜੀਆਂ ਕਹਿਰੀਆਂ ਜਿਹੀਆਂ ਅੱਖਾਂ ਨਾਲ ਦੇਖ ਰਿਹਾ ਸੀ, ਪਰ ਉਹ ਬੋਲਿਆ ਕੁਝ ਨਾ। ਉੱਥੋਂ ਨਿਕਲ ਕੇ ਅਸੀਂ ਸਦੀ ਪੁਰਾਣੀ ਪਕੌੜਿਆਂ ਦੀ ਨਿੱਕੀ ਜਿਹੀ ਦੁਕਾਨ ਤੋਂ ਤਾਜ਼ੇ ਗਰਮ ਪਕੌੜੇ ਖਾਧੇ। ਉੱਥੇ ਗਾਹਕ ਸਾਨੂੰ ਮੋਦੀ ਸਬੰਧੀ ਸਵਾਲ ਪੁੱਛਣ ਲੱਗੇ, ਪਰ ਅਸੀਂ ਬੜੇ ਤਰੀਕੇ ਨਾਲ ਉਨ੍ਹਾਂ ਦੇ ਜੁਆਬ ਦਿੱਤੇ। ਸਾਨੂੰ ਪਤਾ ਸੀ ਕਿ ਬਹੁਤੀ ਵੇਰ ਖ਼ੁਫ਼ੀਆ ਏਜੰਸੀਆਂ ਦੇ ਬੰਦੇ ਤੁਹਾਡੇ ਮਗਰ ਲੱਗ ਜਾਂਦੇ ਹਨ। ਅਸੀਂ ਕਿਹਾ, 'ਭਾਈ ਅਸੀਂ ਤਾਂ ਅਮਰੀਕਾ ਤੋਂ ਆਏ ਹਾਂ।' ਇੱਕ ਦੁਕਾਨ ਤੋਂ ਅਸੀਂ ਤਾਜ਼ੇ ਦਹੀਂ ਦੀ ਮਲਾਈ ਵਾਲੀ ਲੱਸੀ ਪੀਤੀ।

ਸਾਨੂੰ ਇਤਿਹਾਸਕ 'ਲਾਲ ਖੂਹੀ' ਦੇਖਣ ਦੀ ਕਾਹਲ ਸੀ, ਪਰ ਉਹ ਲੱਭ ਨਹੀਂ ਸੀ ਰਹੀ। ਇੱਥੇ ਗੁਰੂ ਅਰਜਨ ਦੇਵ ਜੀ ਨੂੰ ਛੇ ਦਿਨ ਭੁੱਖੇ ਤਿਹਾਏ ਰੱਖ ਕੇ ਤਸੀਹੇ ਦਿੱਤੇ ਗਏ ਸਨ। ਆਖ਼ਰ ਅਸੀਂ ਹੁਣ ਇੱਕ ਤੰਗ ਗਲੀ ਦੇ ਕੋਨੇ 'ਤੇ ਬਣੀ 'ਲਾਲ ਖੂਹੀ' ਜਾਂ 'ਲਾਲ ਖੂਹ' ਵੀ ਕਿਹਾ ਜਾਂਦਾ ਹੈ, ਨੂੰ ਲੱਭਣ ਵਿੱਚ ਕਾਮਯਾਬ ਹੋ ਗਏ। ਪਰ ਹੁਣ ਤਾਂ ਉੱਥੇ ਇੱਕ ਛੋਟੀ ਜਿਹੀ ਦੀਵਾਰ ਵਿੱਚ ਬਣੀ ਲਾਲ ਰੰਗ ਦੀ ਥਾਂ ਹੈ, ਜਿੱਥੇ ਦੀਵੇ ਬਲ ਰਹੇ ਸਨ। ਇਹ ਦੀਵੇ ਮੁਸਲਮਾਨ ਫ਼ਕੀਰਾਂ, ਦਰਵੇਸ਼ਾਂ ਦੀ ਯਾਦ ਵਿੱਚ 'ਚਾਰ ਹੱਕ' ਨਾਮ ਨਾਲ ਜਾਣੇ ਜਾਂਦੇ ਹਨ। ਅਸੀਂ ਮੋਚੀ ਦਰਵਾਜ਼ੇ ਅੱਗੇ ਆ ਨਿਕਲੇ ਤੇ ਸਾਡਾ ਡਰਾਈਵਰ ਉੱਥੇ ਸਾਡੀ ਉਡੀਕ ਕਰ ਰਿਹਾ ਸੀ।

ਸਾਹਮਣੇ ਹੀ ਬਾਦਸ਼ਾਹੀ ਮਸਜਿਦ ਅਤੇ ਇਲਾਮਾ ਇਕਬਾਲ ਦਾ ਮਕਬਰਾ ਸੀ। ਅਸੀਂ ਜੁੱਤੀਆਂ ਜਮ੍ਹਾ ਕਰਵਾ ਕੇ ਮਸਜਿਦ ਦੇ ਅੰਦਰ ਗਏ। ਇਹ ਇੱਕ ਵੱਡ-ਆਕਾਰੀ ਤੇ ਬਹੁਤ ਵੱਡੇ ਵਿਹੜੇ, ਬਰਾਂਡਿਆਂ ਅਤੇ ਕਮਰਿਆਂ ਵਾਲੀ ਮਸਜਿਦ ਹੈ। ਇਸ ਨੂੰ ਬਾਦਸ਼ਾਹ ਔਰੰਗਜ਼ੇਬ ਵੱਲੋਂ 1671-1673 ਦੇ ਕਾਲ ਵਿੱਚ ਬਣਾਇਆ ਦੱਸਿਆ ਜਾਂਦਾ ਹੈ। ਲਾਹੌਰ ਦੇ ਲੈਂਡ ਮਾਰਕ ਥਾਵਾਂ ਵਿੱਚ ਇਸ ਦਾ ਸ਼ੁਮਾਰ ਹੈ। ਇੱਥੇ ਹਰ ਰੋਜ਼ ਨਵੇਂ ਜੋੜਿਆਂ ਦੇ ਨਿਕਾਹ ਵੀ ਕਰਵਾਏ ਜਾਂਦੇ ਹਨ। ਇਸ ਦਿਨ ਵੀ ਦੋ ਨਿਕਾਹ ਹੋ ਰਹੇ ਸੀ। ਅਸੀਂ ਘਰਦਿਆਂ ਦੀ ਇਜਾਜ਼ਤ ਲੈ ਕੇ ਨਿਕਾਹ ਵੀ ਦੇਖੇ ਤੇ ਬੱਚੀਆਂ ਨੂੰ ਆਸ਼ੀਰਵਾਦ ਵੀ ਦਿੱਤਾ। ਕਈ ਬੱਚੀਆਂ ਨੀਰੂ ਦੁਆਲ਼ੇ ਆ ਕੇ ਖਲੋ ਗਈਆਂ ਤੇ ਤਸਵੀਰਾਂ ਖਿਚਵਾਉਣ ਦੀ ਮੰਗ ਕਰਨ ਲੱਗੀਆਂ। ਬੱਚੀਆਂ ਦੇ ਮਾਪਿਆਂ ਨੇ ਸਾਡੇ ਨਾਲ ਬੜਾ ਅਪਣੱਤ ਵਾਲਾ ਵਿਹਾਰ ਕੀਤਾ।

ਅਸੀਂ ਫੂਡ ਸਟਰੀਟ 'ਤੇ ਬਣੀ ਪੁਰਾਣੀ ਹਵੇਲੀ (ਰੈਸਟੋਰੈਂਟ) ਵੀ ਦੇਖੀ, ਪਰ ਉੱਥੇ ਭੀੜ ਬਹੁਤੀ ਸੀ। ਸੋ ਅਸੀਂ ਸੜਕ ਉੱਪਰ ਬਣੀ ਇੱਕ ਚਾਹ ਦੀ ਦੁਕਾਨ ਤੋਂ ਚਾਹ ਮੰਗਵਾਈ। ਕੁਝ ਦੇਰ ਅਰਾਮ ਕੀਤਾ। ਫਿਰ ਅਗਲੇ ਪੜਾਅ ਵੱਲ ਚਾਲੇ ਪਾਏ।

## ਅਦਬੀ ਸ਼ਖਸ



ਗੁਰਭਜਨ ਗਿੱਲ (ਪ੍ਰੋ.)*

# ਧਰਤੀ ਤੋਂ ਅੰਬਰ ਤੀਕ ਫ਼ੈਲਿਆ ਬਿਰਖ ਸੀ ਡਾ. ਮਹਿੰਦਰ ਸਿੰਘ ਰੰਧਾਵਾ

ਡਾ. ਮਹਿੰਦਰ ਸਿੰਘ ਰੰਧਾਵਾ ਪੇਂਡੂ ਵਿਕਾਸ, ਸਾਹਿਤ ਕਲਾ, ਵਿਗਿਆਨ ਤੇ ਲੋਕ ਪ੍ਰਸ਼ਾਸਨ ਦਾ ਚੌਮੁਖੀਆ ਚਿਰਾਗ ਸਨ। ਡਾ. ਰੰਧਾਵਾ ਦੇ 116ਵੇਂ ਜਨਮ ਉਤਸਵ ਮੌਕੇ ਉਨ੍ਹਾਂ ਨੂੰ ਚੇਤੇ ਕਰਨਾ ਵੀ ਸਾਡਾ ਫ਼ਰਜ਼ ਬਣਦਾ ਹੈ। ਉਹ ਧਰਤੀ ਤੋਂ ਅੰਬਰ ਤੀਕ ਫ਼ੈਲਿਆ ਪੰਜਾਬੀ ਪੁੱਤਰ ਸੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੋਦਲਾਂ ਵਿੱਚ ਉਨ੍ਹਾਂ ਦਾ ਜੱਦੀ ਘਰ ਸੀ। ਸਮਾਰਕ ਵਾਂਗ ਸੰਭਾਲਣ ਲਈ ਪੰਜਾਬ ਸਰਕਾਰ ਨੂੰ ਪਹਿਲਕਦਮੀ ਕਰਨੀ ਚਾਹੀਦੀ ਸੀ, ਪਰ ਢਹਿ ਗਿਆ। ਬਹੁਤ ਕੁਝ ਢਹਿ ਰਿਹਾ ਹੈ ਯਾਦਾਂ ਵਿੱਚੋਂ ਵੀ। ਉਨ੍ਹਾਂ ਦੇ ਪਰਮ ਮਿੱਤਰ ਚਿੱਤਰਕਾਰ ਸ. ਸ਼ੋਭਾ ਸਿੰਘ ਦਾ ਬਣਾਇਆ ਇਹ ਚਿੱਤਰ ਗਹੁ ਨਾਲ ਵੇਖੋ, ਸੰਪੂਰਨ ਰੰਧਾਵਾ ਸਾਹਿਬ ਦਿਸਦੇ ਨੇ।

ਡਾ. ਰੰਧਾਵਾ ਸਾਂਝੇ ਪੰਜਾਬ ਦੇ ਸਰਬ ਪ੍ਰਵਾਨਤ ਵਿਕਾਸ ਪੁਰਸ਼ ਸਨ। ਸਾਰੀ ਜ਼ਿੰਦਗੀ ਲਟ ਲਟ ਬਲ਼ੇ। ਨੂਰ ਹੀ ਨੂਰ, ਰੌਸ਼ਨੀ ਹੀ ਰੌਸ਼ਨੀ। ਪੰਜਾਬ ਖੇਤੀ ਯੂਨੀਵਰਸਿਟੀ ਦੇ 1968 ਤੋਂ 1975 ਤੀਕ ਵਾਈਸ ਚਾਂਸਲਰ ਰਹੇ। ਕਿੰਨਾ ਕੁਝ ਬੀਜ ਗਏ ਏਥੇ- ਸੁਪਨੇ, ਸੰਸਕਾਰ, ਸਾਦਗੀ ਭਰਿਆ ਸੁਹਜ। ਫੁੱਲ ਹੀ ਫੁੱਲ, ਬੂਟੇ ਹੀ ਬੂਟੇ ਗਲੀਓ ਗਲੀ। ਹਰ ਸੜਕ ਦਾ ਨਾਮ ਫੁੱਲਾਂ ਦੇ ਨਾਮ 'ਤੇ। ਬੂਟਿਆਂ ਨਾਲ ਗੱਲਾਂ ਕਰਦੇ, ਪੱਤਿਆਂ ਦਾ ਹਾਲ ਚਾਲ ਪੁੱਛਦੇ। ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ ਉਨ੍ਹਾਂ ਬਣਾਏ। ਯੁੱਗ ਕਵੀ ਪ੍ਰੋ. ਮੋਹਨ ਸਿੰਘ ਨੂੰ ਲਿਆ ਕੇ ਭਾਸ਼ਾਵਾਂ, ਪੱਤਰਕਾਰੀ ਤੇ ਸੱਭਿਆਚਾਰ ਵਿਭਾਗ ਬਣਾਇਆ। ਪੁਰਾਤਨ ਪੰਜਾਬੀ ਘਰ ਦਾ ਅਜਾਇਬਘਰ ਵਿਦਿਆਰਥੀਆਂ ਦੀ ਮਦਦ ਨਾਲ ਉਸਾਰਿਆ। ਕਿਸਾਨ ਮੇਲਿਆਂ ਵਾ ਵਿਸਥਾਰ ਕਰਕੇ ਵਿੱਚ ਕਿਤਾਬਾਂ ਲਿਆਂਦੀਆਂ। ਕਿਤਾਬਾਂ ਦੇ ਸਟਾਲ ਮੁਫ਼ਤ ਲੱਗਦੇ। ਸ਼ੌਕ ਕਤਾਰਾਂ ਬੰਨ੍ਹ ਕੇ ਕਿਤਾਬਾਂ ਖ਼ਰੀਦਦੇ। ਪ੍ਰੀਤ ਲੜੀ ਆਰਸੀ ਮਾਸਿਕ ਪੱਤਰਾਂ ਦੇ ਚੰਦੇ ਭਰਦੇ।

ਚੂਪਣ ਵਾਲੇ ਅੰਬਾਂ ਦੀ ਰੁੱਤੇ ਇੱਕ ਹਫ਼ਤਾ ਪਿੰਡ ਰਹਿੰਦੇ, ਬਾਲਟੀ 'ਚ ਪਾਣੀ ਪਾ ਕੇ ਅੰਬ ਧੋਂਦੇ, ਸੱਦੇ ਹੋਏ ਮਿੱਤਰਾਂ ਨੂੰ ਚੂਪਾਉਂਦੇ। ਅੰਬਾਂ ਦੀਆਂ ਟੋਕਰੀਆਂ ਭਰ ਕੇ ਰਾਹਦਾਰੀ ਵਜੋਂ ਸ਼ਗਨ ਰੂਪ ਦਿੰਦੇ। ਇਹ ਗੱਲ ਉਨ੍ਹਾਂ ਦੇ ਮਿੱਤਰ ਸਵਰਗੀ ਸ. ਪ੍ਰੀਤਮ ਸਿੰਘ ਭਿੰਡਰ ਨੀਲੋਖੇੜੀ ਵਾਲਿਆਂ ਨੇ ਮੈਨੂੰ ਤੀਹ ਪੈਂਤੀ ਸਾਲ ਪਹਿਲਾਂ ਦੱਸੀ ਸੀ।


ਨਾਲ ਤੁਰਦੀ ਸੰਧੂ ਜੋੜੀ- ਹਰੀ ਸਿੰਘ ਸੰਧੂ ਲੈਂਡ ਸਕੇਪਿੰਗ ਮਾਹਿਰ ਤੇ ਤਰਲੋਚਨ ਸਿੰਘ ਸੰਧੂ ਅਸਟੇਟ ਅਫ਼ਸਰ। ਹੁਣ ਵੀ ਦੂਜੇ ਸੰਧੂ ਸਾਹਿਬ ਗੁਰਦੇਵ ਨਗਰ ਰਹਿੰਦੇ ਨੇ, ਭਾਵੇਂ ਅੱਜ ਹੀ ਜਾ ਕੇ ਉਨ੍ਹਾਂ ਤੋਂ ਪੁੱਛ ਲਵੋ।

ਡਾ. ਰੰਧਾਵਾ ਪੇਂਡੂ ਵਿਕਾਸ, ਸਾਹਿਤ ਕਲਾ, ਵਿਗਿਆਨ ਤੇ ਲੋਕ ਪ੍ਰਸ਼ਾਸਨ ਦਾ ਚੌਮੁਖੀਆ ਚਿਰਾਗ ਸਨ। ਉਨ੍ਹਾਂ ਦੇਸ਼ ਵੰਡ ਮਗਰੋਂ ਜਿਸ ਸ਼ਕਤੀ ਨਾਲ ਆਈ.ਸੀ.ਐੱਸ. ਅਫ਼ਸਰਾਂ ਸ. ਤਰਲੋਕ ਸਿੰਘ ਤੇ ਪ.ਨ. ਥਾਪਰ ਨਾਲ ਮਿਲ ਕੇ ਰਾਵੀ ਪਾਰੋਂ ਉੱਜੜ ਕੇ ਆਏ ਪੰਜਾਬੀਆਂ ਦਾ ਏਧਰਲੇ ਪੰਜਾਬ ਵਿੱਚ ਮੁੜ ਵਸੇਬਾ ਕਰਵਾਇਆ, ਪੰਜਾਬ ਦੀ ਮੁਰੱਬੇਬੰਦੀ ਕਰਵਾਈ, ਵਰਤਮਾਨ ਪੰਜਾਬ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਖੇਤੀਬਾੜੀ ਤੇ ਪੇਂਡੂ ਵਿਕਾਸ ਨੂੰ ਦਿਸ਼ਾ ਨਿਰਦੇਸ਼ ਦਿੱਤਾ; ਕਲਾ, ਹਸਤ ਸ਼ਿਲਪ, ਲੋਕ ਕਲਾਵਾਂ ਦੇ ਨਾਲ ਨਾਲ ਸਾਹਿਤ ਸਭਿਆਚਾਰ ਦੀ ਸੇਵਾ ਸੰਭਾਲ ਨੂੰ ਮਿਸ਼ਨ ਵਾਂਗ ਅਪਣਾਇਆ, ਉਹ ਆਪਣੇ ਆਪ ਵਿੱਚ ਮਿਸਾਲ ਹੈ।

ਜਿਸ ਸਮਰਪਿਤ ਭਾਵਨਾ ਨਾਲ ਉਹ ਵੱਡੇ ਵੱਡੇ ਫ਼ੈਸਲੇ ਪਲਾਂ ਵਿੱਚ ਕਰਕੇ ਨੇਪਰੇ ਚਾੜ੍ਹ ਲੈਂਦੇ ਸਨ, ਉਸ ਦੀ ਮਿਸਾਲ ਲੱਭਣੀ ਆਸਾਨ ਨਹੀਂ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਬਣਦਿਆਂ ਉਨ੍ਹਾਂ ਲੁਧਿਆਣਾ ਵਿੱਚ ਪੰਜਾਬੀ ਭਵਨ ਦੇ ਨਿਰਮਾਣ ਦੀ ਰੂਪ-ਰੇਖਾ ਉਲੀਕੀ। ਪੀ.ਏ.ਯੂ. ਲੁਧਿਆਣਾ ਦੇ ਨਕਸ਼ਾ ਮਾਹਿਰਾਂ ਤੋਂ ਨਕਸ਼ਾ ਬਣਵਾ ਕੇ ਆਪਣੀ ਦੇਖ-ਰੇਖ ਹੇਠ ਯੂਨੀਵਰਸਿਟੀ ਦੇ ਉਸਾਰੀ ਵਿਭਾਗ ਤੋਂ ਕੰਮ 1974 ਤੋਂ 1977 ਤੀਕ ਸੰਪੂਰਨ ਕਰਵਾਇਆ। ਯੁੱਗ ਕਵੀ ਪ੍ਰੋ. ਮੋਹਨ ਸਿੰਘ ਉਦੋਂ ਉਨ੍ਹਾਂ ਨਾਲ ਜਨਰਲ ਸਕੱਤਰ ਸਨ। ਉਨ੍ਹਾਂ ਦੀ ਪ੍ਰਧਾਨਗੀ ਹੇਠ 1984 ਤੋਂ ਤਿੰਨ ਮਾਰਚ 1986 ਤੀਕ ਮੈਨੂੰ ਉਨ੍ਹਾਂ ਨਾਲ ਕਾਰਜਕਾਰਨੀ ਮੈਂਬਰ ਵਜੋਂ ਕੰਮ ਕਰਨ ਦਾ ਸੁਭਾਗਾ ਮੌਕਾ ਮਿਲਿਆ। ਉਨ੍ਹਾਂ ਕੋਲ ਸਿਖਾਉਣ ਲਈ ਬਹੁਤ ਕੁਝ ਸੀ। ਹਰ ਬੋਲ ਨਵੇਂ ਸੁਪਨੇ ਤੇ ਪ੍ਰੇਰਨਾ ਵਰਗਾ।

ਪਾਰਖੂ ਬੜੇ ਸਨ। ਕੋਈ ਗੁੰਮਰਾਹ ਨਹੀਂ ਸੀ ਕਰ ਸਕਦਾ। ਅੱਖ ਦੀ ਮੈਲੀ ਝੱਟ ਬੁੱਝ ਲੈਂਦੇ। ਨਕਲੀ ਤੇ ਅਸਲੀ ਅੱਥਰੂਆਂ ਨੂੰ ਝੱਟ ਨਿਖੇੜ ਦਿੰਦੇ। ਲੋਕ ਵਿਸ਼ਵਾਸ ਵਿਚਲੇ ਪਰਿੰਦੇ ਹੰਸ ਵਾਂਗ ਦੁੱਧ ਤੇ ਪਾਣੀ ਦਾ ਨਿਖੇੜ ਕਰ ਦਿੰਦੇ। ਪੰਜਾਬੀ ਭਵਨ ਵਿੱਚ ਨਾਟਕ ਪੇਸ਼ਕਾਰੀਆਂ ਕਰਨ ਵਾਲੇ ਬਹੁਤ ਵੱਡੇ ਨਿਰਦੇਸ਼ਕ ਤੇ ਅਦਾਕਾਰ ਨੂੰ ਬਹੁਤ ਸਰਪ੍ਰਸਤੀ ਦਿੱਤੀ, ਪਰ ਜਦ ਵੇਖਿਆ ਕਿ ਇਹ ਇਸ ਸੰਸਥਾ ਦੇ ਹਿਤਾਂ ਬਰਾਬਰ ਨਹੀਂ ਤੁਰ ਰਿਹਾ ਤਾਂ ਸਿਰ ਤੋਂ ਹੱਥ ਚੁੱਕ ਲਿਆ। ਮੇਰਾ ਯਕੀਨ ਨਹੀਂ ਤਾਂ ਚਸ਼ਮਦੀਦ ਗਵਾਹ ਅਮਰਜੀਤ ਗਰੇਵਾਲ ਨੂੰ ਪੁੱਛ ਲੈਣਾ। ਡਾ. ਰੰਧਾਵਾ ਦੇ ਸਹੁਰੇ ਪਿੰਡ ਨਾਰੰਗਵਾਲ (ਲੁਧਿਆਣਾ) ਵਾਲੇ ਤੋਂ। ਡਾ. ਰੰਧਾਵਾ ਅੱਖਾਂ ਦੇ ਮਹਾਨ ਸਰਜਨ ਡਾ. ਹਰਭਜਨ ਸਿੰਘ ਗਰੇਵਾਲ ਇਸੇ ਪਿੰਡ ਤੋਂ ਹੀ ਗੋਜਰਾ (ਲਾਇਲਪੁਰ) ਜਾ ਕੇ ਵੱਸੇ ਸਨ। ਡਾ. ਰੰਧਾਵਾ ਦੀ ਜੀਵਨ ਸਾਥਣ ਸਰਦਾਰਨੀ ਇਕਬਾਲ ਕੌਰ ਇਨ੍ਹਾਂ ਦੀ ਬੇਟੀ ਸਨ।

ਪੰਜਾਬ ਖੇਤੀ ਯੂਨੀਵਰਸਿਟੀ ਵੀ ਲੁਧਿਆਣਾ ਵਿੱਚ ਸਥਾਪਤ ਨਾ ਹੁੰਦੀ ਜੇਕਰ ਡਾ. ਰੰਧਾਵਾ ਉਸ ਵੇਲੇ ਦੀ ਪਰਤਾਪ ਸਿੰਘ ਕੈਰੋਂ ਸਰਕਾਰ ਨੂੰ ਸਹੀ ਸਲਾਹ ਸਮੇਂ ਸਿਰ ਨਾ ਦਿੰਦੇ। ਉਨ੍ਹਾਂ ਇਸ ਦੇ ਦੂਜੇ ਵਾਈਸ ਚਾਂਸਲਰ ਵਜੋਂ ਇਸ ਯੂਨੀਵਰਸਿਟੀ ਨੂੰ ਸਾਹਿਤ, ਕਲਾ ਤੇ ਸੱਭਿਆਚਾਰ ਦਾ ਕੇਂਦਰ ਵੀ ਬਣਾਇਆ।




ਲੁਧਿਆਣਾ ਵਿੱਚ ਕਲਾ ਸਰਗਰਮੀਆਂ ਨੂੰ ਹੁਲਾਰਾ ਦੇਣ ਵਿੱਚ ਉਨ੍ਹਾਂ ਸਥਾਨਕ ਵਿਦਿਅਕ ਸੰਸਥਾਵਾਂ ਨੂੰ ਵੀ ਉਤਸ਼ਾਹਿਤ ਕੀਤਾ। ਕਈ ਸੰਸਥਾਵਾਂ ਉਸਾਰਨ ਵਿੱਚ ਸਲਾਹਕਾਰਾਂ ਸੇਵਾਵਾਂ ਨਿਭਾਈਆਂ। ਗੁਰੂ ਨਾਨਕ ਦੇਵ ਜੀ ਦੀ ਜਨਮ ਸ਼ਤਾਬਦੀ ਵੇਲੇ 1969 ਵਿੱਚ ਉਨ੍ਹਾਂ ਐਲਾਨ ਹੀ ਕਰ ਦਿੱਤਾ ਕਿ ਜਿਹੜਾ ਪਿੰਡ ਜਾਂ ਸ਼ਹਿਰ ਗੁਰੂ ਨਾਨਕ ਪਾਤਿਸ਼ਾਹ ਦੇ ਨਾਮ 'ਤੇ ਸਕੂਲ ਜਾਂ ਕਾਲਿਜ ਖੋਲ੍ਹੇਗਾ ਉਸ ਨੂੰ ਪੀ.ਏ.ਯੂ. ਵੱਲੋਂ ਨਕਸ਼ਾ ਵੀ ਬਣਾ ਕੇ ਦਿਆਂਗੇ ਤੇ ਲੈਂਡ ਸਕੇਪਿੰਗ ਵੀ ਕਰਵਾ ਦਿਆਂਗੇ। ਮੈਂ ਗੁਰੂ ਨਾਨਕ ਕਾਲਿਜ ਕਾਲਾ ਅਫ਼ਗਾਨਾ (ਗੁਰਦਾਸਪੁਰ) ਵਿੱਚ ਪੜ੍ਹਨ ਕਰਕੇ ਜਾਣਦਾਂ ਕਿ ਇਸ ਦੀ ਉਸਾਰੀ ਵੇਲੇ ਪੀ.ਏ.ਯੂ. ਲੁਧਿਆਣਾ ਦੇ ਆਰਕੀਟੈਕਟ ਆਉਂਦੇ ਹੁੰਦੇ ਸੀ ਏਥੇ। ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ ਲੁਧਿਆਣਾ ਬਣਵਾਇਆ।

ਪੰਜਾਬ ਵਿੱਚ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਸੁੰਦਰ ਸ਼ਿੰਗਾਰ ਰੁੱਖਾਂ ਤੇ ਬਾਗ ਬਗੀਚਿਆਂ ਦਾ ਸੱਭਿਆਚਾਰ ਵੀ ਡਾ. ਰੰਧਾਵਾ ਦੀ ਦੇਣ ਹੈ।

ਦੇਸ਼ ਵੰਡ ਵੇਲੇ ਉਹ ਦਿੱਲੀ ਦੇ ਡਿਪਟੀ ਕਮਿਸ਼ਨਰ ਹੋਣ ਕਾਰਨ ਉਨ੍ਹਾਂ ਪੰਜਾਬੀ ਲੇਖਕਾਂ- ਅੰਮ੍ਰਿਤਾ ਪ੍ਰੀਤਮ, ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਅਜੀਤ ਕੌਰ, ਭਾਪਾ ਪ੍ਰੀਤਮ ਸਿੰਘ ਤੇ ਹੋਰ ਕਿੰਨਿਆਂ ਨੂੰ ਘਰ ਅਲਾਟ ਕਰ ਦਿੱਤੇ ਅਤੇ ਮਗਰੋਂ ਚੰਡੀਗੜ੍ਹ ਦੇ ਪਹਿਲੇ ਚੀਫ਼ ਕਮਿਸ਼ਨਰ ਵਜੋਂ ਪੰਜਾਬੀ ਹਿੰਦੀ ਤੇ ਉਰਦੂ ਲੇਖਕਾਂ ਤੇ ਕਲਾਕਾਰਾਂ ਨੂੰ ਉਨ੍ਹਾਂ ਸਸਤੇ ਮੁੱਲ ਦੇ ਪਲਾਟ ਦੇ ਕੇ ਵਸਾਇਆ। ਕਲਾਭਵਨ ਚੰਡੀਗੜ੍ਹ ਉਨ੍ਹਾਂ ਦੀ ਹੀ ਦੂਰ-ਦ੍ਰਿਸ਼ਟੀ ਦਾ ਫ਼ਲ ਹੈ।

ਡਾ. ਰੰਧਾਵਾ ਦੀ ਮਹਿਮਾ ਬਹੁ-ਦਿਸ਼ਾਵੀ ਹੈ। ਪੰਜਾਬੀ ਲੋਕ ਗਾਇਕਾ ਜਗਮੋਹਨ ਕੌਰ ਤੇ ਕੇ. ਦੀਪ ਦੇ ਮੁਹੱਬਤੀ ਵਿਆਹ ਨੂੰ ਵੀ ਗੇਂਦੇ ਦੇ ਫੁੱਲਾਂ ਦਾ ਵੱਡਾ ਸਾਰਾ ਹਾਰ ਪਾ ਕੇ ਲੋਕ ਪ੍ਰਵਾਨਗੀ ਦਿੱਤੀ ਸੀ। ਇਹ ਗੱਲ ਤਸਵੀਰ ਵਿਖਾ ਕੇ ਮੈਨੂੰ ਡਾ. ਸ.ਸ. ਦੁਸਾਂਝ ਨੇ ਦੱਸੀ ਸੀ ਬਹੁਤ ਸਾਲ ਪਹਿਲਾਂ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਰਗੀ ਮਹਾਨ ਸਿੱਖ ਸੰਸਥਾ ਦੇ ਵੀ ਉਹ ਪਹਿਲੇ ਸਰਪ੍ਰਸਤ ਸਨ। ਬਾਬਾ ਬੁੱਢਾ ਜੀ ਦੀ ਯਾਦ ਵਿੱਚ ਕੱਥੂਨੰਗਲ (ਅੰਮ੍ਰਿਤਸਰ), ਫੀਰੋਜ਼ਸ਼ਾਹ ਵਿੱਚ ਸਿੰਘਾਂ ਤੇ ਫਰੰਗੀਆਂ ਦੇ ਯੁੱਧ ਦੀ ਯਾਦਗਾਰ, ਲੁਧਿਆਣਾ, ਮੰਡੀ ਗੋਬਿੰਦਗੜ੍ਹ ਤੇ ਹੋਰ ਕਿੰਨੇ ਸ਼ਹਿਰੀਂ ਰੋਜ਼ ਗਾਰਡਨ, ਨੇਕ ਚੰਦ ਦਾ ਚੰਡੀਗੜ੍ਹ ਵਿੱਚ ਰਾਕ ਗਾਰਡਨ ਤੇ ਕਿੰਨਾ ਕੁਝ ਹੋਰ ਉਨ੍ਹਾਂ ਨੇ ਉਸਾਰਿਆ।

ਅੱਜ ਪੰਜਾਬ ਵਿੱਚ ਜਿੱਥੇ ਕਿਤੇ ਵੀ ਫੁੱਲਦਾਰ ਦਰਖ਼ਤ ਖੜ੍ਹੇ ਹਨ, ਬੋਗਵੇਲੀਆ ਦੀਆਂ ਰੰਗ ਬਰੰਗੀਆਂ ਝਾੜੀਆਂ ਹਨ, ਚੂਪਣ ਵਾਲੇ ਅੰਬਾਂ ਦੇ ਬੂਟੇ ਖੜ੍ਹੇ ਹਨ, ਉਨ੍ਹਾਂ ਵਿੱਚੋਂ ਡਾ. ਰੰਧਾਵਾ ਦੇ ਦਰਸ਼ਨ ਕਰ ਸਕਦੇ ਹੋ।

ਡਾ. ਰੰਧਾਵਾ ਦੇ ਵਿਛੋੜੇ ਵੇਲੇ ਡਾ. ਸੁਖਦੇਵ ਸਿੰਘ ਵਾਈਸ ਚਾਂਸਲਰ ਪੀ.ਏ.ਯੂ. ਦੀ ਪ੍ਰੇਰਨਾ ਨਾਲ ਵਿਸ਼ੇਸ਼ ਫੰਡ ਜਮ੍ਹਾਂ ਕੀਤਾ ਸੀ। ਅਸਾਂ ਸਾਰੇ ਅਧਿਆਪਕਾਂ/ਕਰਮਚਾਰੀਆਂ ਨੇ ਇੱਕ ਦਿਨ ਦੀ ਤਨਖਾਹ ਇਸ ਵਿੱਚ ਪਾਈ ਸੀ। ਕੁਝ ਸਾਲ ਵਿਸ਼ੇਸ਼ ਭਾਸ਼ਨ ਹੁੰਦੇ ਰਹੇ, ਪਰ ਹੁਣ ਲੰਮੇ ਸਮੇਂ ਤੋਂ ਕੋਈ ਸਰਗਰਮੀ ਨਹੀਂ ਸੁਣੀ। ਜੇ ਹੁੰਦੀ ਹੋਵੇ ਤਾਂ ਦੱਸਣਾ।

ਡਾ. ਮਹਿੰਦਰ ਸਿੰਘ ਰੰਧਾਵਾ ਦੀ ਸਵੈ-ਜੀਵਨੀ ਪੜ੍ਹ ਕੇ ਉਨ੍ਹਾਂ ਨਾਲ ਉਮਰ ਲੰਮੀ ਸਾਂਝ ਪਾ ਕੇ ਜਾਣ ਸਕਦੇ ਹੋ ਕਿ ਵੱਡਾ ਬੰਦਾ ਬਣਨ ਲਈ ਕੀ ਕੁਝ ਚਾਹੀਦਾ ਹੈ। ਖ਼ੈਰ! ਸਾਨੂੰ ਪੰਜਾਬ ਲਈ ਮੁੜ ਸਮਰਪਿਤ ਹੋ ਕੇ ਡਾ. ਰੰਧਾਵਾ ਵਾਂਗ ਈਮਾਨ ਦਾ ਪੱਲਾ ਫੜਨਾ ਚਾਹੀਦਾ ਹੈ।

---

*(*ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ)*

# ਡਾ. ਗੁਰਦਾਸ ਸਿੰਘ ਦਾਸ ਇੱਕ ਮੋਹਰੀ ਸਿੱਖ ਆਗੂ !

ਡਾ. ਗੁਰਦਾਸ ਸਿੰਘ ਦਾਸ 1969 ਵਿੱਚ ਡੀ.ਵੀ.ਐਮ. ਅਤੇ ਪਸ਼ੂ ਪ੍ਰਜਨਨ ਵਿੱਚ ਮਾਸਟਰ ਡਿਗਰੀ ਨਾਲ ਲੈਸ ਅਮਰੀਕਾ ਆਏ, ਪਰ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਡੇਅਰੀ ਸਾਇੰਸ ਵਿੱਚ ਪੀਐਚ.ਡੀ. ਕੀਤੀ। ਉਨ੍ਹਾਂ ਨੇ 1975 ਵਿੱਚ ਮਿਸ਼ੀਗਨ ਸਟੇਟ ਯੂਨੀਵਰਸਿਟੀ, ਈਸਟ ਲੈਨਸਿੰਗ (ਮਿਸ਼ੀਗਨ) ਤੋਂ ਗ੍ਰੈਜੂਏਸ਼ਨ ਕੀਤੀ। ਪੜ੍ਹਾਉਣ ਦੀ ਬਜਾਏ, ਪ੍ਰੋਫੈਸਰ ਵਜੋਂ ਉਨ੍ਹਾਂ ਨੇ ਇੱਕ ਪਸ਼ੂ ਚਿਕਿਤਸਕ ਵਜੋਂ ਅਭਿਆਸ ਕਰਨ ਦਾ ਫੈਸਲਾ ਕੀਤਾ, ਕਿਉਂਕਿ ਉਨ੍ਹਾਂ ਨੂੰ ਪਾਲਤੂ ਜਾਨਵਰਾਂ ਲਈ ਬਹੁਤ ਜਨੂੰਨ ਸੀ ਅਤੇ ਉਹ ਗਾਹਕਾਂ ਨਾਲ ਗੱਲਬਾਤ ਕਰਨਾ ਪਸੰਦ ਕਰਦੇ ਸਨ। ਇੱਕ ਪਸ਼ੂ ਚਿਕਿਤਸਕ ਨਾਲ ਢਾਈ ਸਾਲ ਕੰਮ ਕਰਨ ਤੋਂ ਬਾਅਦ ਉਨ੍ਹਾਂ ਨੇ 1979 ਵਿੱਚ ਓਹਾਇਓ ਦੇ ਸ਼ਹਿਰ ਸਾਊਥ ਯੂਕਲਿਡ ਵਿੱਚ ਆਪਣਾ ਪਸ਼ੂ ਚਿਕਿਤਸਕ ਹਸਪਤਾਲ ਖੋਲ੍ਹਿਆ, ਜਿਸਨੂੰ ਗ੍ਰੀਨਮੌਂਟ ਵੈਟਰਨਰੀ ਹਸਪਤਾਲ ਕਿਹਾ ਜਾਂਦਾ ਹੈ।

2011 ਵਿੱਚ ਉਹ ਓਹਾਇਓ ਦੇ ਗਵਰਨਰ ਸਟ੍ਰਿਕਲੈਂਡ ਦੀ ਸਿਫ਼ਾਰਸ਼ 'ਤੇ ਓਹਾਇਓ ਵੈਟਰਨਰੀ ਮੈਡੀਕਲ ਬੋਰਡ ਦੇ ਮੈਂਬਰ ਬਣੇ। ਉਨ੍ਹਾਂ ਦਾ ਹੋਰ ਬੋਰਡ ਮੈਂਬਰਾਂ ਨਾਲ ਬਹੁਤ ਵਧੀਆ ਤਾਲਮੇਲ ਸੀ ਅਤੇ 2013 ਵਿੱਚ ਓਹਾਇਓ ਵੈਟਰਨਰੀ ਮੈਡੀਕਲ ਲਾਇਸੈਂਸਿੰਗ ਬੋਰਡ ਦੇ ਪ੍ਰਧਾਨ ਬਣਨ ਲਈ ਚੁਣੇ ਗਏ। ਡਾ. ਗੁਰਦਾਸ ਸਿੰਘ ਦਾਸ ਸੰਯੁਕਤ ਰਾਜ ਅਮਰੀਕਾ ਵਿੱਚ ਇਸ ਵੱਕਾਰੀ ਅਹੁਦੇ 'ਤੇ ਰਹਿਣ ਵਾਲੇ ਪਹਿਲੇ ਸਿੱਖ ਅਮਰੀਕੀ ਵੈਟਰਨਰੀਅਨ ਬਣੇ। ਹੁਣ ਤੱਕ ਕੋਈ ਹੋਰ ਪ੍ਰਸਿੱਧ ਸਿੱਖ ਕਿਸੇ ਵੀ ਰਾਜ ਵਿੱਚ ਇਸ ਤਰ੍ਹਾਂ ਦੇ ਅਹੁਦੇ 'ਤੇ ਨਹੀਂ ਬੈਠਾ ਹੈ। ਇਹ ਸਿੱਖ ਅਮਰੀਕੀ ਭਾਈਚਾਰੇ ਲਈ ਬਹੁਤ ਸਨਮਾਨ, ਮਾਣ ਅਤੇ ਪ੍ਰੇਰਨਾ ਦੀ ਗੱਲ ਹੈ ਕਿ ਡਾ. ਦਾਸ ਵਰਗੇ ਕਿਸੇ ਵਿਅਕਤੀ ਨੂੰ ਇਸ ਅਹੁਦੇ 'ਤੇ ਬਿਰਾਜਮਾਨ ਦੇਖਿਆ ਜਾਵੇ। ਹਰ ਜਗ੍ਹਾ ਸਿੱਖਾਂ ਨੂੰ ਇਸ ਮਹਾਨ ਪ੍ਰਾਪਤੀ 'ਤੇ ਮਾਣ ਹੋਣਾ ਚਾਹੀਦਾ ਹੈ, ਜਿਸਨੇ ਭਾਈਚਾਰਕ ਪਹਿਚਾਣ ਦੇ ਦਰਵਾਜ਼ੇ ਹੋਰ ਖੋਲ੍ਹ ਦਿੱਤੇ ਅਤੇ 'ਪੱਗ ਦੇ ਮਾਣ' ਨੂੰ ਵਧਾਇਆ!



ਡਾ. ਦਾਸ 81 ਸਾਲ ਦੇ ਹੋਣ ਤੱਕ ਕੰਮ ਕਰਦੇ ਰਹੇ ਅਤੇ ਅੰਤ ਵਿੱਚ ਉਨ੍ਹਾਂ ਦੇ ਸਾਥੀ ਨੇ ਉਨ੍ਹਾਂ ਨੂੰ ਰੁਕਣ ਅਤੇ ਗੁਲਾਬਾਂ ਨੂੰ ਸੁੰਘਣ ਦੇ ਅਹਿਸਾਸ ਵਾਂਗ ਜ਼ਿੰਦਗੀ ਜਿਉਣ ਲਈ ਕਿਹਾ। ਉਹ ਨਰਮ ਪਏ, ਪਰ ਉਦੋਂ ਤੋਂ ਹੌਲੀ ਨਹੀਂ ਹੋਏ, ਸਗੋਂ ਕਈ ਖੇਤਰਾਂ ਵਿੱਚ ਸੇਵਾ ਕਰਨ ਵਿੱਚ ਆਪਣਾ ਸਮਾਂ ਬਿਤਾਉਂਦੇ ਹਨ।

ਡਾ. ਗੁਰਦਾਸ ਸਿੰਘ ਲੰਬੇ ਸਮੇਂ ਤੋਂ ਅਮਰੀਕਨ ਸਿੱਖ ਕੌਂਸਲ ਦੇ ਬੋਰਡ ਮੈਂਬਰ ਰਹੇ ਹਨ ਅਤੇ ਕੁਝ ਸਾਲਾਂ ਲਈ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ ਹੈ। ਉਹ ਊਰਜਾਵਾਨ ਸ਼ਖਸੀਅਤ ਹਨ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਜੋਸ਼ ਅਤੇ ਊਰਜਾ ਨਾਲ ਸਿੱਖ ਅਮਰੀਕੀ ਭਾਈਚਾਰੇ ਦੀ ਸੇਵਾ ਕਰਦੇ ਰਹਿਣਗੇ।

ਜ਼ਿਕਰਯੋਗ ਹੈ ਕਿ ਅਮਰੀਕਨ ਸਿੱਖ ਕੌਂਸਲ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖਾਂ ਦੀ ਪ੍ਰਤੀਨਿਧੀ ਸੰਸਥਾ ਹੈ। ਇਹ ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਦੀ ਇੱਕ ਚੁਣੀ ਹੋਈ ਸੰਸਥਾ ਹੈ। ਇਸ ਵੇਲੇ ਦੇਸ਼ ਭਰ ਵਿੱਚ 76 ਗੁਰਦੁਆਰੇ ਅਤੇ ਹੋਰ ਸਿੱਖ ਸੰਸਥਾਵਾਂ ਅਮਰੀਕਨ ਸਿੱਖ ਕੌਂਸਲ ਦੇ ਮੈਂਬਰ ਹਨ।

ਸੰਗਠਨ ਦਾ ਮੁੱਖ ਪ੍ਰਬੰਧਕੀ ਉਦੇਸ਼ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖਾਂ ਦੇ ਸਮੂਹਿਕ ਦ੍ਰਿਸ਼ਟੀਕੋਣ ਨੂੰ ਦਰਸਾਉਣਾ ਹੈ। ਅਮਰੀਕਨ ਸਿੱਖ ਕੌਂਸਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਹਿੱਤਾਂ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਦੀ ਹੈ, ਜੋ ਮਨੁੱਖਤਾ ਦੀ ਵਕਾਲਤ, ਸਿੱਖਿਆ ਅਤੇ ਭਲਾਈ ਦੇ ਮੁੱਦਿਆਂ 'ਤੇ ਕੇਂਦ੍ਰਤ ਕਰਦਾ ਹੈ।


ਅਮਰੀਕਨ ਸਿੱਖ ਕੌਂਸਲ ਨਾਲ ਕਿਸੇ ਜਾਣਕਾਰੀ ਲਈ ਜਾਂ ਵਿੱਤੀ ਸਹਿਯੋਗ ਦੇਣ ਲਈ ਹੇਠ ਲਿਖੇ ਅਨੁਸਾਰ ਸੰਪਰਕ ਕੀਤਾ ਜਾ ਸਕਦਾ ਹੈ:

**American Sikh Council**
P.O. Box 932
Voorhees, NJ 08043, USA
(Ph: 607-269-7454)
contact@americansikhcouncil.org
www.AmericanSikhCouncil.org

# ਕਿਚਨ ਗਾਰਡਨ ਦੀ ਕਹਾਣੀ-ਇੱਕ ਮੈਡੀਕਲ ਡਾਕਟਰ ਦੀ ਜ਼ੁਬਾਨੀ

ਸੱਚੋ-ਸੱਚ

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



ਓਸਵੇਗੋ, ਇਲੀਨਾਏ ਦੇ ਨਿਵਾਸੀ ਡਾ. ਮੁਖਤਾਰ ਸਿੰਘ ਨੰਦਰਾ ਐਮ.ਡੀ. ਇੱਕ ਲੰਮੇ ਸਮੇਂ 1960 ਦੇ ਦਹਾਕੇ ਦੇ ਅੱਧ ਤੋਂ ਡਾਕਟਰ ਅਤੇ ਜੋਸ਼ੀਲੇ ਕਿਚਨ ਗਾਰਡਨਰ ਹਨ। ਪਿਛਲੀਆਂ ਗਰਮੀਆਂ ਦੇ ਅਖੀਰ ਵਿੱਚ ਮੈਂ ਓਸਵੇਗੋ ਵਿੱਚ ਡਾ. ਨੰਦਰਾ ਦੇ ਘਰ ਗਿਆ। ਘਰ ਦੇ ਅੰਦਰ ਚਾਹ ਤਿਆਰ ਕੀਤੀ ਜਾ ਰਹੀ ਸੀ, ਡਾ. ਨੰਦਰਾ ਨੇ ਮੈਨੂੰ ਆਪਣੇ ਕਿਚਨ ਗਾਰਡਨ ਵਿੱਚੋਂ ਲੰਘਣ ਲਈ ਸੱਦਾ ਦਿੱਤਾ, ਜੋ ਆਪਣੇ ਆਪ ਨੂੰ ਪਵਿੱਤਰ ਸਥਾਨ ਅਤੇ ਕਲਾਸਰੂਮ- ਦੋਵਾਂ ਵਜੋਂ ਪ੍ਰਗਟ ਕਰਦਾ ਸੀ।

ਗਾਰਡਨ ਨੂੰ ਧਿਆਨ ਨਾਲ ਸੰਭਾਲਿਆ ਗਿਆ ਹੈ। ਕਈ ਸਬਜ਼ੀਆਂ, ਜੜ੍ਹੀਆਂ-ਬੂਟੀਆਂ ਅਤੇ ਮਸਾਲਿਆਂ ਆਦਿ ਦੀਆਂ ਕਿਸਮਾਂ ਨਾਲ ਭਰਿਆ ਹੋਇਆ ਹੈ ਜੋ ਵਿਸ਼ੇਸ਼ ਦੇਖ-ਭਾਲ ਨਾਲ ਉਗਾਏ ਗਏ ਹਨ। ਗਾਰਡਨ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਂਦਿਆਂ ਡਾ. ਨੰਦਰਾ ਨੇ ਹਰੇਕ ਪੌਦੇ ਬਾਰੇ ਲੰਬੇ ਸਮੇਂ ਤੋਂ ਜਾਣੂ ਹੋਣ ਦੀ ਸੌਖ ਨਾਲ ਗੱਲਬਾਤ ਕੀਤੀ। ਉਸ ਦੁਪਹਿਰ, ਮੈਂ ਧਾਰ ਲਿਆ ਕਿ ਡਾ. ਨੰਦਰਾ ਦੇ ਬਾਗਬਾਨੀ ਅਤੇ ਦਵਾਈ ਵਿਚਕਾਰ ਖਾਸ ਸਬੰਧ ਬਾਰੇ ਜ਼ਰੂਰ ਲਿਖਾਂਗਾ। ਨਵੇਂ ਸਾਲ ਦੀ ਸ਼ਾਮ ਉਸ ਵਾਅਦੇ ਨੂੰ ਪੂਰਾ ਕਰਨ ਲਈ ਸਹੀ ਪਲ ਵਾਂਗ ਮਹਿਸੂਸ ਹੋਈ। ਦੋਹਾਂ ਪ੍ਰਤੀ ਉਨ੍ਹਾਂ ਦੀ ਸਮਰਪਣ ਭਾਵਨਾ ਦੀ ਇੱਕ ਛੋਟੀ ਜਿਹੀ ਭੇਟ ਹੇਠ ਲਿਖੀ ਵਾਰਤਾ 'ਚ ਬਿਆਨ ਕੀਤੀ ਗਈ ਹੈ:

ਸਤਾਸੀ ਸਾਲ ਦੀ ਉਮਰ ਵਿੱਚ ਡਾ. ਨੰਦਰਾ ਆਪਣੇ ਗਾਰਡਨ ਦੇ ਹਰ ਪਹਿਲੂ ਵਿੱਚ ਡੂੰਘਾਈ ਨਾਲ ਰੁੱਝੇ ਰਹਿੰਦੇ ਹਨ; ਮਿੱਟੀ ਤਿਆਰ ਕਰਨਾ, ਗਰਮੀਆਂ ਦੀਆਂ ਸਬਜ਼ੀਆਂ ਦੀ ਪਨੀਰੀ ਤਿਆਰ ਕਰਨਾ, ਕਿਆਰੀਆਂ ਦੀ ਦੇਖਭਾਲ ਕਰਨਾ ਅਤੇ ਇੱਥੋਂ ਤੱਕ ਕਿ ਆਪਣੇ ਸੰਦਾਂ ਨੂੰ ਆਪ ਹੀ ਤਿੱਖਾ ਕਰਨਾ। ਉਮਰ ਨੇ ਨਾ ਤਾਂ ਉਨ੍ਹਾਂ ਦੇ ਹੱਥਾਂ ਨੂੰ ਢਿੱਲਾ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਦੇ ਇਰਾਦੇ ਨੂੰ ਮੱਠਾ ਪੈਣ ਦਿੱਤਾ ਹੈ। ਭਾਵੇਂ ਗਾਰਡਨ ਵਿੱਚ ਹੋਵੇ ਜਾਂ ਸਰਜੀਕਲ ਰੂਮ ਵਿੱਚ, ਉਨ੍ਹਾਂ ਦੀ ਸਥਿਰਤਾ ਸਪੱਸ਼ਟ ਹੈ।

ਬੇਸ਼ੱਕ ਡਾ. ਮੁਖਤਾਰ ਸਿੰਘ ਨੰਦਰਾ ਮਾਰਚ 2025 ਵਿੱਚ ਰਸਮੀ ਤੌਰ 'ਤੇ ਸੇਵਾਮੁਕਤ ਹੋ ਗਏ ਸਨ, ਪਰ ਉਨ੍ਹਾਂ ਨੇ ਇੱਕ ਇਲਾਜ ਕਰਨ ਵਾਲੇ ਦੀਆਂ ਆਦਤਾਂ ਨੂੰ ਨਹੀਂ ਛੱਡਿਆ ਹੈ। ਹਰ ਗਰਮੀਆਂ ਦੀ ਸਵੇਰ, ਉਹ ਅਜੇ ਵੀ ਜਲਦੀ ਉੱਠਦੇ ਹਨ। ਜਿੱਥੇ ਹਸਪਤਾਲ ਦੇ ਚੱਕਰ ਕਦੇ ਉਨ੍ਹਾਂ ਦੇ ਕੰਮਕਾਜ ਵਾਲੇ ਰੁਝੇਵੇਂ ਨੂੰ ਨਿਰਧਾਰਤ ਕਰਦੇ ਸਨ, ਹੁਣ ਉਹ ਕਿਚਨ ਗਾਰਡਨਿੰਗ ਕਰਦਿਆਂ ਤਸੱਲੀ ਮਹਿਸੂਸ ਕਰਦੇ ਹਨ! ਸਮੇਂ ਦੇ ਨਾਲ ਡਾ. ਨੰਦਰਾ ਕਿਚਨ ਗਾਰਡਨਿੰਗ ਨੂੰ ਦਵਾਈ ਦੇ ਇੱਕ ਕੁਦਰਤੀ ਵਿਸਥਾਰ ਵਜੋਂ ਦੇਖਣ ਲੱਗ ਪਏ ਹਨ, ਜਿਸਨੂੰ ਉਹ ਮੰਨਦੇ ਹਨ ਕਿ ਨੌਜਵਾਨ ਡਾਕਟਰਾਂ ਨੂੰ ਵੀ ਸਮਝਣਾ ਚਾਹੀਦਾ ਹੈ।

ਡਾ. ਨੰਦਰਾ ਕਹਿੰਦੇ ਹਨ, "ਪੌਦਿਆਂ ਦੀ ਦੇਖਭਾਲ ਕਰਨਾ, ਦਵਾਈ ਦੇ ਅਸਰ ਜਿਹੀ ਇੱਕ ਸ਼ਾਂਤ ਤੇ ਕੋਮਲ ਨਿਰੰਤਰਤਾ ਹੈ।" ਇੱਕ ਡਾਕਟਰ ਵਜੋਂ ਆਪਣੇ ਸ਼ੁਰੂਆਤੀ ਸਾਲਾਂ ਵਿੱਚ ਉਨ੍ਹਾਂ ਨੇ ਨੁਸਖ਼ਿਆਂ ਅਤੇ ਕਲਿਨਿਕਲ ਸਲਾਹ ਨਾਲ ਬਿਮਾਰੀਆਂ ਦਾ ਇਲਾਜ ਕੀਤਾ। ਉਮਰ ਦੇ ਤਕਾਜ਼ੇ ਨਾਲ ਉਨ੍ਹਾਂ ਨੇ ਸਿੱਖਿਆ ਹੈ ਕਿ ਸਿਹਤ ਵੀ ਹੌਲੀ-ਹੌਲੀ ਅਤੇ ਧਿਆਨ ਨਾਲ ਕਾਸ਼ਤ ਕੀਤੀ ਜਾਂਦੀ ਹੈ, ਉਵੇਂ ਹੀ ਜਿਵੇਂ ਗਰਮੀਆਂ ਦੀ ਧੁੱਪ ਹੇਠ ਸਬਜ਼ੀਆਂ ਉੱਗਦੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਹੱਥੀਂ ਕਾਰ ਕਰਦਿਆਂ ਬਾਗਬਾਨੀ ਜੋ ਸਬਕ ਸਿਖਾਉਂਦੀ ਹੈ, ਉਹ ਕੋਈ ਪਾਠ ਪੁਸਤਕ ਨਹੀਂ ਸਿਖਾ ਸਕਦੀ।

ਉਹ ਗਰਮੀ ਅਤੇ ਵਾਸ਼ਪੀਕਰਨ ਦੇ ਪ੍ਰਭਾਵ ਤੋਂ ਪਹਿਲਾਂ ਜਲਦੀ ਪਾਣੀ ਦਿੰਦੇ ਹਨ। ਉਹ ਦੱਸਦੇ ਹਨ ਕਿ ਜੜ੍ਹਾਂ ਸਥਿਰ ਪੋਸ਼ਣ ਤੋਂ ਸਭ ਤੋਂ ਵੱਧ ਲਾਭ ਉਠਾਉਂਦੀਆਂ ਹਨ। ਦਵਾਈ ਦੇ ਨਾਲ ਸਮਾਨੰਤਰ ਸਪੱਸ਼ਟ ਹੈ: ਜਲਦੀ ਵਿੱਚ ਕੀਤੇ ਗਏ ਉਪਚਾਰ ਘੱਟ ਹੀ ਠੀਕ ਹੁੰਦੇ ਹਨ ਅਤੇ ਨਾਲ ਹੀ ਮਰੀਜ਼ ਦੀ ਇਕਸਾਰ ਦੇਖਭਾਲ ਵੀ ਨਹੀਂ ਹੁੰਦੀ। ਪੌਦੇ ਅਤੇ ਲੋਕ- ਦੋਵੇਂ ਹੀ ਕੋਮਲਤਾ, ਸਮੇਂ ਅਤੇ ਧਿਆਨ ਦਾ ਸਭ ਤੋਂ ਵਧੀਆ ਜਵਾਬ ਦਿੰਦੇ ਹਨ। ਅੱਜ ਡਾ. ਨੰਦਰਾ ਬੁੱਧੀ ਨਾਲ ਬਾਗਬਾਨੀ ਕਰਦੇ ਹਨ। ਛੋਟੀਆਂ ਕਿਆਰੀਆਂ ਵਿੱਚ ਉੱਚੀਆਂ ਵੱਟਾਂ ਉਨ੍ਹਾਂ ਦੀ ਪਿੱਠ ਦੀ ਰੱਖਿਆ ਕਰਦੀਆਂ ਹਨ ਅਤੇ ਮਲਚ, ਪਾਣੀ ਤੇ ਮਿਹਨਤ ਦੀ ਬਚਤ ਵੀ ਕਰਦੇ ਹਨ। ਉਹ ਪ੍ਰਤੀਬਿੰਬਤ ਕਰਦੇ ਹਨ, "ਊਰਜਾ ਬਚਾਉਣ ਵਿੱਚ ਸਿਆਣਪ ਹੈ- ਭਾਵੇਂ ਮਿੱਟੀ ਦੀ ਹੋਵੇ, ਸਰੀਰ ਦੀ ਹੋਵੇ ਜਾਂ ਮਨ ਤੇ ਆਤਮਾ ਦੀ ਹੋਵੇ।" ਦਵਾਈਆਂ ਨੇ ਉਨ੍ਹਾਂ ਨੂੰ ਸੀਮਾਵਾਂ ਨੂੰ ਪਛਾਣਨਾ ਸਿਖਾਇਆ ਹੈ; ਤੇ ਉਮਰ ਨੇ ਉਨ੍ਹਾਂ ਦਾ ਸਤਿਕਾਰ ਕਰਨਾ। ਉਨ੍ਹਾਂ ਲਈ ਕਿਚਨ ਗਾਰਡਨਿੰਗ ਸਿਰਫ਼ ਉਪਜ ਬਾਰੇ ਨਹੀਂ ਹੈ; ਇਹ ਨਿਰੀਖਣ ਸੰਤੁਲਨ ਅਤੇ ਨਵੀਨੀਕਰਨ ਬਾਰੇ ਵੀ ਹੈ। ਸਬਜ਼ੀਆਂ ਨੂੰ ਫੁੱਲ ਤੋਂ ਫਲ ਤੱਕ ਜਾਂਦੇ ਦੇਖਣਾ ਉਨ੍ਹਾਂ ਨੂੰ ਰੁੱਝਿਆ ਰੱਖਦਾ ਹੈ, ਅੰਦਰੂਨੀ ਖੁਸ਼ੀ ਦਿੰਦਾ ਹੈ ਅਤੇ ਜਵਾਨ ਵੀ ਰੱਖਦਾ ਹੈ।


***ਡਾ. ਨੰਦਰਾ ਕਹਿੰਦੇ ਹਨ, "ਪੌਦਿਆਂ ਦੀ ਦੇਖਭਾਲ ਕਰਨਾ, ਦਵਾਈ ਦੇ ਅਸਰ ਜਿਹੀ ਇੱਕ ਸ਼ਾਂਤ ਤੇ ਕੋਮਲ ਨਿਰੰਤਰਤਾ ਹੈ।... ਸਿਹਤ ਵੀ ਹੌਲੀ-ਹੌਲੀ ਅਤੇ ਧਿਆਨ ਨਾਲ ਕਾਸ਼ਤ ਕੀਤੀ ਜਾਂਦੀ ਹੈ, ਜਿਵੇਂ ਗਰਮੀਆਂ ਦੀ ਧੁੱਪ ਹੇਠ ਸਬਜ਼ੀਆਂ ਉੱਗਦੀਆਂ ਹਨ।"***

---

***ਡਾ. ਨੰਦਰਾ ਪ੍ਰਤੀਬਿੰਬਤ ਕਰਦੇ ਹਨ, "ਊਰਜਾ ਬਚਾਉਣ ਵਿੱਚ ਸਿਆਣਪ ਹੈ- ਭਾਵੇਂ ਮਿੱਟੀ ਦੀ ਹੋਵੇ, ਸਰੀਰ ਦੀ ਹੋਵੇ ਜਾਂ ਮਨ ਤੇ ਆਤਮਾ ਦੀ ਹੋਵੇ।"***

---

***ਡਾ. ਨੰਦਰਾ ਨੌਜਵਾਨ ਪੀੜ੍ਹੀ ਨੂੰ ਇਹ ਸਲਾਹ ਦਿੰਦੇ ਹਨ, "ਜੇ ਤੁਸੀਂ ਸਿਹਤ ਨੂੰ ਸਮਝਣਾ ਚਾਹੁੰਦੇ ਹੋ, ਤਾਂ ਗਰਮੀਆਂ ਵਿੱਚ ਕੁਝ ਤਰ੍ਹਾਂ ਦੇ ਬੂਟੇ ਲਗਾਓ; ਉਨ੍ਹਾਂ ਦੀ ਰੋਜ਼ਾਨਾ ਦੇਖਭਾਲ ਕਰੋ; ਉਨ੍ਹਾਂ ਦੇ ਵਾਧੇ ਅਤੇ ਸੰਘਰਸ਼ ਬਾਰੇ ਤੁਹਾਨੂੰ ਕੋਈ ਕਲਿਨਿਕ ਨਹੀਂ ਸਿਖਾ ਸਕਦੀ। ਇਸ ਨਾਲ ਮਨ ਨੂੰ ਖੁਸ਼ੀ ਤੇ ਖੇੜਾ ਮਿਲਦਾ, ਜੋ ਸਥਾਈ ਹੈ।"***





### ਕੰਮ ਵਿੱਚ ਥੈਰੇਪੀ ਹੁੰਦੀ ਹੈ

ਮਾਨਸਿਕ ਸਿਹਤ ਦੇ ਆਮ ਵਿਚਾਰ-ਵਟਾਂਦਰੇ ਵਿੱਚ ਆਉਣ ਤੋਂ ਬਹੁਤ ਪਹਿਲਾਂ ਡਾ. ਨੰਦਰਾ ਨੇ ਦੇਖਿਆ ਕਿ ਜਦੋਂ ਹੱਥ ਮਿੱਟੀ ਨੂੰ ਛੂਹੰਦੇ ਹਨ ਤਾਂ ਚਿੰਤਾ ਕਿਵੇਂ ਘੱਟ ਜਾਂਦੀ ਹੈ ਅਤੇ ਧਿਆਨ ਸਾਧਾਰਨ ਕੰਮਾਂ ਵੱਲ ਸੀਮਤ ਹੋ ਜਾਂਦਾ ਹੈ। ਧਿਆਨ ਇੱਕ ਤਰ੍ਹਾਂ ਨਦੀਨਨਾਸ਼ਕ ਬਣ ਜਾਂਦਾ ਹੈ। ਗਰਮੀ ਅਤੇ ਕੀੜਿਆਂ ਤੋਂ ਬਚਿਆ ਇੱਕ ਪੌਦਾ ਲਚਕੀਲੇਪਣ ਵਿੱਚ ਇੱਕ ਸ਼ਾਂਤ ਸਬਕ ਪੇਸ਼ ਕਰਦਾ ਹੈ।

ਮਰੀਜ਼ਾਂ ਨੂੰ ਤਾਜ਼ੀਆਂ ਮੌਸਮੀ ਸਬਜ਼ੀਆਂ ਖਾਣ ਦੀ ਸਲਾਹ ਦੇਣ ਤੋਂ ਬਾਅਦ ਉਹ ਖਾਣੇ ਤੋਂ ਕੁਝ ਪਲ ਪਹਿਲਾਂ ਤਾਜ਼ਾ ਕੱਟੀਆਂ ਗਈਆਂ ਸਬਜ਼ੀਆਂ ਦੇ ਪੌਸ਼ਟਿਕ ਮੁੱਲ ਦਾ ਵੀ ਬਰਾਬਰ ਯਕੀਨ ਰੱਖਦੇ ਹਨ। ਗਰਮੀਆਂ ਦਾ ਕਿਚਨ ਗਾਰਡਨ ਵਿੱਚ ਲਾਈਕੋਪੀਨ ਨਾਲ ਭਰਪੂਰ ਟਮਾਟਰ, ਸੰਘਣੇ ਖਣਿਜ ਵਾਲੇ ਸਾਗ ਅਤੇ ਜੜ੍ਹੀ-ਬੂਟੀਆਂ ਪ੍ਰਦਾਨ ਕਰਦੇ ਹਨ ਜੋ ਪਾਚਨ ਪ੍ਰਕ੍ਰਿਆ ਨੂੰ ਉਤੇਜਿਤ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਘਰੇਲੂ ਭੋਜਨ ਨਾ ਸਿਰਫ਼ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ, ਸਗੋਂ ਇਹ ਖਾਣ ਨਾਲ ਸਿਹਤ ਸਬੰਧੀ ਸ਼ਾਨਦਾਰ ਨਤੀਜੇ ਵੀ ਨਿਕਲਦੇ ਹਨ।




ਜੀਵਨ ਦੇ ਇਸ ਪੜਾਅ 'ਤੇ ਸ਼ਾਇਦ ਕਿਚਨ ਗਾਰਡਨਿੰਗ ਦਾ ਸਭ ਤੋਂ ਵੱਡਾ ਤੋਹਫ਼ਾ ਦ੍ਰਿਸ਼ਟੀਕੋਣ ਹੈ। ਪੌਦੇ ਜਲਦੀ ਨਹੀਂ ਕਰਦੇ। ਉਹ ਦੇਖਭਾਲ ਦਾ ਜਵਾਬ ਦਿੰਦੇ ਹਨ, ਹੁਕਮ ਦਾ ਨਹੀਂ। ਕੁਝ ਰੁੱਤਾਂ ਵਧੇਰੇ ਉਦਾਰ ਹੁੰਦੀਆਂ ਹਨ ਤੇ ਕੁਝ ਘੱਟ। ਜਿਵੇਂ ਕਿ ਦਵਾਈ ਅਤੇ ਜੀਵਨ ਵਿੱਚ ਹਰ ਕੋਸ਼ਿਸ਼ ਸਫਲ ਨਹੀਂ ਹੁੰਦੀ, ਪਰ ਕੋਈ ਵੀ ਵਿਅਰਥ ਨਹੀਂ ਜਾਂਦੀ।

ਡਾ. ਨੰਦਰਾ ਨੌਜਵਾਨ ਪੀੜ੍ਹੀ ਨੂੰ ਇਹ ਸਲਾਹ ਦਿੰਦੇ ਹਨ, "ਜੇ ਤੁਸੀਂ ਸਿਹਤ ਨੂੰ ਸਮਝਣਾ ਚਾਹੁੰਦੇ ਹੋ, ਤਾਂ ਗਰਮੀਆਂ ਵਿੱਚ ਕੁਝ ਤਰ੍ਹਾਂ ਦੇ ਬੂਟੇ ਲਗਾਓ; ਉਨ੍ਹਾਂ ਦੀ ਰੋਜ਼ਾਨਾ ਦੇਖਭਾਲ ਕਰੋ; ਉਨ੍ਹਾਂ ਦੇ ਵਾਧੇ ਅਤੇ ਸੰਘਰਸ਼ ਬਾਰੇ ਤੁਹਾਨੂੰ ਕੋਈ ਵੀ ਕਲਿਨਿਕ ਨਹੀਂ ਸਿਖਾ ਸਕਦੀ। ਇਸ ਨਾਲ ਮਨ ਨੂੰ ਖੁਸ਼ੀ ਤੇ ਖੇੜਾ ਮਿਲੇਗਾ, ਜੋ ਸਥਾਈ ਹੈ।"

### ਜੀਵਨ 'ਚ ਸੰਤੁਲਿਤ ਪੋਸ਼ਣ ਲਈ ਇੱਕ ਡਾਕਟਰ ਦੀ ਸਲਾਹ

ਜੀਵਨ ਦੇ ਹਰ ਪੜਾਅ 'ਤੇ ਸਿਹਤ ਦੀ ਨੀਂਹ ਲਈ ਸੰਤੁਲਿਤ ਪੋਸ਼ਣ ਜ਼ਰੂਰੀ ਹੈ। ਇੱਕ ਡਾਕਟਰ ਹੋਣ ਦੇ ਨਾਤੇ ਡਾ. ਨੰਦਰਾ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਮਰ, ਵਿਕਾਸ, ਗਤੀਵਿਧੀ ਅਤੇ ਸਰੀਰਕ ਸਥਿਤੀ ਦੇ ਨਾਲ ਖੁਰਾਕ ਦੀਆਂ ਜ਼ਰੂਰਤਾਂ ਬਦਲਦੀਆਂ ਰਹਿੰਦੀਆਂ ਹਨ, ਫਿਰ ਵੀ ਸੰਤੁਲਨ, ਵਿਭਿੰਨ, ਸੰਜਮ ਨਾਲ ਤੇ ਲੋੜੀਂਦੀ ਖੁਰਾਕ ਦੇ ਮੁੱਖ ਸਿਧਾਂਤ ਸਥਿਰ ਰਹਿੰਦੇ ਹਨ।

**ਬੱਚਿਆਂ (0-2 ਸਾਲ)** ਨੂੰ ਤੇਜ਼ ਵਿਕਾਸ ਅਤੇ ਦਿਮਾਗ ਦੇ ਵਿਕਾਸ ਦਾ ਸਮਰਥਨ ਕਰਨ ਵਾਲੇ ਪੋਸ਼ਣ ਦੀ ਲੋੜ ਹੁੰਦੀ ਹੈ। ਪਹਿਲੇ ਛੇ ਮਹੀਨਿਆਂ ਲਈ ਮਾਂ ਦਾ ਦੁੱਧ ਵਿਸ਼ੇਸ਼ ਆਦਰਸ਼ ਹੈ, ਕਿਉਂਕਿ ਮਾਂ ਦਾ ਦੁੱਧ ਅਨੁਕੂਲ ਪੌਸ਼ਟਿਕ ਤੱਤ ਅਤੇ ਇਮਿਊਨ ਸੁਰੱਖਿਆ ਪ੍ਰਦਾਨ ਕਰਦਾ ਹੈ। ਜਿੱਥੇ ਮਾਂ ਦਾ ਦੁੱਧ ਸੰਭਵ ਨਹੀਂ ਹੈ, ਉੱਥੇ ਆਇਰਨ-ਫੋਰਟੀਫਾਈਡ ਇਨਫੈਂਟ ਫਾਰਮੂਲੇ ਢੁਕਵੇਂ ਹਨ। ਛੇ ਮਹੀਨਿਆਂ ਤੋਂ ਬਾਅਦ ਪੂਰਕ ਭੋਜਨ ਜਿਵੇਂ ਕਿ ਮੈਸ਼ ਕੀਤੀਆਂ ਸਬਜ਼ੀਆਂ, ਫਲ, ਦਾਲਾਂ, ਅੰਡੇ ਅਤੇ ਅਨਾਜ ਹੌਲੀ-ਹੌਲੀ ਦਿੱਤੇ ਜਾਣੇ ਚਾਹੀਦੇ ਹਨ ਜੋ ਆਇਰਨ, ਜ਼ਿੰਕ ਅਤੇ ਸਿਹਤਮੰਦ ਚਰਬੀ ਭਰਪੂਰ ਹੁੰਦੇ ਹਨ। ਮਿੱਠੇ ਅਤੇ ਲੂਣ ਤੋਂ ਸਖ਼ਤੀ ਨਾਲ ਪਰਹੇਜ਼ ਕਰਨਾ ਚਾਹੀਦਾ ਹੈ।

**ਛੋਟੇ ਬੱਚਿਆਂ (2-10 ਸਾਲ)** ਨੂੰ ਵਿਕਾਸ, ਪ੍ਰਤੀਰੋਧਕ ਸ਼ਕਤੀ ਅਤੇ ਬੋਧਾਤਮਕ ਵਿਕਾਸ ਨੂੰ ਸਮਰਥਨ ਦੇਣ ਲਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦੀ ਲੋੜ ਹੁੰਦੀ ਹੈ। ਇੱਕ ਸੰਤੁਲਿਤ ਪਲੇਟ ਵਿੱਚ ਸਾਬਤ ਅਨਾਜ, ਦੁੱਧ ਜਾਂ ਡੇਅਰੀ, ਫਲ, ਸਬਜ਼ੀਆਂ, ਦਾਲਾਂ, ਅੰਡੇ, ਜਾਂ ਪਤਲੇ ਮੀਟ ਸ਼ਾਮਲ ਹੋਣੇ ਚਾਹੀਦੇ ਹਨ। ਨਿਯਮਤ ਭੋਜਨ ਦਾ ਸਮਾਂ, ਢੁਕਵਾਂ ਕੈਲਸ਼ੀਅਮ, ਪ੍ਰੋਟੀਨ ਤੇ ਸੂਖਮ ਪੌਸ਼ਟਿਕ ਤੱਤ, ਅਤੇ ਅਲਟਰਾ-ਪ੍ਰੋਸੈਸਡ ਭੋਜਨਾਂ ਨੂੰ ਸੀਮਤ ਕਰਨ ਨਾਲ ਕੁਪੋਸ਼ਣ, ਮੋਟਾਪਾ ਤੇ ਸੂਖਮ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ।

**ਟੀਨੇਜ਼ਰਾਂ ਨੂੰ** ਤੇਜ਼ ਸਰੀਰਕ ਵਿਕਾਸ ਅਤੇ ਹਾਰਮੋਨਲ ਤਬਦੀਲੀਆਂ ਦਾ ਅਨੁਭਵ ਹੁੰਦਾ ਹੈ। ਉਨ੍ਹਾਂ ਦੀ ਖੁਰਾਕ ਵਿੱਚ ਕਾਫ਼ੀ ਮਾਤਰਾ ਵਿੱਚ ਕੈਲੋਰੀ, ਉੱਚ-ਗੁਣਵੱਤਾ ਵਾਲੇ ਪ੍ਰੋਟੀਨ, ਆਇਰਨ (ਖਾਸ ਕਰਕੇ ਕੁੜੀਆਂ ਲਈ), ਕੈਲਸ਼ੀਅਮ, ਵਿਟਾਮਿਨ ਡੀ ਅਤੇ ਸਿਹਤਮੰਦ ਚਰਬੀ 'ਤੇ ਜ਼ੋਰ ਦੇਣਾ ਚਾਹੀਦਾ ਹੈ। ਹੱਡੀਆਂ ਦੀ ਸਿਹਤ, ਮਾਨਸਿਕ ਤੰਦਰੁਸਤੀ ਅਤੇ ਸਿਹਤਮੰਦ ਸਰੀਰ ਦੀ ਬਣਤਰ ਦਾ ਸਮਰਥਨ ਕਰਨ ਲਈ ਘਰ ਵਿੱਚ ਪਕਾਏ ਗਏ ਭੋਜਨ ਜ਼ਰੂਰੀ ਹਨ, ਜਦਕਿ ਪੀਣ ਵਾਲੇ ਮਿੱਠੇ ਪਦਾਰਥਾਂ (ਕੋਲਡ/ਐਨਰਜੀ ਡਰਿੰਕਸ) ਤੇ ਫਾਸਟ ਫੂਡ ਨੂੰ ਸੀਮਤ ਕਰਨਾ ਜ਼ਰੂਰੀ ਹੈ।

**ਬਾਲਗਾਂ ਨੂੰ** ਮੈਟਾਬੌਲਿਕ ਸਿਹਤ ਬਣਾਈ ਰੱਖਣ ਅਤੇ ਪੁਰਾਣੀਆਂ ਬਿਮਾਰੀਆਂ ਨੂੰ ਰੋਕਣ 'ਤੇ ਧਿਆਨ ਦੇਣਾ ਚਾਹੀਦਾ ਹੈ। ਸਾਬਤ ਅਨਾਜ, ਸਬਜ਼ੀਆਂ, ਫਲ, ਫ਼ਲੀਦਾਰ, ਗਿਰੀਦਾਰ, ਦਰਮਿਆਨੀ ਡੇਅਰੀ ਸਰੀਰਕ ਸਿਹਤ ਵਿੱਚ ਫਾਇਦੇਮੰਦ ਹੁੰਦੇ ਹਨ। ਸੀਮਤ ਰਿਫਾਇੰਡ ਖੰਡ, ਲੂਣ ਤੇ ਸੰਤ੍ਰਿਪਤ ਚਰਬੀ ਨਾਲ ਭਰਪੂਰ ਭੋਜਨ ਦਿਲ ਦੀ ਸਿਹਤ ਤੇ ਗਲਾਈਸੈਮਿਕ ਨਿਯੰਤਰਣ ਦਾ ਸਮਰਥਨ ਕਰਦਾ ਹੈ। ਭਾਵ ਨਿਯੰਤਰਣ ਅਤੇ ਨਿਯਮਤ ਸਰੀਰਕ ਗਤੀਵਿਧੀ ਮੁੱਖ ਹਨ।

**ਬਜ਼ੁਰਗਾਂ ਨੂੰ** ਫਾਈਬਰ, ਕੈਲਸ਼ੀਅਮ, ਵਿਟਾਮਿਨ ਬੀ12 ਅਤੇ ਤਰਲ ਪਦਾਰਥਾਂ ਦੇ ਨਾਲ-ਨਾਲ ਮਾਸਪੇਸ਼ੀਆਂ ਦੇ ਨੁਕਸਾਨ ਨੂੰ ਰੋਕਣ ਲਈ ਆਸਾਨੀ ਨਾਲ ਪਚਣਯੋਗ, ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦੀ ਲੋੜ ਹੁੰਦੀ ਹੈ। ਹਲਕੀ-ਫੁਲਕੀ ਖੁਰਾਕ, ਵਾਰ-ਵਾਰ ਭੋਜਨ ਤੇ ਭੁੱਖ ਅਤੇ ਦੰਦਾਂ ਦੀ ਸਿਹਤ ਵੱਲ ਧਿਆਨ ਦੇਣ ਨਾਲ ਪੋਸ਼ਣ ਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ।

**ਹਰ ਉਮਰ ਵਿੱਚ** ਸਰੀਰ ਨੂੰ ਪੌਸ਼ਟਿਕ ਭੋਜਨ ਦੇਣਾ ਚਾਹੀਦਾ ਹੈ, ਮਾਨਸਿਕ ਸਿਹਤ ਦਾ ਖਿਆਲ ਰੱਖਣਾ

***⇒ ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਡਾਇਬਿਟੀਜ਼: ਚੁੱਪਚਾਪ ਫੈਲ ਰਹੀ ਗਲੋਬਲ ਮਹਾਂ-ਬੀਮਾਰੀ

ਡਾ. ਨਵਮੀਤ

ਡਾਇਬਿਟੀਜ਼ ਅੱਜ ਸਿਰਫ਼ ਇੱਕ ਬੀਮਾਰੀ ਨਹੀਂ ਰਹੀ, ਸਗੋਂ ਇੱਕ ਗਲੋਬਲ ਸਿਹਤ ਸੰਕਟ ਬਣ ਚੁੱਕੀ ਹੈ। ਵਿਸ਼ਵ ਪੱਧਰ ’ਤੇ ਕਰੋੜਾਂ ਲੋਕ ਇਸ ਨਾਲ ਜੂਝ ਰਹੇ ਹਨ ਅਤੇ ਹਰ ਸਾਲ ਨਵੇਂ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਭਾਰਤ ਵਿੱਚ ਇਸਦੀ ਵਧਦੀ ਦਰ ਸਿਹਤ ਪ੍ਰਣਾਲੀ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ।

### ਇਨਸੁਲਿਨ-ਜੀਵਨ ਲਈ ਅਤਿ ਜ਼ਰੂਰੀ ਹਾਰਮੋਨ

ਇਨਸੁਲਿਨ ਸਰੀਰ ਦਾ ਉਹ ਹਾਰਮੋਨ ਹੈ, ਜੋ ਖ਼ੂਨ ਵਿੱਚ ਸ਼ੱਕਰ ਨੂੰ ਸੈੱਲਾਂ ਤੱਕ ਪਹੁੰਚਾਉਂਦਾ ਹੈ। ਜਦੋਂ ਇਹ ਪ੍ਰਕਿਰਿਆ ਵਿਗੜ ਜਾਂਦੀ ਹੈ, ਤਾਂ ਸ਼ੱਕਰ ਖ਼ੂਨ ਵਿੱਚ ਇਕੱਠੀ ਹੋ ਕੇ ਅੰਗਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਲੰਬੇ ਸਮੇਂ ਤੱਕ ਉੱਚ ਸ਼ੱਕਰ ਦਿਲ, ਦਿਮਾਗ, ਅੱਖਾਂ ਅਤੇ ਗੁਰਦਿਆਂ ਲਈ ਖ਼ਤਰਨਾਕ ਸਾਬਤ ਹੁੰਦੀ ਹੈ।

### ਕਿਉਂ ਵਧ ਰਹੀ ਹੈ ਡਾਇਬਿਟੀਜ਼?

ਆਧੁਨਿਕ ਜੀਵਨ ਸ਼ੈਲੀ ਇਸ ਬੀਮਾਰੀ ਦੇ ਫੈਲਾਅ ਦਾ ਮੁੱਖ ਕਾਰਨ ਬਣੀ ਹੈ। ਘੰਟਿਆਂ ਤੱਕ ਬੈਠ ਕੇ ਕੰਮ ਕਰਨਾ, ਮੋਬਾਇਲ ਅਤੇ ਸਕ੍ਰੀਨ ਨਾਲ ਜੁੜੀ ਜ਼ਿੰਦਗੀ, ਅਸੰਤੁਲਿਤ ਖੁਰਾਕ ਅਤੇ ਨੀਂਦ ਦੀ ਕਮੀ ਨੇ ਸਰੀਰਕ ਸੰਤੁਲਨ ਨੂੰ ਖ਼ਰਾਬ ਕਰ ਦਿੱਤਾ ਹੈ। ਤਣਾਅ ਅਤੇ ਡਿਪਰੈਸ਼ਨ ਵੀ ਇਨਸੁਲਿਨ ’ਤੇ ਨਕਾਰਾਤਮਕ ਅਸਰ ਪਾਉਂਦੇ ਹਨ।

### ਖਾਣ-ਪੀਣ ਦੀ ਬਦਲਦੀ ਸ਼ੈਲੀ

ਅਸੀਂ ਰਵਾਇਤੀ ਘਰੇਲੂ ਖਾਣੇ ਦੀ ਥਾਂ ਫਾਸਟ ਫੂਡ, ਤਿਆਰ ਪੈਕੇਟਬੰਦ ਭੋਜਨ ਅਤੇ ਮਿੱਠੇ ਪੇਅ ਜ਼ਿਆਦਾ ਲੈ ਰਹੇ ਹਾਂ। ਇਨ੍ਹਾਂ ਵਿੱਚ ਸ਼ੱਕਰ, ਨਮਕ ਅਤੇ ਅਣਸਿਹਤਮੰਦ ਚਰਬੀਆਂ ਦੀ ਮਾਤਰਾ ਬਹੁਤ ਵੱਧ ਹੁੰਦੀ ਹੈ। ਲੰਬੇ ਸਮੇਂ ਤੱਕ ਅਜਿਹੀ ਖੁਰਾਕ ਸਰੀਰ ਨੂੰ ਇਨਸੁਲਿਨ ਪ੍ਰਤੀ ਅਸੰਵੇਦਨਸ਼ੀਲ ਬਣਾ ਦਿੰਦੀ ਹੈ।

### ਨੌਜਵਾਨਾਂ ਅਤੇ ਬੱਚਿਆਂ ਵਿੱਚ ਵਧਦਾ ਖ਼ਤਰਾ

ਕਦੇ ਬਜ਼ੁਰਗਾਂ ਦੀ ਬੀਮਾਰੀ ਮੰਨੀ ਜਾਣ ਵਾਲੀ ਡਾਇਬਿਟੀਜ਼ ਹੁਣ ਨੌਜਵਾਨਾਂ ਵਿੱਚ ਵੀ ਆਮ ਹੋ ਰਹੀ ਹੈ। ਬੱਚਿਆਂ ਵਿੱਚ ਮੋਟਾਪਾ, ਘੱਟ ਸਰੀਰਕ ਖੇਡਾਂ ਅਤੇ ਜ਼ਿਆਦਾ ਜੰਕ ਫੂਡ ਇਸ ਦਾ ਮੁੱਖ ਕਾਰਨ ਹੈ। ਇਹ ਰੁਝਾਨ ਭਵਿੱਖ ਲਈ ਗੰਭੀਰ ਸੰਕੇਤ ਦਿੰਦਾ ਹੈ।

### ਮਨੋਵਿਗਿਆਨਕ ਪ੍ਰਭਾਵ

ਡਾਇਬਿਟੀਜ਼ ਸਿਰਫ਼ ਸਰੀਰਕ ਨਹੀਂ, ਮਨਸਿਕ ਬੀਮਾਰੀ ਵੀ ਬਣ ਸਕਦੀ ਹੈ। ਲਗਾਤਾਰ ਦਵਾਈਆਂ, ਖੁਰਾਕ ’ਤੇ ਪਾਬੰਦੀਆਂ ਅਤੇ ਜਟਿਲਤਾਵਾਂ ਦਾ ਡਰ ਮਰੀਜ਼ ਨੂੰ ਤਣਾਅ ਤੇ ਚਿੰਤਾ ਵਿੱਚ ਪਾ ਸਕਦਾ ਹੈ। ਇਸ ਲਈ ਮਾਨਸਿਕ ਸਿਹਤ ਦੀ ਦੇਖਭਾਲ ਵੀ ਓਨੀ ਹੀ ਜ਼ਰੂਰੀ ਹੈ।

### ਦਿਹਾਤੀ ਭਾਰਤ ਵਿੱਚ ਡਾਇਬਿਟੀਜ਼

ਇਹ ਭਰਮ ਟੁੱਟ ਰਿਹਾ ਹੈ ਕਿ ਡਾਇਬਿਟੀਜ਼ ਸਿਰਫ਼ ਸ਼ਹਿਰੀ ਬੀਮਾਰੀ ਹੈ। ਪਿੰਡਾਂ ਵਿੱਚ ਵੀ ਗਲਤ ਖੁਰਾਕ, ਤਮਾਕੂ, ਸ਼ਰਾਬ ਅਤੇ ਸਿਹਤ ਸਹੂਲਤਾਂ ਦੀ ਕਮੀ ਕਾਰਨ ਮਰੀਜ਼ ਵੱਧ ਰਹੇ ਹਨ। ਜਾਗਰੂਕਤਾ ਦੀ ਘਾਟ ਇੱਥੇ ਸਭ ਤੋਂ ਵੱਡੀ ਸਮੱਸਿਆ ਹੈ।

### ਦਵਾਈ ਨਾਲ ਨਾਲ ਅਨੁਸ਼ਾਸਨ

ਡਾਇਬਿਟੀਜ਼ ਦਾ ਇਲਾਜ ਸਿਰਫ਼ ਗੋਲੀਆਂ ਜਾਂ ਇਨਸੁਲਿਨ ਤੱਕ ਸੀਮਿਤ ਨਹੀਂ। ਖੁਰਾਕ ਦਾ ਅਨੁਸ਼ਾਸਨ, ਨਿਯਮਿਤ ਕਸਰਤ ਅਤੇ ਡਾਕਟਰੀ ਸਲਾਹ ਦੀ ਪਾਲਣਾ ਇਸ ਬੀਮਾਰੀ ਨੂੰ ਕਾਬੂ ਵਿੱਚ ਰੱਖਣ ਲਈ ਅਤਿ ਜ਼ਰੂਰੀ ਹਨ। ਬਿਨਾਂ ਸਲਾਹ ਦਵਾਈ ਛੱਡਣਾ ਜਾਂ ਬਦਲਣਾ ਖ਼ਤਰਨਾਕ ਹੋ ਸਕਦਾ ਹੈ।

### ਦੇਸੀ ਇਲਾਜਾਂ ਤੋਂ ਸਾਵਧਾਨ

ਕਈ ਲੋਕ ਬਿਨਾਂ ਵਿਗਿਆਨਕ ਸਬੂਤ ਵਾਲੇ ਦੇਸੀ ਨੁਸਖਿਆਂ ’ਤੇ ਭਰੋਸਾ ਕਰ ਲੈਂਦੇ ਹਨ। ਇਹ ਕਈ ਵਾਰ ਨੁਕਸਾਨਦਾਇਕ ਸਾਬਤ ਹੁੰਦੇ ਹਨ ਅਤੇ ਅਸਲੀ ਇਲਾਜ ਵਿੱਚ ਦੇਰੀ ਕਰ ਦਿੰਦੇ ਹਨ। ਹਰ ਕਿਸੇ ਇਲਾਜ ਤੋਂ ਪਹਿਲਾਂ ਡਾਕਟਰ ਨਾਲ ਸਲਾਹ ਲੈਣੀ ਲਾਜ਼ਮੀ ਹੈ।

### ਸਮਾਜਿਕ ਅਤੇ ਆਰਥਿਕ ਬੋਝ

ਡਾਇਬਿਟੀਜ਼ ਦਾ ਲੰਬੇ ਸਮੇਂ ਦਾ ਇਲਾਜ ਮਰੀਜ਼ ਅਤੇ ਪਰਿਵਾਰ ਲਈ ਆਰਥਿਕ ਬੋਝ ਬਣ ਜਾਂਦਾ ਹੈ। ਦਵਾਈਆਂ, ਜਾਂਚਾਂ ਅਤੇ ਜਟਿਲਤਾਵਾਂ ਦਾ ਇਲਾਜ ਗਰੀਬ ਅਤੇ ਮੱਧ ਵਰਗ ਲਈ ਮੁਸ਼ਕਲ ਪੈਦਾ ਕਰਦਾ ਹੈ। ਇਸ ਲਈ ਰੋਕਥਾਮ ਸਭ ਤੋਂ ਸਸਤਾ ਅਤੇ ਪ੍ਰਭਾਵਸ਼ਾਲੀ ਹੱਲ ਹੈ।

ਨਿਯਮਿਤ ਟਹਿਲਣਾ, ਸੰਤੁਲਿਤ ਖੁਰਾਕ, ਤੰਬਾਕੂ ਤੋਂ ਦੂਰ ਰਹਿਣਾ ਅਤੇ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਸ਼ੱਕਰ ਦੀ ਜਾਂਚ ਕਰਵਾਉਣਾ ਡਾਇਬਿਟੀਜ਼ ਤੋਂ ਬਚਾਅ ਵਿੱਚ ਮਦਦਗਾਰ ਹੈ। ਛੋਟੇ ਬਦਲਾਅ ਲੰਬੇ ਸਮੇਂ ਵਿੱਚ ਵੱਡਾ ਫ਼ਰਕ ਪਾ ਸਕਦੇ ਹਨ।

### ਡਾਇਬਿਟੀਜ਼ ਅਤੇ ਦਿਲ ਦੀਆਂ ਬੀਮਾਰੀਆਂ


ਡਾਇਬਿਟੀਜ਼ ਵਾਲੇ ਮਰੀਜ਼ਾਂ ਵਿੱਚ ਦਿਲ ਦੀਆਂ ਬੀਮਾਰੀਆਂ ਦਾ ਖ਼ਤਰਾ ਆਮ ਲੋਕਾਂ ਦੇ ਮੁਕਾਬਲੇ ਦੋ ਤੋਂ ਤਿੰਨ ਗੁਣਾ ਵੱਧ ਹੁੰਦਾ ਹੈ। ਜ਼ਿਆਦਾ ਸ਼ੂਗਰ ਧਮਨੀਆਂ ਦੀਆਂ ਕੰਧਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਨਾਲ ਉਨ੍ਹਾਂ ਵਿੱਚ ਚਰਬੀ ਜਮ੍ਹਾ ਹੋਣ ਲੱਗਦੀ ਹੈ। ਇਸ ਕਾਰਨ ਦਿਲ ਦੇ ਦੌਰੇ, ਸਟਰੋਕ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਡਾਇਬਿਟੀਜ਼ ਦਾ ਕੰਟਰੋਲ ਦਿਲ ਦੀ ਸਿਹਤ ਲਈ ਵੀ ਬਹੁਤ ਜ਼ਰੂਰੀ ਹੈ।

### ਅੱਖਾਂ ਅਤੇ ਗੁਰਦਿਆਂ ’ਤੇ ਪੈਂਦਾ ਅਸਰ

ਲੰਬੇ ਸਮੇਂ ਤੱਕ ਬੇਕਾਬੂ ਡਾਇਬਿਟੀਜ਼ ਅੱਖਾਂ ਦੀ ਰੈਟਿਨਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ, ਜਿਸਨੂੰ ਡਾਇਬੈਟਿਕ ਰੈਟਿਨੋਪੈਥੀ ਕਿਹਾ ਜਾਂਦਾ ਹੈ। ਜੇ ਸਮੇਂ ’ਤੇ ਜਾਂਚ ਅਤੇ ਇਲਾਜ ਨਾ ਹੋਵੇ ਤਾਂ ਨਜ਼ਰ ਘਟ ਸਕਦੀ ਹੈ ਜਾਂ ਅੰਨ੍ਹੇਪਨ ਦਾ ਖ਼ਤਰਾ ਵੀ ਬਣ ਸਕਦਾ ਹੈ। ਇਸੇ ਤਰ੍ਹਾਂ ਗੁਰਦਿਆਂ ’ਤੇ ਵੀ ਬੁਰਾ ਅਸਰ ਪੈਂਦਾ ਹੈ, ਜਿਸ ਕਾਰਨ ਮਰੀਜ਼ ਨੂੰ ਡਾਇਲਿਸਿਸ ਜਾਂ ਗੁਰਦਾ ਟਰਾਂਸਪਲਾਂਟ ਦੀ ਲੋੜ ਪੈ ਸਕਦੀ ਹੈ।

### ਪੈਰਾਂ ਦੀ ਸੰਭਾਲ-ਅਕਸਰ ਅਣਡਿੱਠੀ ਸਮੱਸਿਆ

ਡਾਇਬਿਟੀਜ਼ ਵਿੱਚ ਨਸਾਂ ਦੀ ਸੰਵੇਦਨਸ਼ੀਲਤਾ ਘਟ ਜਾਂਦੀ ਹੈ। ਪੈਰਾਂ ਵਿੱਚ ਛੋਟੀ ਸੱਟ ਜਾਂ ਛਾਲਾ ਵੀ ਮਰੀਜ਼ ਨੂੰ ਮਹਿਸੂਸ ਨਹੀਂ ਹੁੰਦਾ ਅਤੇ ਜ਼ਖ਼ਮ ਗੰਭੀਰ ਰੂਪ ਧਾਰ ਸਕਦਾ ਹੈ। ਇਸ ਲਈ ਪੈਰਾਂ ਦੀ ਨਿਯਮਿਤ ਜਾਂਚ, ਸਾਫ਼-ਸਫ਼ਾਈ ਅਤੇ ਢੁਕਵੇਂ ਜੁੱਤੇ ਪਹਿਨਣਾ ਬਹੁਤ ਲਾਜ਼ਮੀ ਹੈ।



### ਡਾਇਬਿਟੀਜ਼ ਅਤੇ ਵਾਇਰਸਾਂ ਦਾ ਖ਼ਤਰਾ

ਡਾਇਬਿਟੀਜ਼ ਸਰੀਰ ਦੀ ਰੋਗ-ਰੋਧਕ ਸ਼ਕਤੀ ਨੂੰ ਕਮਜ਼ੋਰ ਕਰ ਦਿੰਦੀ ਹੈ। ਇਸ ਕਾਰਨ ਡਾਇਬਿਟੀਜ਼ ਵਾਲੇ ਲੋਕਾਂ ਵਿੱਚ ਚਮੜੀ, ਪੇਸ਼ਾਬ ਦੀ ਨਲੀ, ਫੇਫੜਿਆਂ ਅਤੇ ਮੂੰਹ ਦੇ ਇਨਫੈਕਸ਼ਨ ਆਸਾਨੀ ਨਾਲ ਹੋ ਸਕਦੇ ਹਨ। ਛੋਟੀ ਬੀਮਾਰੀ ਵੀ ਗੰਭੀਰ ਰੂਪ ਧਾਰ ਸਕਦੀ ਹੈ, ਇਸ ਲਈ ਸਮੇਂ ’ਤੇ ਇਲਾਜ ਬਹੁਤ ਜ਼ਰੂਰੀ ਹੈ।

### ਨਿਯਮਿਤ ਜਾਂਚਾਂ ਦੀ ਮਹੱਤਤਾ

ਡਾਇਬਿਟੀਜ਼ ਦਾ ਸਹੀ ਪ੍ਰਬੰਧਨ ਸਿਰਫ਼ ਦਵਾਈ ਲੈਣ ਤੱਕ ਸੀਮਿਤ ਨਹੀਂ। ਖ਼ੂਨ ਦੀ ਸ਼ੱਕਰ, HbA1c, ਬਲੱਡ ਪ੍ਰੈਸ਼ਰ, ਕੋਲੈਸਟਰੋਲ, ਅੱਖਾਂ ਅਤੇ ਗੁਰਦਿਆਂ ਦੀ ਨਿਯਮਿਤ ਜਾਂਚ ਨਾਲ ਜਟਿਲਤਾਵਾਂ ਨੂੰ ਸ਼ੁਰੂਆਤੀ ਪੜਾਅ ’ਤੇ ਹੀ ਪਕੜਿਆ ਜਾ ਸਕਦਾ ਹੈ। ਇਹ ਜਾਂਚਾਂ ਮਰੀਜ਼ ਦੀ ਜ਼ਿੰਦਗੀ ਦੀ ਗੁਣਵੱਤਾ ਨੂੰ ਬਿਹਤਰ ਬਣਾਉਂਦੀਆਂ ਹਨ।

### ਪਰਿਵਾਰ ਅਤੇ ਸਮਾਜ ਦੀ ਭੂਮਿਕਾ

ਡਾਇਬਿਟੀਜ਼ ਨਾਲ ਜੀਅ ਰਹੇ ਵਿਅਕਤੀ ਲਈ ਪਰਿਵਾਰ ਦਾ ਸਹਿਯੋਗ ਬਹੁਤ ਮਹੱਤਵਪੂਰਣ ਹੁੰਦਾ ਹੈ। ਸਹੀ ਖੁਰਾਕ, ਦਵਾਈਆਂ ਦੀ ਯਾਦ ਦਿਵਾਉਣਾ ਅਤੇ ਮਨੋਵਿਗਿਆਨਕ ਸਹਾਰਾ ਮਰੀਜ਼ ਨੂੰ ਅਨੁਸ਼ਾਸਨ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਸਮਾਜਿਕ ਜਾਗਰੂਕਤਾ ਨਾਲ ਭਰਮ ਅਤੇ ਡਰ ਘਟਾਏ ਜਾ ਸਕਦੇ ਹਨ।

### ਟੈਕਨੋਲੋਜੀ ਅਤੇ ਡਾਇਬਿਟੀਜ਼ ਪ੍ਰਬੰਧਨ

ਆਧੁਨਿਕ ਟੈਕਨੋਲੋਜੀ ਨੇ ਡਾਇਬਿਟੀਜ਼ ਦੇ ਕੰਟਰੋਲ ਨੂੰ ਆਸਾਨ ਬਣਾਇਆ ਹੈ। ਗੁਲੂਕੋਮੀਟਰ, ਕੰਟਿਨਿਊਅਸ ਗੁਲੂਕੋਜ਼ ਮਾਨੀਟਰਿੰਗ ਸਿਸਟਮ ਅਤੇ ਮੋਬਾਇਲ ਐਪਸ ਮਰੀਜ਼ ਨੂੰ ਆਪਣੀ ਸਿਹਤ ’ਤੇ ਨਿਗਰਾਨੀ ਰੱਖਣ ਵਿੱਚ ਮਦਦ ਕਰ ਰਹੇ ਹਨ। ਇਸ ਨਾਲ ਡਾਕਟਰ ਨਾਲ ਸੰਪਰਕ ਅਤੇ ਇਲਾਜ ਹੋਰ ਪ੍ਰਭਾਵਸ਼ਾਲੀ ਬਣਦਾ ਹੈ।

### ਜਨ-ਸਿਹਤ ਲਈ ਚੁਣੌਤੀ

ਡਾਇਬਿਟੀਜ਼ ਹੁਣ ਵਿਅਕਤੀਗਤ ਨਹੀਂ, ਜਨ-ਸਿਹਤ ਦੀ ਸਮੱਸਿਆ ਬਣ ਗਈ ਹੈ। ਸਰਕਾਰੀ ਪੱਧਰ ’ਤੇ ਜਾਗਰੂਕਤਾ ਮੁਹਿੰਮਾਂ, ਸਸਤੀਆਂ ਦਵਾਈਆਂ ਅਤੇ ਜਾਂਚ ਸਹੂਲਤਾਂ ਦੀ ਲੋੜ ਹੈ ਤਾਂ ਜੋ ਹਰ ਵਰਗ ਤੱਕ ਇਲਾਜ ਪਹੁੰਚ ਸਕੇ। ਡਾਇਬਿਟੀਜ਼ ਨਾਲ ਜੀਵਨ ਖ਼ਤਮ ਨਹੀਂ ਹੁੰਦਾ, ਪਰ ਲਾਪਰਵਾਹੀ ਜ਼ਰੂਰ ਘਾਤਕ ਹੋ ਸਕਦੀ ਹੈ। ਸਹੀ ਜਾਣਕਾਰੀ, ਨਿਯਮਿਤ ਜਾਂਚ ਅਤੇ ਅਨੁਸ਼ਾਸਿਤ ਜੀਵਨ ਸ਼ੈਲੀ ਨਾਲ ਇਸ ਬੀਮਾਰੀ ਨੂੰ ਕਾਬੂ ਵਿੱਚ ਰੱਖ ਕੇ ਸਿਹਤਮੰਦ ਤੇ ਸਰਗਰਮ ਜੀਵਨ ਜੀਵਿਆ ਜਾ ਸਕਦਾ ਹੈ।

## ਕਿਚਨ ਗਾਰਡਨ ਦੀ ਕਹਾਣੀ-ਇੱਕ ਮੈਡੀਕਲ ਡਾਕਟਰ ਦੀ ਜ਼ੁਬਾਨੀ

ਚਾਹੀਦਾ ਹੈ ਅਤੇ ਸੱਭਿਆਚਾਰਕ ਤਰਜੀਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਜਿਸ ਨਾਲ ਪੋਸ਼ਣ ਇੱਕ ਵਿਗਿਆਨ ਤੇ ਜੀਵਨ ਭਰ ਦੇਖਭਾਲ ਦਾ ਅਭਿਆਸ ਬਣ ਜਾਂਦਾ ਹੈ।

### ਅਲਟਰਾ ਪ੍ਰੋਸੈਸਡ ਭੋਜਨ ਖਾਂਦੇ ਸਮੇਂ ਸਾਵਧਾਨੀ ਅਤੇ ਦੇਖਭਾਲ

ਪਿਛਲੇ ਕੁਝ ਦਹਾਕਿਆਂ ਤੋਂ ਅਲਟਰਾ-ਪ੍ਰੋਸੈਸਡ ਭੋਜਨ (ਫਾਸਟ ਫੂਡਜ਼) ਵਿਸ਼ਵਵਿਆਪੀ ਖੁਰਾਕਾਂ ਵਿੱਚ ਤੇਜ਼ੀ ਨਾਲ ਪ੍ਰਮੁੱਖ ਹੋ ਗਏ ਹਨ; ਖਾਸ ਕਰਕੇ ਉੱਚ ਤੇ ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ। ਉਦਯੋਗਿਕ ਭੋਜਨ ਪ੍ਰਣਾਲੀਆਂ ਅਤੇ ਹਮਲਾਵਰ ਮਾਰਕੀਟਿੰ ਦੁਆਰਾ ਸੰਚਾਲਿਤ, ਮਿੱ ਪੀਣ ਵਾਲੇ ਪਦਾਰਥ, ਪੈ ਕੀਤੇ ਸਨੈਕਸ, ਤਿਆ ਨੂਡਲਜ਼ ਅਤੇ ਪੁਨਰਗਠਿ ਮੀਟ ਵਰਗੇ ਉਤਪਾਦਾਂ ਨੇ ਵਧਦੀ ਮਾਰਕੀਟ ਹਿੱਸੇਦਾਰੀ ‘ਤੇ ਕਬਜ਼ਾ ਕਰ ਲਿਆ ਹੈ ਬਹੁਤ ਸਾਰੇ ਪੱਛਮੀ ਦੇਸ਼ ਵਿੱਚ ਅਲਟਰਾ-ਪ੍ਰੋਸੈਸ ਭੋਜਨ ਹੁਣ ਰੋਜ਼ਾਨਾ ਕੈਲੋਰੀ ਦੀ ਮਾਤਰਾ ਵਿੱਚ 50% ਜ ਵੱਧ ਯੋਗਦਾਨ ਪਾਉਂਦੇ ਹਨ ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ ਦੇ ਸ਼ਹਿਰੀ ਖੇਤਰਾਂ ਵਿੱਚ ਵੀ ਖਪਤ ਤੇਜ਼ੀ ਨਾਲ ਵੱਧ ਰਹੀ ਹੈ, ਜਿੱਥੇ ਵਿਸ਼ਵੀਕਰਨ ਅਤੇ ਸੁਪਰਮਾਰਕੀਟ ਦਾ ਵਿਸਥਾਰ ਇਨ੍ਹਾਂ ਭੋਜਨਾਂ ਨੂੰ ਵਿਆਪਕ ਤੌਰ ‘ਤੇ ਉਪਲਬਧ ਅਤੇ ਕਿਫਾਇਤੀ ਬਣਾਉਂਦਾ ਹੈ।

**ਅਲਟਰਾ-ਪ੍ਰੋਸੈਸਡ ਭੋਜਨ** ਦੀ ਖਪਤ ਦੇ ਨਮੂਨੇ ਸਮਾਜਿਕ ਸਮੂਹਾਂ ਵਿੱਚ ਵੱਖੋ-ਵੱਖਰੇ ਹੁੰਦੇ ਹਨ। ਬੱਚਿਆਂ ਅਤੇ ਟੀਨੇਜ਼ਰਾਂ ਵਿੱਚ ਅਕਸਰ ਜ਼ਿਆਦਾ ਖਪਤ ਦੇਖੀ ਜਾਂਦੀ ਹੈ, ਜੋ ਕਿ ਨਿਸ਼ਾਨਾਬੱਧ ਇਸ਼ਤਿਹਾਰਬਾਜ਼ੀ ਅਤੇ ਆਸਾਨ ਪਹੁੰਚਯੋਗਤਾ ਤੋਂ ਪ੍ਰਭਾਵਿਤ ਹੁੰਦੀ ਹੈ। ਘੱਟ ਆਮਦਨ ਵਾਲੇ ਭਾਈਚਾਰਿਆਂ ਵਿੱਚ ਬਜਟ ਦੀਆਂ ਸੀਮਾਵਾਂ ਅਤੇ ਤਾਜ਼ੇ, ਕਿਫਾਇਤੀ ਸੰਪੂਰਨ ਭੋਜਨ ਤੱਕ ਸੀਮਤ ਪਹੁੰਚ, ਵਿਅਕਤੀਆਂ ਨੂੰ ਸਸਤੇ ਅਲਟਰਾ-ਪ੍ਰੋਸੈਸਡ ਭੋਜਨ (ਫਾਸਟ ਫੂਡਜ਼) ਵੱਲ ਧੱਕਦੀ ਹੈ। ਇਸ ਦੇ ਉਲਟ ਕੁਝ ਉੱਚ ਆਮਦਨ ਵਾਲੀ ਆਬਾਦੀ ਵਿੱਚ ਵਿਅਸਤ ਜੀਵਨ ਸ਼ੈਲੀ ਅਤੇ ਸਹੂਲਤ ਦੀ ਮੰਗ ਵਧੇਰੇ ਸਿਹਤ ਜਾਗਰੂਕਤਾ ਦੇ ਬਾਵਜੂਦ ਖਪਤ ਨੂੰ ਵਧਾਉਂਦੀ ਰਹਿੰਦੀ ਹੈ।



Mrs. Harbhajan Kaur Nandra shares the love for the garden with her husband!

**ਅਲਟਰਾ ਪ੍ਰੋਸੈਸਡ ਭੋਜਨ ਦੇ ਸਿਹਤ ਪ੍ਰਭਾਵ ਬਿਲਕੁਲ ਸਪੱਸ਼ਟ ਹਨ।** ਕਈ ਅਧਿਐਨ ਉੱਚ ਅਲਟਰਾ-ਪ੍ਰੋਸੈਸਡ ਭੋਜਨ ਦੇ ਸੇਵਨ ਨੂੰ ਮੋਟਾਪਾ, ਟਾਈਪ-2 ਸ਼ੂਗਰ, ਦਿਲ ਦੀ ਬਿਮਾਰੀ ਅਤੇ ਕੁਝ ਕੈਂਸਰਾਂ ਦੇ ਵਧੇ ਹੋਏ ਜੋਖਮਾਂ ਨਾਲ ਜੋੜਦੇ ਹਨ। ਇਹ ਰੁਝਾਨ ਸਿਹਤ ਅਸਮਾਨਤਾਵਾਂ ਨੂੰ ਵਧਾਉਂਦੇ ਹਨ, ਕਿਉਂਕਿ ਸਮਾਜਿਕ ਤੌਰ ‘ਤੇ ਪਛੜੇ ਸਮੂਹਾਂ ‘ਤੇ ਬਿਮਾਰੀ ਦਾ ਬੋਝ ਜ਼ਿਆਦਾ ਪੈਂਦਾ ਹੈ। ਅਲਟਰਾ ਪ੍ਰੋਸੈਸਡ ਭੋਜਨਾਂ ਦੇ ਵਿਸ਼ਵਵਿਆਪੀ ਵਾਧੇ ਨੂੰ ਸੰਬੋਧਿਤ ਕਰਨ ਲਈ ਤਾਲਮੇਲ ਵਾਲੀਆਂ ਜਨਤਕ ਸਿਹਤ ਨੀਤੀਆਂ ਦੀ ਲੋੜ ਹੁੰਦੀ ਹੈ, ਜਿਸ ਵਿੱਚ ਪੋਸ਼ਣ ਸਿੱਖਿਆ, ਮਾਰਕੀਟਿੰਗ ਪਾਬੰਦੀਆਂ, ਅਤੇ ਸਮਾਜ ਦੇ ਸਾਰੇ ਖੇਤਰਾਂ ਵਿੱਚ ਪੂਰੇ, ਘੱਟ ਤੋਂ ਘੱਟ ਪ੍ਰੋਸੈਸਡ ਭੋਜਨਾਂ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

## ਹੂਕ

ਸੁਖਜੀਤ ਸਿੰਘ ਵਿਰਕ
ਫੋਨ+91-9815897878



ਲਾਲ ਬੱਤੀ ‘ਤੇ ਮੇਰੀ ਗੱਡੀ ਰੁਕੀ, ਕਾਰ ਦੇ ਸ਼ੀਸ਼ੇ ‘ਤੇ ਹੋਈ ਠੱਕ ਠੱਕ ਨੇ ਮੇਰਾ ਧਿਆਨ ਖਿੱਚਿਆ। ਮੈਂ ਕਾਰ ਦਾ ਸ਼ੀਸ਼ਾ ਖੋਲਦਾ ਹਾਂ, ਗੁਬਾਰੇ ਅਤੇ ਹੋਰ ਨਿੱਕ-ਸੁੱਕ ਵੇਚਦੇ ਲੋਕ ਜੋ ਅਕਸਰ ਨਜ਼ਰ ਪੈਂਦੇ ਹਨ, ਰਾਹਗੀਰਾਂ ਨੂੰ ਤਿਰੰਗੀਆਂ ਝੰਡੀਆਂ ਵੇਚਦੇ ਘੁੰਮ ਰਹੇ ਸਨ। ਰੇਡੀਓ ‘ਤੇ ਸੰਦੇਸ਼, “ਹਰ ਘਰ ਤਿਰੰਗਾ” ਵਾਰ ਵਾਰ ਪ੍ਰਸਾਰਿਤ ਹੋ ਰਿਹਾ ਸੀ। ਖਿੰਡੇ ਹੋਏ ਵਾਲ, ਪੈਰਾਂ ਤੋਂ ਨੰਗੀ, ਠੰਡੀ ਸੜਕ ‘ਤੇ ਕੰਬਦੀ ਹੋਈ ਦਸ ਕੁ ਵਰਿਆਂ ਦੀ ਮਲੂਕ ਜਿਹੀ ਬਾਲੜੀ ਇੱਕ ਹੱਥ ਵਿੱਚ ਤਿਰੰਗੇ ਝੰਡੇ ਫੜੀ ਦੂਜੇ ਹੱਥ ਨਾਲ ਮੂੰਹ ਫਿਰ ਪੇਟ ਵੱਲ ਇਸ਼ਾਰੇ ਕਰਦੀ ਬੋਲ ਰਹੀ ਸੀ, “ਸਾਹਬ ਜੀ ਲੇ ਲੋ ਨਾ ਏਕ ਤਿਰੰਗਾ...ਘਰ ਪੇ ਲਗਾਨਾ...ਆਜ਼ਾਦੀ ਮਨਾਨਾ...ਮੈਂ ਰੋਟੀ ਖਾ ਲੂੰਗੀ।” ਤਿਰੰਗੇ ਵਿੱਚੋਂ ਰੋਟੀ ਲੱਭਦੀਆਂ ਆਸ ਪਰੁੰਨੀਆਂ ਮਾਸੂਮ ਅੱਖਾਂ ਵੱਲ ਵੇਖ ਕੇ ਮੈਂ ਝੰਜੋੜਿਆ ਗਿਆ ਸਾਂ, ਸੁੰਨ ਹੋ ਗਿਆ ਸਾਂ। ਮੈਂ ਸੁਭਾਵਿਕ ਹੀ ਪੁੱਛਿਆ, “ਆਪ ਕੋ ਪਤਾ ਹੈ ਯੇ ਆਜ਼ਾਦੀ ਕਿਆ ਹੈ?”

“ਹਾਂ ਹਾਂ ਮੁਝੇ ਪਤਾ ਹੈ। ਮਾਂ ਬੋਲਤੀ ਹੈ ਇਨ ਦਿਨੋਂ ਮੇਂ ਝੰਡੇ ਖੂਬ ਬਿਕਤੇ ਹੈ, ਪੈਸੇ ਮਿਲਤੇ ਹੈਂ ਔਰ ਹਮ ਸਭ ਰੋਟੀ ਕੇ ਸਾਥ ਸਬਜ਼ੀ ਬੀ ਖਾਤੇ ਹੈ।” ਉਸਦਾ ਅਨਭੋਲ ਅਤੇ ਨਿਰਛੱਲ ਜਿਹਾ ਉੱਤਰ ਸੁਣ ਕੇ ਮਨ ਵਿਆਕੁਲ ਹੋ ਉੱਠਿਆ। ਆਜ਼ਾਦੀ ਅਤੇ ਗਣਤੰਤਰਤਾ ਸਮਾਰੋਹਾਂ ਦੇ ਜਸ਼ਨਾਂ ਮੌਕੇ ਨੇਤਾਵਾਂ ਵੱਲੋਂ ਹਰ ਸਾਲ ਕੀਤੇ ਜਾਂਦੇ ਵੱਡੇ-ਵੱਡੇ ਦਾਅਵਿਆਂ ਤੇ ਵਾਅਦਿਆਂ ਦੀ ਨਿਕਲਦੀ ਫੂਕ ਅਤੇ ਜਮੀਨੀ ਹਕੀਕਤ ਸਾਹਮਣੇ ਤੱਕ ਰਿਹਾ ਸਾਂ। ਕਿਸੇ ਰਾਸ਼ਟਰ ਵਿਆਪੀ ਘੋਸ਼ਿਤ ਸੋਗ ਦੇ ਪ੍ਰਤੀਕ ਵਜੋਂ ਤਿਰੰਗਾ ਝੰਡਾ ਪੋਲ ਦੀ ਉਚਾਈ ਤੋਂ ਹੇਠਾਂ ਵੱਲ ਝੁਕਾਅ ਦਿੱਤਾ ਜਾਂਦਾ ਹੈ। ਬਾਲੜੀ ਦੇ ਹੱਥ ਵਿੱਚ ਫੜਿਆ ਝੰਡਾ ਮੇਰੇ ਵੱਲ ਝੁਕਿਆ ਹੋਇਆ ਸੀ, ਜੋ ਉਸਦੀਆਂ ਬਾਲ ਉਮਰੇ ਜਿੰਦਾ ਰਹਿਣ ਦੀਆਂ ਲੋੜਾਂ ਦਾ ਦਰਦ ਅਤੇ ਬੇਵੱਸੀ ਦਾ ਸੋਗ ਬਿਆਨ ਕਰਦਾ ਜਾਪ ਰਿਹਾ ਸੀ, ਜੋ ਆਪਣੀ ਫਰੋਖਤ ਬਦਲੇ ਕੁਝ ਦਿਨ ਇਨ੍ਹਾਂ ਦੇ ਪੇਟ

## ਤਿਰੰਗੇ ਦੇ ਰੰਗ



ਭਰਨ ਦਾ ਸਬੱਬ ਬਣੇਗਾ, ਸ਼ਾਇਦ ਇਨ੍ਹਾਂ ਲਈ ਆਜ਼ਾਦੀ ਦੇ ਮਾਅਨੇ ਦੋ ਵਕਤ ਦੀ ਰੋਟੀ ਦਾ ਹਾਸਲ ਹਨ।

ਮੇਰੇ ਕੰਨਾਂ ਵਿੱਚ ਦੇਸ਼ ਦੇ ਪ੍ਰਧਾਨ ਸੇਵਕ ਦੇ ਬੋਲ “ਹਰ ਘਰ ਤਿਰੰਗਾ” ਗੂੰਜਣ ਲੱਗਦੇ ਹਨ, ਪਰ ਮੈਨੂੰ ਬਾਲੜੀ ਦੇ ਬੋਲਾਂ ਦੀ ਗੂੰਜ “ਸਾਹਬ ਜੀ ਲੇ ਲੋ ਨਾ ਏਕ ਤਿਰੰਗਾ...ਮੈਂ ਰੋਟੀ ਖਾ ਲੂੰਗੀ...“ ਜ਼ਿਆਦਾ ਤਿੱਖੀ ਅਤੇ ਉੱਚੀ ਜਾਪਦੀ ਹੈ। ਮੈਂ ਇੱਕ ਝੰਡਾ ਖਰੀਦ ਲੈਂਦਾ ਹਾਂ, ਬੱਤੀ ਰੰਗ ਬਦਲਦੀ ਹੈ, ਉਹ ਭੱਜ ਕੇ ਸੜਕ ਕਿਨਾਰੇ ਚਲੀ ਜਾਂਦੀ ਹੈ। ਸਭ ਲੋਕਾਂ ਦੇ ਨਾਲ ਕਾਹਲੀ ਵਿੱਚ ਅੱਗੇ ਵਧਦਾ ਹੋਇਆ ਮੈਂ ਗਹੁ ਨਾਲ ਵੇਖਦਾ ਹਾਂ, ਮੈਨੂੰ ਝੰਡੇ ਦੇ ਰੰਗ ਆਪਸ ਵਿੱਚ ਘੁਲ ਗਏ ਜਾਪਦੇ ਹਨ, ਜਿਨ੍ਹਾਂ ਵਿੱਚੋਂ ਇੱਕ ਲਾਟ ਨਿਕਲਦੀ ਪ੍ਰਤੀਤ ਹੁੰਦੀ ਹੈ- ਬਾਲ ਉਮਰੇ ਖੇਡਣ ਦੀ ਥਾਂ ਰੋਟੀ ਲਈ ਰੁਲਦੀਆਂ ਰੀਝਾਂ ਦੀ ਲਾਟ, ਸਹਿਕਦੇ ਸੁਪਨਿਆਂ ਅਤੇ ਸਧਰਾਂ ਦੀ ਲਾਟ, ਜੋ ਅਜਿਹੀਆਂ ਅਨੇਕਾਂ ਬਾਲੜੀਆਂ ਦੀ ਜ਼ਿੰਦਗੀ ਨਾਲ ਲੁਕਣ ਮੀਟੀ ਖੇਡਦੀ ਹੋਈ ਫਿਰ ਲਾਲ ਬੱਤੀ ਦਾ ਰੂਪ ਲਵੇਗੀ ਅਤੇ ਉਹ ਭੱਜ ਕੇ ਫਿਰ ਸੜਕ ’ਤੇ ਆ ਜਾਣਗੀਆਂ; ਤੇ ਜ਼ਿੰਦਗੀ ਦੀ ਦੌੜ ਲਈ ਪਤਾ ਨਹੀਂ ਕਦੋਂ ਤੱਕ ਭੱਜਦੀਆਂ ਰਹਿਣਗੀਆਂ। ਦੁਆ ਕਰਦਾ ਹਾਂ ਕਿ ਤਿਰੰਗਾ ਹੀ ਕੋਈ ਸਤਰੰਗੀ ਪੀਂਘ ਬਣ ਇਨ੍ਹਾਂ ਦੀਆਂ ਝੋਲੀਆਂ ਬੇਸ਼ੁਮਾਰ ਰੰਗਾਂ ਨਾਲ ਭਰ ਦੇਵੇ ਤੇ ਲਾਲ ਬੱਤੀ ਵਿੱਚ ਅਟਕੀ ਹੋਈ ਇਹ ਬਾਲ ਨਿਆਣੀ ਮੁਹਤਾਜ ਜ਼ਿੰਦਗੀ ਖੁਸ਼ੀਆਂ ਖੇੜਿਆਂ ਨਾਲ ਮਾਲੋਮਾਲ, ਆਬਾਦ ਹੋ ਜਾਵੇ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
Email: Preetisingh@ffig.com

FUTURITY FIRST
Retirement | Life | Health

**Futurity First Insurance Group**

---

**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525
**Ph: 847-562-5860 ext. 1003**
Fax: 847-897-2660

---

**Premium Truck & Trailer Tires**
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

**Hampshire Tires**
235 Industrial Dr., Hampshire, IL 60140
**Ph: 847-556-9996**
Email: info@hampshiretires.com www.hampshiretires.com

---

**SAKHI ATTIRE**



*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ

**Rupi Sidhu**
sakhi.attire
**Ph: 630-415-7389**
rupisidhu30@gmail.com